@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 18 August 2025

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸੋਮਵਾਰ 18 ਅਗਸਤ 2025, 3 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 278, qpatrika@gmail.com ਫੋਨ : 9971359517 www.qaumipatrika.org

## ਕਿਸ਼ਤਵਾੜ 'ਚ ਪਈ ਕੁਦਰਤ ਦੀ ਮਾਰ ਨੇ ਹੁਣ ਤੱਕ ਲਈਆਂ 60 ਜਾਨਾਂ, ਰਾਹਤ ਤੇ ਬਚਾਅ ਕਾਰਜ ਲਗਾਤਾਰ ਜਾਰੀ

ਨੈਸ਼ਨਲ ਡੈਸਕ 17 ਅਗਸਤ। ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਦੇ ਪਿੰਡ ਚਸ਼ੋਤੀ 'ਚ ਬੱਦਲ ਫਟਣ ਨਾਲ ਮਚੀ ਤਬਾਹੀ ਤੋਂ ਬਾਅਦ ਸ਼ਨੀਵਾਰ ਨੂੰ ਲਗਾਤਾਰ ਤੀਸਰੇ ਦਿਨ ਬਚਾਅ ਅਤੇ ਰਾਹਤ ਮੁਹਿੰਮ ਜਾਰੀ ਰਹੀ। ਕੁਦਰਤ ਦੀ ਇਸ ਕਰੋਪੀ ਕਾਰਨ ਇੱਥੇ ਹੁਣ ਤੱਕ 60 ਲੋਕਾਂ ਦੀ ਮੌਤ ਅਤੇ 100 ਤੋਂ ਵੱਧ ਲੋਕਾਂ ਦੇ ਜ਼ਖ਼ਮੀ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਜੰਮੂ-ਕਸ਼ਮੀਰ ਦੇ ਡੀ.ਜੀ.ਪੀ. (ਡਾਇਰੈਕਟਰ ਜਨਰਲ ਆਫ ਪੁਲਸ) ਨਲਿਨ ਪ੍ਰਭਾਤ ਨਾਲ ਸ਼ੁੱਕਰਵਾਰ ਦੇਰ ਰਾਤ ਆਫਤ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ ਅਤੇ ਬਚਾਅ ਅਤੇ ਰਾਹਤ ਕੰਮਾਂ ਦੀ ਸਮੀਖਿਆ ਕੀਤੀ। ਹੁਣ ਤੱਕ 46 ਮ੍ਰਿਤਕਾਂ ਦੀ ਸ਼ਨਾਖਤ ਹੋ ਚੁੱਕੀ ਹੈ ਅਤੇ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਨ ਤੋਂ ਬਾਅਦ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਇਸ ਦਰਮਿਆਨ 75 ਲੋਕਾਂ ਦੇ ਲਾਪਤਾ ਹੋਣ ਦੀ ਸੂਚਨਾ ਉਨ੍ਹਾਂ ਦੇ ਪਰਿਵਾਰਾਂ ਨੇ ਦਿੱਤੀ ਹੈ। ਸਥਾਨਕ ਲੋਕਾਂ ਅਤੇ ਚਸ਼ਮਦੀਦਾਂ ਦਾ ਕਹਿਣਾ ਹੈ ਕਿ ਅਚਾਨਕ ਆਏ ਹੜ੍ਹ 'ਚ ਸੈਂਕੜੇ ਲੋਕਾਂ ਦੇ ਰੁੜ੍ਹਣ ਅਤੇ ਵੱਡੇ-ਵੱਡੇ ਪੱਥਰਾਂ, ਲਕੜੀਆਂ ਅਤੇ ਮਲਬੇ ਦੇ ਹੇਠਾਂ ਦੱਬੇ ਜਾਣ ਦਾ ਖਦਸ਼ਾ ਹੈ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਸ ਘਟਨਾ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਕ ਮੈਂਬਰਾਂ ਨੂੰ 2-2 ਲੱਖ ਅਤੇ ਗੰਭੀਰ ਰੂਪ 'ਚ ਜ਼ਖ਼ਮੀ ਲੋਕਾਂ ਨੂੰ 1-1 ਲੱਖ ਦਾ ਐਕਸ-ਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ। ਜੰਮੂ-ਕਸ਼ਮੀਰ ਸਰਕਾਰ ਮਾਮੂਲੀ ਤੌਰ 'ਤੇ ਜ਼ਖ਼ਮੀ ਹੋਏ ਲੋਕਾਂ ਨੂੰ 50-50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਵੀ ਦੇਵੇਗੀ।

# ਦਿੱਲੀ ਦਾ ਹਰ ਨਾਗਰਿਕ ਦਿਲੋਂ ਮੋਦੀ ਜੀ ਦਾ ਧੰਨਵਾਦ ਕਰ ਰਿਹਾ ਹੈ: ਰੇਖਾ ਗੁਪਤਾ

ਕੌਮੀ ਪਤ੍ਰਿਕਾ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ, 17 ਅਗਸਤ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਦਿੱਲੀ ਦੇ ਲੋਕਾਂ ਨੂੰ ਵਿਕਾਸ ਦਾ ਇਤਿਹਾਸਕ ਤੋਹਫ਼ਾ ਦਿੱਤਾ। ਪ੍ਰਧਾਨ ਮੰਤਰੀ ਨੇ ਰੋਹਿਣੀ, ਸੈਕਟਰ-37 ਤੋਂ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ ਲਗਭਗ 11,000 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਦਵਾਰਕਾ ਐਕਸਪ੍ਰੈਸਵੇਅ ਅਤੇ ਅਰਬਨ ਐਕਸਟੈਂਸ਼ਨ ਰੋਡ-99 (UER-II) ਦੇ ਦਿੱਲੀ ਹਿੱਸੇ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ, ਦਿੱਲੀ ਦੀ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਅਤੇ ਉਨ੍ਹਾਂ ਦੀ ਅਗਵਾਈ ਦਾ ਧੰਨਵਾਦ ਕੀਤਾ ਅਤੇ ਦਿੱਲੀ ਦੇ ਲੋਕਾਂ ਵੱਲੋਂ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਇਹ ਦਿਨ ਸਿਰਫ਼ ਦਿੱਲੀ ਲਈ ਦੋ ਨਵੇਂ ਹਾਈਵੇਅ ਦੇ ਉਦਘਾਟਨ ਦਾ ਦਿਨ ਨਹੀਂ ਹੈ, ਸਗੋਂ ਇਹ ਸਤਿਕਾਰਯੋਗ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਜੀ ਦੀ ਦੂਰਦਰਸ਼ੀ ਅਗਵਾਈ ਅਤੇ ਵਿਕਾਸ ਲਈ ਦ੍ਰਿੜ ਇਰਾਦੇ ਦਾ ਜਿਉਂਦਾ ਜਾਗਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਸਤਿਕਾਰਯੋਗ ਪ੍ਰਧਾਨ ਮੰਤਰੀ ਜੀ, ਤੁਸੀਂ ਦਿੱਲੀ ਦੇ 2.5 ਕਰੋੜ ਲੋਕਾਂ ਨੂੰ ਜੋ ਤੋਹਫ਼ਾ ਦਿੱਤਾ ਹੈ ਉਹ ਸਿਰਫ਼ ਸੜਕਾਂ ਦਾ ਨੈੱਟਵਰਕ ਨਹੀਂ ਹੈ, ਸਗੋਂ ਦਿੱਲੀ ਦੀ ਗਤੀ ਅਤੇ ਦਿੱਲੀ ਦੇ ਭਵਿੱਖ ਦੀ ਨਵੀਂ



ਦਿਸ਼ਾ ਹੈ। ਤੁਸੀਂ ਸਾਬਤ ਕੀਤਾ ਹੈ ਕਿ ਰਾਸ਼ਟਰੀ ਹਿੱਤ ਤੁਹਾਡੇ ਲਈ ਸਭ ਤੋਂ ਉੱਪਰ ਹੈ ਅਤੇ ਰਾਜਨੀਤੀ ਤੋਂ ਉੱਪਰ ਉੱਠ ਕੇ, ਤੁਸੀਂ ਹਮੇਸ਼ਾ ਦਿੱਲੀ ਅਤੇ ਦੇਸ਼ ਦੀ ਸੇਵਾ ਕੀਤੀ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਆਪਣੇ ਵਿਚਾਰਾਂ ਵਿੱਚ ਪ੍ਰਧਾਨ ਮੰਤਰੀ ਨੂੰ 'ਵਿਕਾਸ ਪੁਰਸ਼' ਅਤੇ 'ਨਵੇਂ ਭਾਰਤ ਦਾ ਮਾਰਗ ਦਰਸ਼ਕ' ਕਿਹਾ ਅਤੇ ਕਿਹਾ ਕਿ ਸ਼੍ਰੀ ਮੋਦੀ ਜੀ ਨੇ ਅਸੰਭਵ ਨੂੰ ਸੰਭਵ ਬਣਾਉਣ ਦੀ ਆਪਣੀ ਅਦੁੱਤੀ ਯੋਗਤਾ ਨਾਲ ਭਾਰਤ ਨੂੰ ਵਿਸ਼ਵਾਸ ਅਤੇ ਮਾਣ ਨਾਲ ਭਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਜੀ ਦੇ ਹਰ ਫੈਸਲੇ ਵਿੱਚ ਹਰ ਨਾਗਰਿਕ ਅਤੇ ਹਰ ਰਾਜ ਦੀ ਬਰਾਬਰ ਭਾਗੀਦਾਰੀ ਹੁੰਦੀ ਹੈ। ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਰੇਖਾ ਗੁਪਤਾ ਨੇ ਇਹ ਵੀ ਜ਼ਿਕਰ ਕੀਤਾ ਕਿ ਪਿਛਲੀਆਂ ਸਰਕਾਰਾਂ ਨੇ ਦਿੱਲੀ ਨਾਲ ਵਾਰ-ਵਾਰ ਧੋਖਾ ਕੀਤਾ ਅਤੇ ਸੌੜੀ ਰਾਜਨੀਤੀ ਕਾਰਨ, ਕੇਂਦਰ ਵੱਲੋਂ ਦਿੱਤੀਆਂ ਗਈਆਂ ਯੋਜਨਾਵਾਂ ਅਤੇ ਸਹਾਇਤਾ ਦਾ ਲਾਭ ਲੋਕਾਂ ਤੱਕ ਨਹੀਂ ਪਹੁੰਚਿਆ। ਆਯੁਸ਼ਮਾਨ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਸਵੱਛ ਭਾਰਤ ਮਿਸ਼ਨ ਵਰਗੀਆਂ ਕਈ ਯੋਜਨਾਵਾਂ ਦਿੱਲੀ ਦੇ ਲੋਕਾਂ ਨੂੰ ਨਹੀਂ ਮਿਲ ਸਕੀਆਂ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਸੌੜੇ ਸਵਾਰਥਾਂ ਲਈ ਲੋਕਾਂ ਤੋਂ ਮੂੰਹ ਮੋੜਿਆ ਅਤੇ ਜਾਣਬੁੱਝ ਕੇ ਵਿਕਾਸ ਨੂੰ ਰੋਕਿਆ। ਪਰ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਜੀ ਨੇ ਕਦੇ ਵੀ ਦਿੱਲੀ ਤੋਂ ਮੂੰਹ ਨਹੀਂ ਮੋੜਿਆ। ਤੁਸੀਂ ਕਦੇ ਵੀ ਵਿਤਕਰਾ ਨਹੀਂ ਕੀਤਾ, ਨਾ ਹੀ ਕਦੇ ਕਿਸੇ ਦਬਾਅ ਵਿੱਚ ਆਏ। ਤੁਸੀਂ ਵਾਰ-ਵਾਰ ਸਾਬਤ ਕੀਤਾ ਹੈ ਕਿ ਦਿੱਲੀ ਭਾਰਤ ਦੀ ਧੜਕਣ ਹੈ। ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਵਿਸਥਾਰ ਵਿੱਚ ਦੱਸਿਆ ਕਿ ਕਿਵੇਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਪਿਛਲੇ ਦਸ ਸਾਲਾਂ ਵਿੱਚ ਦਿੱਲੀ ਨੂੰ ਬੇਮਿਸਾਲ ਸਹਾਇਤਾ ਮਿਲੀ ਹੈ। ਮੁੱਖ ਮੰਤਰੀ ਨੇ ਅਫਸੋਸ ਪ੍ਰਗਟ ਕੀਤਾ ਕਿ ਪਿਛਲੀ ਸਰਕਾਰ ਵੱਲੋਂ ਇਹਨਾਂ ਯੋਜਨਾਵਾਂ ਅਤੇ ਸਹਾਇਤਾ ਨੂੰ ਕਦੇ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ, ਪਰ ਕੇਂਦਰ ਸਰਕਾਰ ਦਾ ਇਹ ਯੋਗਦਾਨ ਅਜੇ ਵੀ ਦਿੱਲੀ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਇਤਿਹਾਸਕ ਭੂਮਿਕਾ ਨਿਭਾ ਰਿਹਾ ਹੈ। ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਜੀ ਦੀ ਅਗਵਾਈ ਹੇਠ, ਦਿੱਲੀ ਨੇ ਵਿਕਾਸ ਦੀਆਂ ਨਵੀਆਂ ਉਚਾਈਆਂ ਨੂੰ ਛੂਹਿਆ ਹੈ। ਭਾਰਤ ਮੰਡਪਮ ਅਤੇ ਯਸ਼ੋਭੂਮੀ ਵਰਗੇ ਅੰਤਰਰਾਸ਼ਟਰੀ ਸੰਮੇਲਨ ਕੇਂਦਰ, ਬਿਜਵਾਸਨ ਰੇਲਵੇ ਸਟੇਸ਼ਨ ਦਾ ਆਧੁਨਿਕ ਪੁਨਰ ਨਿਰਮਾਣ, ਮੈਟਰੋ ਦੇ ਨਵੇਂ ਪੜਾਅ, ਨਵੀਆਂ ਸੜਕਾਂ ਅਤੇ ਉਦਯੋਗਿਕ ਸੰਪਰਕ ਨੇ ਰਾਜਧਾਨੀ ਨੂੰ ਵਿਸ਼ਵ ਪੱਧਰ 'ਤੇ ਇੱਕ ਮਜ਼ਬੂਤ ਪਛਾਣ ਦਿੱਤੀ ਹੈ।

Contd.............. page-3

## ਇਤਿਹਾਸਕ ਪਲ ! ਰਾਸ਼ਟਰਪਤੀ ਮੁਰਮੂ ਤੇ ਭਾਰਤੀ ਫੌਜ ਦੇ ਜਜਬੇ ਨੂੰ ਸਲਾਮ

ਕੌਮੀ ਪਤ੍ਰਿਕਾ

ਬਿਜਨੈੱਸ ਡੈਸਕ 17 ਅਗਸਤ। ਭਾਰਤ ਦੇਸ਼ ਨੇ ਬੀਤੇ ਸ਼ੁੱਕਰਵਾਰ ਨੂੰ ਆਜਾਦੀ ਦੇ 78ਵੇਂ ਸਾਲ ਦਾ ਜਸ਼ਨ ਮਨਾਇਆ ਹੈ। ਦੇਸ ਭਰ ਦੇ ਨੇਤਾਵਾਂ ਨੇ ਰਾਸਟਰੀ ਝੰਡਾ ਲਹਿਰਾਇਆ ਅਤੇ ਵੱਖ-ਵੱਖ ਥਾਵਾਂ 'ਤੇ ਸ਼ਹੀਦਾਂ ਨੂੰ ਸਰਧਾਂਜਲੀਆਂ ਭੇਟ



ਕੀਤੀਆਂ। ਰਾਸਟਰਪਤੀ ਦ੍ਰੋਪਦੀ ਮੁਰਮੂ ਨੇ ਵੀ ਦੇਸ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਫੌਜੀਆਂ ਨੂੰ ਸਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਦਿੱਲੀ ਵਿੱਚ ਰਾਸਟਰੀ ਯੁੱਧ ਸਮਾਰਕ 'ਤੇ ਫੁੱਲਮਾਲਾ ਭੇਟ ਕੀਤੀ। ਉਨ੍ਹਾਂ ਦੇ ਨਾਲ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਨਾਲ ਚੋਟੀ ਦੇ ਫੌਜੀ ਨੇਤਾ ਵੀ ਮੌਜੂਦ ਸਨ। ਇਸ ਪਲ ਦੀਆਂ ਤਸਵੀਰਾਂ ਸੋਸਲ ਮੀਡੀਆ 'ਤੇ ਵਾਇਰਲ ਹੋ ਗਈਆਂ ਹਨ, ਜਿਸ ਵਿੱਚ ਕਈਆਂ ਨੇ ਨੋਟ ਕੀਤਾ ਹੈ ਕਿ ਇਹ ਸਮਾਰੋਹ ਰਾਸਟਰੀ ਰਾਜਧਾਨੀ ਵਿੱਚ ਮੀਂਹ ਦੇ ਵਿਚਕਾਰ ਸੰਪਨ ਹੋਇਆ ਸੀ। ਜੰਗੀ ਯਾਦਗਾਰ 'ਤੇ ਲਗਾਤਾਰ ਹੋ ਰਹੀ ਬਾਰਿਸ ਵਿਚਕਾਰ, ਭਾਰਤ ਦੇ ਰਾਸਟਰਪਤੀ ਦਰੋਪਦੀ ਮੁਰਮੂ- ਹਥਿਆਰਬੰਦ ਸੈਨਾਵਾਂ ਦੇ ਕਮਾਂਡਰ-ਇਨ-ਚੀਫ - ਤਿੰਨਾਂ ਸੇਵਾ ਮੁਖੀਆਂ ਅਤੇ ਫੌਜੀ ਟੁਕੜੀ ਦੇ ਨਾਲ-ਨਾਲ ਸਰਧਾਂਜਲੀ ਸਮਾਰੋਹ ਲਈ ਖੜ੍ਹੇ ਸਨ। ਭਾਰੀ ਮੀਂਹ ਨਾਲ ਭਿੱਜੀਆਂ ਵਰਦੀਆਂ, ਠੰਢੀਆਂ ਹਵਾਵਾਂ ਪਲ ਦੀ ਗੰਭੀਰਤਾ ਨੂੰ ਘੱਟ ਨਹੀਂ ਕਰ ਸਕਿਆ। ਰਾਸਟਰਪਤੀ ਦੇ ਨਾਲ ਚੀਫ ਆਫ ਡਿਫੈਂਸ ਸਟਾਫ ਅਨਿਲ ਚੌਹਾਨ, ਚੀਫ ਆਫ ਏਅਰ ਸਟਾਫ ਅਮਰ ਪ੍ਰੀਤ ਸਿੰਘ, ਚੀਫ ਆਫ ਆਰਮੀ ਸਟਾਫ ਜਨਰਲ ਉਪੇਂਦਰ ਦਿਵੇਦੀ ਅਤੇ ਚੀਫ ਆਫ ਨੇਵਲ ਸਟਾਫ ਐਡਮਿਰਲ ਦਿਨੇਸ ਤ੍ਰਿਪਾਠੀ ਵੀ ਸਨ, ਜਿਨ੍ਹਾਂ ਵਿੱਚੋਂ ਪੰਜ ਜਣੇ ਭਾਰੀ ਮੀਂਹ ਵਿੱਚ ਭਿੱਜਦੇ ਹੋਏ ਸਮਾਰਕ ਵੱਲ ਮਾਰਚ ਕਰ ਰਹੇ ਸਨ। ਦੋ ਮਹਿਲਾ ਹਵਾਈ ਸੈਨਾ ਅਧਿਕਾਰੀ ਵੀ ਮੌਜੂਦ ਸਨ। ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਕੇਂਦਰੀ ਰੱਖਿਆ ਰਾਜ ਮੰਤਰੀ ਸੰਜੇ ਸੇਠ ਵੀ ਸਮਾਰਕ 'ਤੇ ਮੌਜੂਦ ਸਨ। 1. " ਮਾਣਯੋਗ ਰਾਸਟਰਪਤੀ ਨੂੰ ਇੰਨੀ ਭਾਰੀ ਬਾਰਿਸ ਹੇਠ ਖੜ੍ਹੇ ਸਹੀਦਾਂ ਨੂੰ ਸਲਾਮ ਕਰਦੇ ਹੋਏ ਦੇਖ ਕੇ। ਬਹੁਤ ਵਾਰੀ ਸਲਾਮ" । 2. ਇਕ ਹੋਰ ਯੂਜਰ ਨੇ ਲਿਖਿਆ "ਕੋਈ ਕਵਰ ਨਹੀਂ, ਕੋਈ ਛੱਤਰੀ ਨਹੀਂ ਹਰ ਕੋਈ ਮਾਣ ਅਤੇ ਸਨਮਾਨ ਦੇ ਸੁਭ ਦਿਨ ਵਿੱਚ ਭਿੱਜਣਾ ਚਾਹੁੰਦਾ ਹੈ। ਸਾਡੇ ਸਾਰੇ ਆਜਾਦੀ ਘੁਲਾਟੀਆਂ, ਸੈਨਿਕਾਂ, ਨਾਗਰਿਕਾਂ ਅਤੇ ਇਸ ਸੰਘਰਸ ਦਾ ਹਿੱਸਾ ਰਹੇ ਹਰ ਕਿਸੇ ਨੂੰ ਯਾਦ ਕਰਦੇ ਹੋਏ। ਅਸੀਂ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਅਤੇ ਰਾਸਟਰ ਨਿਰਮਾਣ ਵਿੱਚ ਮਦਦ ਕਰਨ ਦੀ ਉਮੀਦ ਕਰਦੇ ਹਾਂ।"

## 'ਹਲ਼ਫ਼ਨਾਮਾ ਦਿਓ ਜਾਂ ਮੰਗੋ ਮੁਆਫ਼ੀ... !' ਰਾਹੁਲ ਗਾਂਧੀ ਦੇ ਇਲਜ਼ਾਮਾਂ 'ਤੇ ਚੋਣ ਕਮਿਸ਼ਨ ਦਾ ਵੱਡਾ ਬਿਆਨ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 17 ਅਗਸਤ। ਬੀਤੇ ਕਾਫ਼ੀ ਦਿਨਾਂ ਤੋਂ ਬਿਹਾਰ ਵੋਟਰ ਸੂਚੀ ਤੇ SIR ਦਾ ਮੁੱਦਾ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦੌਰਾਨ ਰਾਹੁਲ ਗਾਂਧੀ ਵੱਲੋਂ ਚੋਣ ਕਮਿਸ਼ਨ 'ਤੇ ਭਾਜਪਾ ਨਾਲ ਮਿਲੀਭੁਗਤ ਤੇ ਵੋਟ ਚੋਰੀ ਵਰਗੇ ਗੰਭੀਰ ਇਲਜ਼ਾਮ ਵੀ ਲਗਾਏ ਗਏ ਹਨ। ਇਸ ਮਾਮਲੇ 'ਚ ਅੱਜ ਚੋਣ ਕਮਿਸ਼ਨ ਨੇ ਇਕ ਪ੍ਰੈੱਸ ਕਾਨਫਰੰਸ ਕੀਤੀ ਤੇ ਇਨ੍ਹਾਂ ਸਭ ਸਵਾਲਾਂ ਦਾ ਜਵਾਬ ਦਿੱਤਾ। ਚੋਣ ਕਮਿਸ਼ਨ ਵੱਲੋਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਇਨ੍ਹਾਂ ਚਰਚਾਵਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਚੋਣ ਕਮਿਸ਼ਨ ਨਿਰਪੱਖ ਰਹਿ ਕੇ ਸਭ ਤਰ੍ਹਾਂ ਦੀ ਚੋਣ ਕਾਰਵਾਈ ਕਰਦੀ ਹੈ ਤੇ ਕਿਸੇ ਵੀ ਪਾਰਟੀ ਨਾਲ ਕਿਸੇ ਤਰ੍ਹਾਂ ਦਾ ਪੱਖਪਾਤ ਨਹੀਂ ਕੀਤਾ ਜਾਂਦਾ। ਉਨ੍ਹਾਂ ਅੱਗੇ ਰਾਹੁਲ ਗਾਂਧੀ ਦੇ ਉਸ ਬਿਆਨ ਦਾ ਵੀ ਖੰਡਨ ਕੀਤਾ, ਜਿਸ 'ਚ ਉਨ੍ਹਾਂ ਨੇ ਚੋਣ ਕਮਿਸ਼ਨ 'ਤੇ 'ਵੋਟ ਚੋਰੀ' ਦਾ ਇਲਜ਼ਾਮ ਲਗਾਇਆ ਸੀ। ਰਾਹੁਲ ਗਾਂਧੀ ਵੱਲੋਂ ਲਗਾਏ ਗਏ ਇਨ੍ਹਾਂ ਬਿਆਨਾਂ 'ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਭ ਇਲਜ਼ਾਮ ਬੇਬੁਨਿਆਦ ਹਨ। ਉਨ੍ਹਾਂ ਨੇ ਬਿਨਾਂ ਨਾਂ ਲਏ ਅਜਿਹੇ ਝੂਠੇ ਇਲਜ਼ਾਮ ਲਗਾਉਣ ਵਾਲਿਆਂ ਨੂੰ ਦੇਸ਼ ਤੋਂ ਮੁਆਫ਼ੀ ਮੰਗਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਦੁਨੀਆਭਰ 'ਚ ਸਭ ਤੋਂ ਜ਼ਿਆਦਾ ਵੋਟਰ ਭਾਰਤ 'ਚ ਹਨ ਤੇ ਸਭ ਤੋਂ ਜ਼ਿਆਦਾ ਚੋਣ ਕਰਮਚਾਰੀ ਵੀ ਭਾਰਤ 'ਚ ਹੀ ਹਨ। ਇਸ ਦੇ ਬਾਵਜੂਦ ਕੁਝ ਲੋਕਾਂ ਵੱਲੋਂ ਇਲਜ਼ਾਮ ਲਗਾਏ ਜਾ ਰਹੇ ਹਨ ਕਿ ਕੁਝ ਲੋਕਾਂ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਦੋ ਵਾਰ ਵੋਟਿੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਇਲਜ਼ਾਮ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਇਲਜ਼ਾਮ ਲਗਾਉਣ ਵਾਲੇ ਜਾਂ ਤਾਂ ਹਲ਼ਫ਼ਨਾਮਾ ਦਾਇਰ ਕਰਨ, ਜਾਂ ਫ਼?ਰ ਚੋਣ ਕਮਿਸ਼ਨ 'ਤੇ ਝੂਠੇ ਇਲਜ਼ਾਮ ਲਗਾਉਣ ਲਈ





ਦੇਸ਼ ਤੋਂ ਮੁਆਫ਼ੀ ਮੰਗਣ। ਇਸ ਮਾਮਲੇ 'ਚ ਉਨ੍ਹਾਂ ਕੋਲ ਕੋਈ ਤੀਜਾ ਵਿਕਲਪ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਹਲ਼ਫ਼ਨਾਮਾ 7 ਦਿਨਾਂ ਦੇ ਅੰਦਰ ਪ੍ਰਾਪਤ ਨਹੀਂ ਹੁੰਦਾ ਤਾਂ ਇਸ ਦਾ ਮਤਲਬ ਹੈ ਕਿ ਇਹ ਸਾਰੇ ਦੋਸ਼ ਬੇਬੁਨਿਆਦ ਹਨ।

## 'ਵਿਆਹ ਦੇ ਝਾਂਸੇ 'ਚ ਬਣਾਏ ਸਰੀਰਕ ਸਬੰਧ ਜਬਰ ਜਨਾਹ...', HC ਨੇ ਪਲਟਿਆ ਹੇਠਲੀ ਅਦਾਲਤ ਦਾ ਫ਼ੈਸਲਾ

ਨਵੀਂ ਦਿੱਲੀ 17 ਅਗਸਤ। ਦਿੱਲੀ ਹਾਈ ਕੋਰਟ ਨੇ ਇੱਕ ਜੋੜੇ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਵੱਡਾ ਫ਼ੈਸਲਾ ਕੀਤਾ ਹੈ। ਸੁਪਰੀਮ ਕੋਰਟ ਨੇ ਇਕ ਜੋੜੇ ਦੀ ਪਟੀਸ਼ਨ 'ਤੇ ਬਿਆਨ ਦਿੱਤਾ ਕਿ ਵਿਆਹ ਦਾ ਵਾਅਦਾ ਕਰਕੇ ਕਿਸੇ ਕੁੜੀ ਨਾਲ ਸਰੀਰਕ ਸਬੰਧ ਬਣਾਉਣਾ ਬਲਾਤਕਾਰ ਹੈ। ਇਸ ਸਬੰਧ ਵਿਚ ਅਦਾਲਤ ਨੇ ਦੋਸ਼ੀ ਨੂੰ ਦੋਸ਼ੀ ਕਰਾਰ ਕਰ ਦਿੱਤਾ। ਹਾਈ ਕੋਰਟ ਦੇ ਜਸਟਿਸ ਸਵਰਨ ਕਾਂਤ ਸ਼ਰਮਾ ਦੀ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ ਕੀਤੀ। ਕੋਰਟ ਅਨੁਸਾਰ ਜੇਕਰ ਦੋਸ਼ੀ ਨੂੰ ਇਸ ਗੱਲ ਬਾਰੇ ਜਾਣਕਾਰੀ ਹੈ ਕਿ ਉਸ ਦਾ ਵਿਆਹ ਹੋਣਾ ਕਿਸੇ ਵੀ ਹਾਲਾਤ ਵਿੱਚ ਅਸੰਭਵ ਨਹੀਂ ਤੇ ਉਹ ਉਸ ਦੇ ਬਾਵਜੂਦ ਕੁੜੀ ਨਾਲ ਸਰੀਰਕ ਸਬੰਧ ਬਣਾਉਂਦਾ ਹੈ ਤਾਂ ਇਸਨੂੰ ਅਪਰਾਧ ਮੰਨਿਆ ਜਾਵੇਗਾ। ਦੱਸ ਦੇਈਏ ਕਿ ਬੈਂਚ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਪਲਟ ਦਿੱਤਾ ਅਤੇ ਕਿਹਾ, ਸਿਰਫ਼ ਜਿਨਸੀ ਇੱਛਾ ਪੂਰੀ ਕਰਨ ਲਈ ਪੀੜਤ ਨਾਲ ਅਜਿਹਾ ਵਾਅਦਾ ਕਰਨਾ ਅਪਰਾਧ ਹੈ। ਅਜਿਹੇ ਮਾਮਲੇ ਬਲਾਤਕਾਰ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਜ਼ਿਕਰਯੋਗ ਹੈ ਕਿ ਇੱਕ ਔਰਤ ਨੇ ਆਪਣੇ ਪ੍ਰੇਮੀ 'ਤੇ ਵਿਆਹ ਦੇ ਝੂਠੇ ਵਾਅਦੇ ਕਰਕੇ ਉਸ ਨਾਲ ਸਰੀਰਕ ਸਬੰਧ ਬਣਾਉਣ ਦਾ ਦੋਸ਼ ਲਗਾਇਆ, ਇਸ ਮਾਮਲੇ ਦੇ ਸਬੰਧ ਵਿਚ ਦਿੱਲੀ ਪੁਲਸ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ, ਜਿਸ ਵਿੱਚ ਦੋਸ਼ੀ ਨੂੰ ਬਰੀ ਕਰ ਦਿੱਤਾ ਗਿਆ ਸੀ। ਦੋਸ਼ੀ ਨੂੰ ਇਸ ਕਰਕੇ ਬਰੀ ਕੀਤਾ, ਕਿਉਂਕਿ ਕੋਈ ਸਬੂਤ ਨਹੀਂ ਸਨ। ਅਦਾਲਤ ਮੁਤਾਬਕ ਔਰਤ ਨੇ ਘਟਨਾ ਤੋਂ ਢਾਈ ਸਾਲ ਬਾਅਦ ਆਪਣੇ ਪ੍ਰੇਮੀ ਖ਼?ਲਾਫ਼ ਐਫਆਈਆਰ ਦਰਜ ਕਰਵਾਈ। ਜੇਕਰ ਕੁਝ ਅਜਿਹਾ ਸੀ ਤਾਂ ਪੀੜਤ ਔਰਤ ਨੂੰ ਉਸੇ ਸਮੇਂ ਸ਼ਿਕਾਇਤ ਦਰਜ ਕਰਵਾਉਣੀ ਚਾਹੀਦੀ ਸੀ।

## ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਕਾਰਵਾਈ, 10,000 ਵਾਹਨਾਂ 'ਤੇ ਠੋਕਿਆ 1 ਕਰੋੜ ਰੁਪਏ ਦਾ ਜੁਰਮਾਨਾ

ਨੈਸ਼ਨਲ ਡੈਸਕ 17 ਅਗਸਤ। ਮੁੰਬਈ ਪੁਲਸ ਨੇ ਦਹੀ ਹਾਂਡੀ ਸਮਾਗਮ ਦੌਰਾਨ ਮਹਾਨਗਰ 'ਚ ਟ?ਰੈਫਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ 10,000 ਤੋਂ ਵੱਧ ਵਾਹਨਾਂ 'ਤੇ ਇੱਕ ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ ਲਗਾਇਆ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਜਨਮ ਅਸ਼ਟਮੀ ਦੇ ਮੌਕੇ 'ਤੇ ਆਯੋਜਿਤ ਇਹ ਤਿਉਹਾਰ ਸ਼ਨੀਵਾਰ ਨੂੰ ਮਨਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਅਤੇ ਔਰਤਾਂ ਦੇ ਸਮੂਹਾਂ ਨੇ ਮਨੁੱਖੀ ਪਿਰਾਮਿਡ ਬਣਾਏ ਤੇ ਹਵਾ ਵਿੱਚ ਲਟਕਦੀ ਦਹੀ ਹਾਂਡੀ ਨੂੰ ਰੱਸੀਆਂ ਨਾਲ ਤੋੜ ਦਿੱਤਾ। ਤਿਉਹਾਰ ਦੌਰਾਨ ਬਹੁਤ ਸਾਰੇ ਲੋਕ ਦੋਪਹੀਆ ਵਾਹਨਾਂ ਅਤੇ ਹੋਰ ਵਾਹਨਾਂ 'ਤੇ ਸਮੂਹਾਂ ਵਿੱਚ ਪਹੁੰਚੇ। ਸਥਾਨਕ ਪੁਲਸ ਦੇ ਸਹਿਯੋਗ ਨਾਲ ਵਾਹਨਾਂ ਦੀ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਸੜਕਾਂ 'ਤੇ ਤਾਇਨਾਤ ਮੁੰਬਈ ਟ?ਰੈਫਿਕ ਪੁਲਸ ਨੇ ਤਿਉਹਾਰ ਦੌਰਾਨ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਤੇ ਜੁਰਮਾਨੇ ਲਗਾਏ। ਇੱਕ



ਅਧਿਕਾਰੀ ਨੇ ਦੱਸਿਆ ਕਿ ਕੁੱਲ 10,051 ਈ-ਚਲਾਨ 1,13,57,250 ਰੁਪਏ ਦੇ ਜੁਰਮਾਨੇ ਲਈ ਜਾਰੀ ਕੀਤੇ ਗਏ। ਇਹ ਚਲਾਨ ਬਿਨਾਂ ਹੈਲਮੇਟ ਦੇ ਯਾਤਰਾ ਕਰਨ, ਗਲਤ ਲੇਨ ਵਿੱਚ ਗੱਡੀ ਚਲਾਉਣ, ਦੋਪਹੀਆ ਵਾਹਨ 'ਤੇ ਤਿੰਨ ਲੋਕਾਂ ਨਾਲ ਯਾਤਰਾ ਕਰਨ ਅਤੇ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣ ਲਈ ਜਾਰੀ ਕੀਤੇ ਗਏ ਹਨ। ਅਧਿਕਾਰੀ ਨੇ ਕਿਹਾ ਕਿ ਵੱਖ-ਵੱਖ ਖੇਤਰਾਂ ਦੇ ਸੀਸੀਟੀਵੀ ਫੁਟੇਜ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਅਤੇ ਜੇਕਰ ਉਲੰਘਣਾਵਾਂ ਪਾਈਆਂ ਗਈਆਂ ਤਾਂ ਹੋਰ ਈ-ਚਲਾਨ ਜਾਰੀ ਕੀਤੇ ਜਾਣਗੇ।

## ਸਰਨਾ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਤਰਨਤਾਰਨ ਜ਼ਿਮਨੀ ਚੋਣ ਲੜਨ ਦੀ ਦਿੱਤੀ ਚੁਣੌਤੀ

ਨਵੀਂ ਦਿੱਲੀ 17 ਅਗਸਤ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਤਰਨਤਾਰਨ ਤੋਂ ਜ਼ਿਮਨੀ ਚੋਣ ਲੜਨ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਸਿਆਸਤ ਦਾ ਸਵਾਦ ਚੱਖਣਾ ਹੈ ਤਾਂ ਉਹ ਤਰਨਤਾਰਨ ਦੀ ਜ਼ਿਮਨੀ ਚੋਣ ਲੜਨ। ਉਨ੍ਹਾਂ ਕਿਹਾ ਕਿ ਤਰਨਤਾਰਨ ਅਜਿਹਾ ਹਲਕਾ ਹੈ, ਜਿਸ ਨੂੰ ਪੰਥਕ ਸੀਟ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਗਿਆਨੀ ਹਰਪ੍ਰੀਤ ਸਿੰਘ ਨੇ ਕੋਈ ਵੀ ਸਿਆਸੀ ਚੋਣ ਲੜਨ ਤੋਂ ਇਨਕਾਰ ਕੀਤਾ ਹੈ



ਪਰ ਇਸ ਪਿੱਛੇ ਵੀ ਉਨ੍ਹਾਂ ਦੀ ਸਿਆਸਤ ਝਲਕਦੀ ਹੈ ਕਿਉਂਕਿ ਉਹ ਜਾਣਦੇ ਸਨ ਕਿ ਪਾਰਟੀ ਦੇ ਸਿਰ 'ਤੇ ਜ਼ਿਮਨੀ ਚੋਣ ਆ ਖੜ੍ਹੀ ਹੈ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਇਸ ਜ਼ਿਮਨੀ ਚੋਣ ਲਈ ਪਾਰਟੀ ਦੇ ਨੁਮਾਇੰਦੇ ਉਨ੍ਹਾਂ ਦਾ ਨਾਂ ਪੇਸ਼ ਕਰ ਸਕਦੇ ਹਨ, ਜਿਸ ਲਈ ਗਿਆਨੀ ਹਰਪ੍ਰੀਤ ਸਿੰਘ ਨੇ ਸਿਆਸਤ ਖੇਡਦਿਆਂ ਕੋਈ ਵੀ ਸਿਆਸੀ ਚੋਣ ਲੜਨ ਤੋਂ ਆਪਣੇ-ਆਪ ਨੂੰ ਲਾਂਭੇ ਰੱਖਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਤਰਨਤਾਰਨ ਦੀ ਜ਼ਿਮਨੀ ਚੋਣ ਲੜ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨਾ ਚਾਹੀਦਾ ਹੈ।

## ਬਿਹਾਰ 'ਚ ਵੋਟਾਂ ਚੋਰੀ ਕਰਨ ਦੀ ਸਾਜ਼ਿਸ਼ ਪਰ ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ: ਰਾਹੁਲ

ਕੌਮੀ ਪਤ੍ਰਿਕਾ

ਸਾਸਾਰਾਮ 17 ਅਗਸਤ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਦੋਸ਼ ਲਗਾਇਆ ਕਿ ਬਿਹਾਰ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਸੋਧ (SIR) ਰਾਹੀਂ ਚੋਣਾਂ ਚੋਰੀ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ਪਰ ਵਿਰੋਧੀ ਧਿਰ ਅਜਿਹਾ ਨਹੀਂ ਹੋਣ ਦੇਵੇਗੀ। ਸਾਬਕਾ ਕਾਂਗਰਸ ਪ੍ਰਧਾਨ ਨੇ 'ਵੋਟਰ ਅਧਿਕਾਰ ਯਾਤਰਾ' ਦੀ ਸ਼ੁਰੂਆਤ ਤੋਂ ਪਹਿਲਾਂ ਹੋਈ ਇੱਕ ਮੀਟਿੰਗ ਵਿੱਚ ਇਹ ਵੀ ਦਾਅਵਾ ਕੀਤਾ ਕਿ ਹੁਣ ਸਾਰਿਆਂ ਨੂੰ ਪਤਾ ਲੱਗ ਗਿਆ ਹੈ ਕਿ ਪੂਰੇ ਦੇਸ਼ ਵਿੱਚ ਵੋਟ ਦੀ ਚੋਰੀ ਕੀਤੀ ਜਾ ਰਹੀ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਇਹ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਹੈ। ਇਸ ਦੌਰਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਸੰਵਿਧਾਨ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੇ ਫਿਰ ਮਹਾਰਾਸ਼ਟਰ ਵਿੱਚ ਵੋਟਰਾਂ ਦੀ ਗਿਣਤੀ ਵਿੱਚ ਵਾਧੇ ਦਾ ਜ਼ਿਕਰ ਕੀਤਾ ਅਤੇ ਦਾਅਵਾ ਕੀਤਾ ਕਿ ਸਾਰੇ ਨਵੇਂ ਵੋਟਰਾਂ ਨੇ ਭਾਜਪਾ ਨੂੰ ਵੋਟ ਦਿੱਤੀ। ਰਾਹੁਲ ਗਾਂਧੀ ਨੇ ਕਿਹਾ ਕਿ ਇਸ ਤੋਂ ਬਾਅਦ ਬੰਗਲੁਰੂ ਦੀ ਮਹਾਦੇਵਪੁਰਾ ਸੀਟ 'ਤੇ ਵੋਟਰ ਸੂਚੀ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ। ਉਨ੍ਹਾਂ ਦਾਅਵਾ ਕੀਤਾ ਕਿ SIR ਰਾਹੀਂ ਵੋਟਰ ਸੂਚੀ ਵਿੱਚੋਂ ਨਾਮ ਜੋੜ ਕੇ



ਅਤੇ ਹਟਾ ਕੇ ਚੋਣ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਸ ਸਾਜ਼ਿਸ਼ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਕਾਂਗਰਸ ਨੇਤਾ ਨੇ ਕਿਹਾ, ਜਿੱਥੇ ਵੀ ਵੋਟ ਦੀ ਚੋਰੀ ਹੋ ਰਹੀ, ਉਥੇ ਅਸੀਂ ਇਹ ਚੋਰੀ ਫੜਾਂਗੇ ਅਤੇ ਜਨਤਾ ਨੂੰ ਦੱਸਾਂਗੇ। ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਬਾਅ ਹੇਠ ਜਾਤੀ ਜਨਗਣਨਾ ਕਰਵਾਉਣ ਦੀ ਗੱਲ ਕੀਤੀ ਸੀ ਪਰ ਇਹ ਜਾਣਿਆ ਜਾਂਦਾ ਹੈ ਕਿ ਉਹ ਅਸਲ ਜਾਤੀ ਜਨਗਣਨਾ ਨਹੀਂ ਕਰਵਾਉਣਗੇ। ਇਸ ਮੀਟਿੰਗ ਵਿੱਚ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ, ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ, ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ, ਵਿਕਾਸਸ਼ੀਲ ਇਨਸਾਨ ਪਾਰਟੀ ਦੇ ਮੁਖੀ ਮੁਕੇਸ਼ ਸਾਹਨੀ ਅਤੇ ਮਹਾਂਗਠਜੋੜ ਦੇ ਕਈ ਹੋਰ ਆਗੂ ਸ਼ਾਮਲ ਹੋਏ। ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ (SAIR) ਦਾ ਮੁੱਦਾ ਵੀ ਯਾਤਰਾ ਵਿੱਚ ਉਠਾਇਆ ਜਾਵੇਗਾ। ਇਸ ਯਾਤਰਾ ਵਿੱਚ 16 ਦਿਨਾਂ ਵਿੱਚ 20 ਤੋਂ ਵੱਧ ਜ਼ਿਲ੍ਹਿਆਂ ਵਿੱਚ ਕੁੱਲ 1,300 ਕਿਲੋਮੀਟਰ ਦੀ ਦੂਰੀ ਤੈਅ ਕੀਤੀ ਜਾਵੇਗੀ। ਰਾਹੁਲ ਗਾਂਧੀ ਇਸ ਯਾਤਰਾ ਦੌਰਾਨ ਵੱਖ-ਵੱਖ ਥਾਵਾਂ 'ਤੇ ਪਦਯਾਤਰਾ ਵੀ ਕਰਨਗੇ। ਸਾਸਾਰਾਮ ਤੋਂ ਸ਼ੁਰੂ ਹੋ ਰਹੀ ਇਹ ਯਾਤਰਾ 1 ਸਤੰਬਰ ਨੂੰ ਪਟਨਾ ਦੇ ਇਤਿਹਾਸਕ ਗਾਂਧੀ ਮੈਦਾਨ ਵਿੱਚ 'ਵੋਟਰ ਅਧਿਕਾਰ ਰੈਲੀ' ਨਾਲ ਸਮਾਪਤ ਹੋਵੇਗੀ। 'ਇੰਡੀਆ' ਗਠਜੋੜ ਦੇ ਰਾਸ਼ਟਰੀ ਪੱਧਰ ਦੇ ਨੇਤਾ ਇਸ ਜਨਤਕ ਮੀਟਿੰਗ ਵਿੱਚ ਹਿੱਸਾ ਲੈਣਗੇ।

## ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਬਿਹਤਰੀਨ ਸੇਵਾਵਾਂ ਬਦਲੇ ਡਾਕਟਰਾਂ ਨੂੰ ਮਿਲਿਆ ਸਨਮਾਨ

ਤਪਾ ਮੰਡੀ 17 ਅਗਸਤ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਸਿਵਲ ਸਰਜਨ ਡਾ. ਬਲਜੀਤ ਸਿੰਘ ਦੀ ਅਗਵਾਈ ਹੇਠ ਸਬ ਡਵੀਜ਼ਨਲ ਹਸਪਤਾਲ ਤਪਾ ਨੇ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਮਰੀਜ਼ਾਂ ਦਾ ਇਲਾਜ ਕਰਨ ਵਿੱਚ ਬਿਹਰੀਨ ਸੇਵਾਵਾਂ ਦੇਣ ਬਦਲੇ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਵੱਲੋਂ ਸੀਨੀਅਰ ਮੈਡੀਕਲ ਅਫਸਰ ਡਾ. ਇੰਦੂ ਬਾਂਸਲ ਤੇ ਡਾ.ਗੁਰਪ੍ਰੀਤ ਸਿੰਘ ਮਾਹਲ (ਐਮ.ਐਸ.ਸਰਜਨ) ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆਂ ਪ੍ਰਸ਼ੰਸਾ ਪੱਤਰ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ। ਜਾਣਕਾਰੀ ਦਿੰਦਿਆਂ ਡਾ.ਇੰਦੂ ਬਾਂਸਲ ਨੇ ਦੱਸਿਆ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ 1 ਜਨਵਰੀ 2025 ਤੋਂ 31 ਜੁਲਾਈ 2025 ਤੱਕ ਦੇ ਅੰਕੜਿਆਂ ਅਨੁਸਾਰ ਸਬ ਡਵੀਜ਼ਨਲ ਹਸਪਤਾਲ ਤਪਾ ਨੇ ਆਯੂਸ਼ਮਾਨ ਭਾਰਤ ਮੁੱਖ ਮੰਤਰੀ-ਸਿਹਤ ਬੀਮਾ ਯੋਜਨਾ ਅਧੀਨ 1212 ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਹੈ। ਇਸ ਤੋਂ ਪਹਿਲਾਂ ਵੀ 1 ਅਗਸਤ 2023 ਤੋਂ 31 ਦਸੰਬਰ 2023 ਤੱਕ ਦੇ ਜਾਰੀ ਅੰਕੜਿਆਂ ਅਨੁਸਾਰ ਸਬ ਡਵੀਜ਼ਨਲ ਹਸਪਤਾਲ ਤਪਾ ਨੇ ਸਿਹਤ ਬੀਮਾ ਯੋਜਨਾ ਅਧੀਨ 1120 ਮਰੀਜ਼ਾਂ ਦਾ ਤੇ ਜਨਵਰੀ 2023 ਤੋਂ ਜੂਨ 2023 ਤੱਕ ਦੇ ਜਾਰੀ ਅੰਕੜਿਆਂ ਅਨੁਸਾਰ 1192 ਮਰੀਜ਼ਾਂ ਦਾ ਮੁਫ਼ਤ ਇਲਾਜ ਕਰਕੇ ਪੰਜਾਬ ਭਰ ਵਿੱਚ ਸਡਵੀਜ਼ਨ ਪੱਧਰ ਦੇ ਹਸਪਤਾਲਾਂ 'ਚ ਪਹਿਲੇ ਨੰਬਰ 'ਤੇ ਰਿਹਾ ਹੈ। ਇਸ ਸਾਲ ਵੀ ਸਨਮਾਨ-ਜਨਕ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਇਹ ਹੀ ਕੋਸ਼ਿਸ਼ ਹੁੰਦੀ ਹੈ ਕਿ ਹਸਪਤਾਲ ਵਿੱਚ ਆਏ ਹਰ ਇੱਕ ਮਰੀਜ਼ ਨੂੰ ਸਰਲ ਤੇ ਮੁਫ਼ਤ ਇਲਾਜ ਮਿਲੇ। ਇਸ ਮੌਕੇ ਬਲਾਕ ਐਜੂਕੇਟਰ ਜਸਪਾਲ ਸਿੰਘ ਜਟਾਣਾ ਨੇ ਕਿਹਾ ਕਿ ਸਬ ਡਵੀਜ਼ਨਲ ਹਸਪਤਾਲ, ਤਪਾ ਵਿੱਚ ਮੌਜੂਦ ਹਰ ਡਾਕਟਰ ਤੇ ਸਟਾਫ ਹਮੇਸ਼ਾਂ ਮਰੀਜ਼ਾਂ ਦਾ ਵਧੀਆ ਇਲਾਜ ਕਰਨ ਲਈ ਵਚਨਬੱਧ ਹੈ।

# ਪੰਜਾਬ ’ਚ ਜਿਸਮਫ਼ਰੋਸ਼ੀ ਦੇ ਧੰਦੇ ਦਾ ਪਰਦਾਫ਼ਾਸ਼ ! ਇਕ ਰਾਤ ਦਾ 10 ਹਜ਼ਾਰ...

ਲੁਧਿਆਣਾ 17 ਅਗਸਤ। ਬੱਸ ਸਟੈਂਡ ਨੇੜੇ ਜਿਸਮਫ਼ਰੋਸ਼ੀ ਦਾ ਧੰਦਾ ਕਰਨ ਵਾਲੇ 2 ਹੋਟਲਾਂ ’ਤੇ ਪੁਲਸ ਨੇ ਰੇਡ ਕੀਤੀ ਹੈ। ਇਸ ਵਿਚ ਗੰਦਾ ਧੰਦਾ ਕਰਨ ਵਾਲੀਆਂ 3 ਕੁੜੀਆਂ ਸਮੇਤ 5 ਲੋਕਾਂ ਨੂੰ ਪੁਲਸ ਨੇ ਕਾਬੂ ਕੀਤਾ ਹੈ। ਥਾਣਾ ਮੁਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਬੱਸ ਸਟੈਂਡ ਨੇੜੇ ਗੁਪਤ ਸੂਚਨਾ ਦੇ ਅਧਾਰ ’ਤੇ ਜੀ ਸਟਾਰ ਅਤੇ ਅਰਮਾਨ ਹੋਟਲ ਵਿਚ ਰੇਡ ਕੀਤੀ। ਦੋਹਾਂ ਹੋਟਲਾਂ ਤੋਂ 3 ਕੁੜੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਇਸ ਦੇ ਨਾਲ ਹੀ ਜੀ ਸਟਾਰ ਹੋਟਲ ਦੇ ਮਾਲਕ ਤੇ ਮੈਨੇਜਰ ਬੰਟੀ ਤੇ ਅਰਮਾਨ ਹੋਟਲ ਦੇ ਮਾਲਕ ਤੇ ਮੈਨੇਜਰ ਪਰਵੇਜ਼ ਖ਼ਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਥਾਣਾ ਮੁਖੀ ਬਲਵੰਤ ਸਿੰਘ ਨੇ ਦੱਸਿਆ ਕਿ ਫੜੀਆਂ ਗਈਆਂ 3 ਕੁੜੀਆਂ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਿਆ ਕਿ ਕੁੜੀਆਂ ਤੋਂ ਹੋਟਲ ਦਾ ਮਾਲਕ ਜਿਸਮਫ਼ਰੋਸ਼ੀ ਦਾ ਧੰਦਾ ਕਰਵਾ ਰਿਹਾ ਹੈ। ਪੁਲਸ ਨੇ ਕੁੜੀਆਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਉਨ੍ਹਾਂ ਦੇ ਧਾਰਾ 164 ਦੇ ਬਿਆਨ ਦਰਜ ਕਰਵਾਏ ਹਨ। ਜਦਕਿ ਹੋਟਲ ਮਾਲਕ ਤੇ ਮੈਨੇਜਰ ਬੰਟੀ ਤੇ ਪਰਵੇਜ਼ ਦੇ ਖ਼?ਲਾਫ਼ ਇਮਰਲ ਟਰੈਫਿਕਿੰਗ ਦੇ ਦੋਸ਼ ਵਿਚ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਗਿਆ ਹੈ। ਬੱਸ ਸਟੈਂਡ ਸਥਿਤ ਹੋਟਲਾਂ ਵਿਚ ਬੈਠਣ ਵਾਲੇ ਮੈਨੇਜਰ ਤੇ ਮਾਲਕ ’ਤੇ ਇਹ ਕਹਾਵਤ ਫਿੱਟ ਬੈਠਦੀ ਹੈ ਕਿ ਹਾਥੀ ਦੇ ਦੰਦ ਖਾਉਣ ਦੇ ਹੋਰ ਤੇ ਦਿਖਾਉਣ ਦੇ ਹੋਰ ਹਨ। ਦਰਅਸਲ, ਬੱਸ ਸਟੈਂਡ ਨੇੜੇ ਜ਼ਿਆਦਾਤਰ ਹੋਟਲਾਂ ਦੇ ਮਾਲਕ ਰਸੂਖਦਾਰ ਹਨ। ਜਿਹੜੇ ਕਰਿੰਦਿਆਂ ਦੇ ਨਾਂ ’ਤੇ ਹੋਟਲਾਂ ਦੀ ਲੀਜ਼ ਬਣਵਾਉਂਦੇ ਹਨ। ਪੁਲਸ ਰੇਡ ਦੌਰਾਨ ਉਨ੍ਹਾਂ ਕਰਿੰਦਿਆਂ ਨੂੰ ਮਾਲਕ ਸਮਝ ਕੇ ਪੁਲਸ ਗ੍ਰਿਫ਼ਤਾਰ ਕਰ ਲੈਂਦੀ ਹੈ, ਜਦਕਿ ਰਸੂਖਦਾਰ ਅਸਲੀ ਹੋਟਲਾਂ ਦੇ ਮਾਲਕ ਇਨ੍ਹਾਂ ਕਰਿੰਦਿਆਂ ਨੂੰ ਕੁਝ ਘੰਟਿਆਂ ਵਿਚ ਛੁਡਵਾ ਕੇ ਵਾਪਸ ਧੰਦੇ ’ਤੇ ਬਿਠਾ ਦਿੰਦੇ ਹਨ। ਕਹਿਣ ਦਾ ਭਾਵ ਹੈ ਕਿ ਬੱਸ ਸਟੈਂਡ ਨੇੜੇ ਜਿਸਮਫ਼ਰੋਸ਼ੀ ਦਾ ਧੰਦਾ ਕਰਨ ਵਾਲੇ ਗਰੁੱਪ ਇਕ ਮਾਫ਼ੀਆ ਦਾ ਰੂਪ ਧਾਰ ਚੁੱਕਿਆ ਹੈ। ਅਜਿਹਾ ਨਹੀਂ ਹੈ ਕਿ ਪੁਲਸ ਨੂੰ ਇਨ੍ਹਾਂ ਦੀ ਅਸਲੀਅਤ ਦੀ ਜਾਣਕਾਰੀ ਨਹੀਂ ਹੈ। ਪਰ ਰਾਜਨੇਤਾ ਤੇ ਰਸੂਖਦਾਰਾਂ ਦੇ ਦਬਾਅ ਵਿਚ ਪੁਲਸ ਅਕਸਰ ਕੰਮ ਕਰਦੀ ਹੈ। ਹੋਟਲਾਂ ਵਿਚ ਧੰਦਾ ਕਰਨ ਵਾਲੀਆਂ ਕੁੜੀਆਂ ਇਕ ਰਾਤ ਦਾ 5 ਤੋਂ 10 ਹਜ਼ਾਰ ਰੁਪਏ ਚਾਰਜ ਕਰਦੀਆਂ ਹਨ। ਇਨ੍ਹਾਂ ਵਿਚੋਂ ਕਈ ਕੁੜੀਆਂ ਚਿੱਟੇ ਦਾ ਮਹਿੰਗਾ ਨਸ਼ਾ ਕਰਦੀਆਂ ਹਨ। ਜਵਾਹਰ ਨਗਰ ਕੈਂਪ ਦੇ ਜ਼ਿਆਦਾਤਰ ਨਸ਼ਾ ਤਸਕਰ ਇਨ੍ਹਾਂ ਕੁੜੀਆਂ ਨੂੰ ਚਿੱਟੇ ਦੀ ਸਪਲਾਈ ਕਰਨ ਲਈ ਇਨ੍ਹਾਂ ਹੋਟਲਾਂ ਵਿਚ ਜਾਂਦੇ ਹਨ। ਥਾਣਾ ਡਵੀਜ਼ਨ ਨੰਬਰ 5 ਦੇ ਇਲਾਕਾ ਜਵਾਹਰ ਨਗਰ ਕੈਂਪ ਚਿੱਟੇ ਦੀ ਤਸਕਰੀ ਲਈ ਮਸ਼ਹੂਰ ਹੈ। ਇਸ ਦੇ ਬਾਵਜੂਦ ਚਿੱਟਾ ਤੇ ਜਿਸਮਫ਼ਰੋਸ਼ੀ ਦਾ ਧੰਦਾ ਕਿਨ੍ਹਾਂ ਲੀਡਰਾਂ ਤੇ ਰਸੂਖਦਾਰਾਂ ਦੀ ਸ਼ਹਿ ’ਤੇ ਚੱਲ ਰਿਹਾ ਹੈ, ਇਹ ਗੱਲ ਵੀ ਜਗ ਜ਼ਾਹਿਰ ਹੈ।

## ਲੁਧਿਆਣਾ ’ਚ ਚੱਲ ਰਹੇ ਜਿਸਮਫਰੋਸ਼ੀ ਦੇ ਧੰਦੇ ਨੂੰ ਲੈ ਕੇ ਵੱਡੀ ਖ਼ਬਰ

ਲੁਧਿਆਣਾ 17 ਅਗਸਤ। ਬੀਤੇ ਦਿਨੀਂ ਬੱਸ ਸਟੈਂਡ ਨੇੜੇ 2 ਹੋਟਲਾਂ ’ਚ ਰੇਡ ਤੋਂ ਬਾਅਦ ਜਿਸਮਫਰੋਸ਼ੀ ਦਾ ਧੰਦਾ ਫਿਲਹਾਲ ਕੁਝ ਦੇਰ ਲਈ ਰੁਕ ਗਿਆ ਹੈ। ਹੋਟਲਾਂ ਦੇ ਸੰਚਾਲਕਾਂ ’ਚ ਖੌਫ ਬਣਿਆ ਹੋਇਆ ਹੈ ਜਦਕਿ ਉਥੇ ਨੇੜੇ ਰਹਿਣ ਵਾਲੇ ਲੋਕਾਂ ਨੇ ਰਾਹਤ ਦਾ ਸਾਹ ਲਿਆ ਹੈ। ਜ਼ਿਕਰਯੋਗ ਹੈ ਕਿ ਥਾਣਾ ਡਵੀਜ਼ਨ ਨੰ. 5 ਦੀ ਪੁਲਸ ਨੇ ਰੇਡ ਕਰਕੇ 2 ਹੋਟਲਾਂ ਦੇ ਸੰਚਾਲਕਾਂ ਨੂੰ ਹਿਰਾਸਤ ਵਿਚ ਲੈ ਕੇ ਕੇਸ ਦਰਜ ਕੀਤਾ ਸੀ, ਜਦਕਿ ਜਿਸਮਫਰੋਸ਼ੀ ਦਾ ਧੰਦਾ ਕਰਨ ਵਾਲੀਆਂ ਲੜਕੀਆਂ ਨੂੰ ਪੁਲਸ ਨੇ ਹਿਰਾਸਤ ’ਚ ਲੈ ਕੇ ਗਵਾਹ ਦੇ ਰੂਪ ਵਿਚ 164 ਦੇ ਬਿਆਨ ਦਰਜ ਕਰਵਾਏ ਹਨ। ਸੂਤਰਾਂ ਅਨੁਸਾਰ ਹੋਟਲਾਂ ਵਿਚ ਰੇਡ ਤੋਂ ਬਾਅਦ ਜਿਸਮਫਰੋਸ਼ੀ ਦਾ ਧੰਦਾ ਕਰਨ ਵਾਲੀਆਂ ਜ਼ਿਆਦਾਤਰ ਲੜਕੀਆਂ ਸ਼ਹਿਰ ’ਚੋਂ ਬਾਹਰ ਜਾ ਚੁੱਕੀਆਂ ਹਨ। ਉਨ੍ਹਾਂ ਦੇ ਮਨ ’ਚ ਵੀ ਖੌਫ ਹੈ। ਉਥੇ ਜ਼ਿਆਦਾਤਰ ਹੋਟਲਾਂ ਦੇ ਅਸਲੀ ਮਾਲਕ ਵੀ ਅੰਡਰਗਰਾਊਂਡ ਹੋ ਚੁੱਕੇ ਹਨ। ਭਾਵੇਂ ਪੁਲਸ ਦੀ ਰੇਡ ਹੋਈ ਪਰ 2-4 ਦਿਨ ਬਾਅਦ ਜਿਸਮਫਰੋਸ਼ੀ ਦਾ ਧੰਦਾ ਫਿਰ ਤੋਂ ਸਿਰ ਚੁੱਕਣ ਲੱਗੇਗਾ। ਥਾਣਾ ਡਵੀਜ਼ਨ ਨੰ. 5 ਅਤੇ ਚੌਕੀ ਕੋਚਰ ਮਾਰਕੀਟ ਦੇ ਇਸ ਇਲਾਕੇ ’ਚ ਪੁਲਸ 3-4 ਮਹੀਨਿਆਂ ’ਚ ਇਕ ਰੇਡ ਕਰਦੀ ਹੈ, ਜਿੱਥੇ ਲੜਕੀਆਂ ਜਿਸਮਫਰੋਸ਼ੀ ਦਾ ਧੰਦਾ ਕਰਦੇ ਹੋਏ ਹੋਟਲ ਸੰਚਾਲਕਾਂ ਨਾਲ ਫੜੀਆਂ ਵੀ ਜਾਂਦੀਆਂ ਹਨ ਪਰ ਸੱਚਾਈ ਇਹ ਹੈ ਕਿ ਸਿਰਫ ਕੁਝ ਦਿਨ ਵਿਚ ਹੀ ਜਿਸਮਫਰੋਸ਼ੀ ਦਾ ਧੰਦਾ ਕਰਨ ਵਾਲੇ ਹੋਟਲ ਸੰਚਾਲਕ ਫਿਰ ਤੋਂ ਜਿਸਮਫਰੋਸ਼ੀ ਦਾ ਧੰਦਾ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਕਰ ਦਿੰਦੇ ਹਨ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਲੀਜ਼ ’ਤੇ ਹੋਟਲ ਲੈਣ ਵਾਲੇ ਅਸਲੀ ਮਾਲਕ ਸਾਹਮਣੇ ਨਾ ਆ ਕੇ ਲੀਜ਼ ਆਪਣੇ ਕਰਿੰਦੇ ਦੇ ਨਾਂ ’ਤੇ ਕਰਵਾਉਂਦੇ ਹਨ। ਕਰਿੰਦਿਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਅਤੇ ਜਿਸਮਫਰੋਸ਼ੀ ਦੇ ਧੰਦੇ ’ਚ ਕਮਿਸ਼ਨ ਦਿੰਦੇ ਹਨ। ਇਸ ਸਬੰਧੀ ਥਾਣਾ ਇੰਚਾਰਜ ਬਲਵੰਤ ਸਿੰਘ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਕੀਮਤ ’ਤੇ ਆਪਣੇ ਇਲਾਕੇ ਵਿਚ ਜਿਸਮਫਰੋਸ਼ੀ ਦਾ ਧੰਦਾ ਨਹੀਂ ਚੱਲਣ ਦੇਣਗੇ। ਉਨ੍ਹਾਂ ਨੇ ਹੋਟਲਾਂ ਦੇ ਅਸਲੀ ਮਾਲਕ ਅਤੇ ਸੰਚਾਲਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਇਸ ਅਨੈਤਿਕ ਕਾਰਜ ਨੂੰ ਬੰਦ ਕਰ ਦੇਣ, ਨਹੀਂ ਤਾਂ ਪੁਲਸ ਅਸਲੀ ਮਾਲਕਾਂ ਨੂੰ ਲੱਭ ਕੇ ਸਖ਼ਤ ਤੋਂ ਸਖ਼ਤ ਕਾਰਵਾਈ ਕਰੇਗੀ।

## 10 ਕਿਲੋ ਹੈਰੋਇਨ ਸਣੇ ਸਮੱਗਲਰ ਗ੍ਰਿਫ਼ਤਾਰ

ਜਲੰਧਰ 17 ਅਗਸਤ। ਐਂਟੀ-ਨਾਰਕੋਟਿਕਸ ਟਾਸਕ ਫੋਰਸ ਜਲੰਧਰ ਰੇਂਜ ਨੇ ਵੱਡੀ ਸਫ਼ਲਤਾ ਹਾਸਲ ਕਰਦਿਆਂ 10 ਕਿਲੋ 163 ਗ੍ਰਾਮ ਹੈਰੋਇਨ ਨਾਲ ਸਮੱਗਲਰ ਨੂੰ ਗ੍ਰਿਫ਼ਤਾਰ ਕੀਤਾ ਹੈ। ਏ. ਐੱਨ. ਟੀ. ਐੱਫ਼. ਦੇ ਏ. ਆਈ. ਜੀ. ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਕ ਨੌਜਵਾਨ ਬਿਨਾਂ ਨੰਬਰੀ ਪਲਸਰ ਮੋਟਰਸਾਈਕਲ ’ਤੇ ਭਾਰੀ ਮਾਤਰਾ ਵਿਚ ਕਿਸੇ ਨੂੰ ਹੈਰੋਇਨ ਸਪਲਾਈ ਕਰਨ ਜਾ ਰਿਹਾ ਹੈ। ਇਸ ’ਤੇ ਡੀ. ਐੱਸ. ਪੀ. ਇੰਦਰਜੀਤ ਸਿੰਘ ਦੀ ਅਗਵਾਈ ਵਿਚ ਐੱਸ. ਆਈ. ਸੰਜੀਵ ਕੁਮਾਰ ਵੱਲੋਂ ਅੱਡਾ ਸੋਹੀਆਂ ਕਲਾਂ ਨੇੜੇ ਵਿਸ਼ੇਸ਼ ਨਾਕਾਬੰਦੀ ਕਰਕੇ



ਉਕਤ ਨੌਜਵਾਨ ਨੂੰ ਦਬੋਚ ਲਿਆ ਗਿਆ। ਉਸ ਨੇ ਆਪਣਾ ਨਾਂ ਗੁਰਦੇਵ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਧਾਰੀਵਾਲ ਬੱਗਾ ਥਾਣਾ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ, ਹਾਲ ਵਾਸੀ ਪਿੰਡ ਮੋਹਨ ਭੰਡਾਰੀਆਂ ਥਾਣਾ ਝੰਡੇਰ ਜ਼ਿਲ੍ਹਾ ਅੰਮ੍ਰਿਤਸਰ ਦੱਸਿਆ। ਉਸ ਖ਼?ਲਾਫ਼ ਥਾਣਾ ਏ. ਐੱਨ. ਟੀ. ਐੱਫ਼. ਐੱਸ. ਏ. ਐੱਸ. ਨਗਰ ਮੋਹਾਲੀ ਵਿਚ ਐੱਨ. ਡੀ. ਪੀ. ਐੱਸ. ਐਕਟ ਤਹਿਤ 36 ਨੰਬਰ ਐੱਫ਼. ਆਈ. ਆਰ. ਦਰਜ ਕੀਤੀ ਗਈ ਹੈ।

## ਛੇੜਖਾਨੀ ਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸ਼ਹਿਰ ’ਚ ਲੱਗੇ ਸਪੈਸ਼ਲ ਨਾਕੇ

ਜਲੰਧਰ 17 ਅਗਸਤ। ਕਮਿਸ਼ਨਰੇਟ ਪੁਲਸ ਨੇ ਛੇੜਖਾਨੀ ਅਤੇ ਟ?ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼?ਲਾਫ਼ ਸ਼ਹਿਰ ਵਿਚ ਸਪੈਸ਼ਲ ਨਾਕੇ ਲਾਏ। ਏ. ਸੀ. ਪੀ. ਵੈਸਟ ਹਰਸ਼ਪ੍ਰੀਤ ਸਿੰਘ ਦੀ ਅਗਵਾਈ



ਵਿਚ ਦੁਪਹਿਰ 12 ਤੋਂ ਲੈ ਕੇ 3 ਵਜੇ ਤਕ ਪੁਲਸ ਟੀਮਾਂ ਨੇ ਸਕੂਲਾਂ-ਕਾਲਜਾਂ ਦੇ ਬਾਹਰ ਨਾਕੇ ਲਾ ਕੇ ਬਿਨਾਂ ਵਜ?ਹਾ ਘੁੰਮ ਰਹੇ ਨੌਜਵਾਨਾਂ ’ਤੇ ਸ਼ਿਕੰਜਾ ਕੱਸਿਆ। ਏ. ਸੀ. ਪੀ. ਹਰਸ਼ਪ੍ਰੀਤ ਨੇ ਕਿਹਾ ਕਿ ਔਰਤਾਂ, ਲੜਕੀਆਂ, ਸਕੂਲ-ਕਾਲਜ ਜਾਣ ਵਾਲੇ ਬੱਚਿਆਂ ਅਤੇ ਆਮ ਲੋਕਾਂ ਦੀ ਸੁਰੱਖਿਆ ਲਈ ਇਹ ਮੁਹਿੰਮ ਚਲਾਈ ਗਈ ਹੈ। ਪੁਲਸ ਨੇ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਭਾਰਗਵ ਕੈਂਪ ਅਤੇ ਐੱਚ. ਐੱਮ. ਵੀ. ਕਾਲਜ ਵਿਚ ਸਪੈਸ਼ਲ ਨਾਕੇ ਲਾਏ ਅਤੇ ਪੁਲਸ ਦੀ ਮੌਜੂਦਗੀ ਨੂੰ ਯਕੀਨੀ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਛੇੜਖਾਨੀ ਵਰਗੇ ਮਾਮਲੇ ਰੋਕਣ ਅਤੇ ਟ?ਰੈਫਿਕ ਨਿਯਮਾਂ ਦੀ ਪਾਲਣਾ ਕਰਵਾਉਣ ਦੇ ਉਦੇਸ਼ ਨਾਲ ਚਲਾਈ ਗਈ। ਇਸ ਦੌਰਾਨ 310 ਵਾਹਨਾਂ ਦੀ ਚੈਕਿੰਗ ਕੀਤੀ ਗਈ। 40 ਵਾਹਨਾਂ ਦੇ ਚਲਾਨ ਕੱਟੇ ਗਏ, ਜਦਕਿ 4 ਬਾਈਕ ਜ਼ਬਤ ਕੀਤੇ ਗਏ।

## ਘਰ ’ਚ ਦਾਖ਼ਲ ਹੋ ਕੇ ਕੁੱਟਮਾਰ ਤੇ ਭੰਨ-ਤੋੜ ਕਰਨ ਵਾਲੇ 10 ਨਾਮਜ਼ਦ

ਬਠਿੰਡਾ 17 ਅਗਸਤ। ਥਾਣਾ ਕੈਨਾਲ ਕਾਲੋਨੀ ਪੁਲਸ ਨੇ ਦੀਪ ਸਿੰਘ ਨਗਰ ਵਿਚ ਬੀਤੇ ਦਿਨ ਇਕ ਘਰ ਵਿਚ ਦਾਖ਼ਲ ਹੋ ਕੇ ਲੋਕਾਂ ਦੀ ਕੁੱਟਮਾਰ ਅਤੇ ਭੰਨ-ਤੋੜ ਕਰਨ ਵਾਲੇ ਅੱਧੀ ਦਰਜਨ ਅਣਪਛਾਤੇ ਮੁਲਜ਼ਮਾਂ ਸਮੇਤ 10 ਵਿਅਕਤੀਆਂ ਖ਼?ਲਾਫ਼ ਕੇਸ ਦਰਜ ਕੀਤਾ ਹੈ। ਸੁਖਦੀਪ ਕੌਰ ਵਾਸੀ ਬਾਬਾ ਦੀਪ ਸਿੰਘ ਨਗਰ ਨੇ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਦੱਸਿਆ ਕਿ ਮੁਲਜ਼ਮ ਸੁਖਪਾਲ ਸ਼ਰਮਾ, ਰਾਣੀ ਸ਼ਰਮਾ, ਦੀਪਕ ਸ਼ਰਮਾ, ਕਮਲ ਅਤੇ ਉਨ੍ਹਾਂ ਦੇ ਅੱਧੀ ਦਰਜਨ ਅਣਪਛਾਤੇ ਸਾਥੀਆਂ ਨੇ ਉਨ੍ਹਾਂ ਦੇ ਘਰ ’ਚ ਦਾਖ਼ਲ ਹੋ ਕੇ ਉਨ੍ਹਾਂ ਦੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੀ ਕੁੱਟਮਾਰ ਕੀਤੀ। ਇਸ ਦੇ ਨਾਲ ਹੀ ਮੁਲਜ਼ਮਾਂ ਨੇ ਇੱਟਾਂ ਅਤੇ ਪੱਥਰਾਂ ਨਾਲ ਘਰੇਲੂ ਸਮਾਨ ਦੀ ਵੀ ਭੰਨ-ਤੋੜ ਕੀਤੀ। ਪੁਲਸ ਨੇ ਸ਼ਿਕਾਇਤ ਦੇ ਆਧਾਰ ’ਤੇ ਉਕਤ ਵਿਅਕਤੀ ਖ਼?ਲਾਫ਼ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਢਾਈ ਲੱਖ ਦੀ ਠੱਗੀ ਮਾਰਨ ਵਾਲੀ ਔਰਤ ਨੂੰ ਦਿੱਲੀਓਂ ਕੀਤਾ ਕਾਬੂ, ਅਮਰੀਕਾ ਲਿਜਾਣ ਦਾ ਦਿੱਤਾ ਸੀ ਝਾਂਸਾ

ਜਲੰਧਰ 17 ਅਗਸਤ। ਥਾਣਾ ਭਾਰਗੋ ਕੈਂਪ ਦੀ ਪੁਲਸ ਨੇ ਅਮਰੀਕਾ ਭੇਜਣ ਦੇ ਨਾਂ ’ਤੇ ਠੱਗੀ ਮਾਰਨ ਵਾਲੀ ਔਰਤ, ਜਿਹੜੀ ਕਿ ਕੇਸ ਵਿਚ ਲੋੜੀਂਦੀ ਸੀ, ਨੂੰ ਸਪੈਸ਼ਲ ਟੀਮ ਬਣਾ ਕੇ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਐੱਸ. ਐੱਚ. ਓ. ਸੰਜੀਵ ਸੂਰੀ ਨੇ ਦੱਸਿਆ ਕਿ ਪਰਮਜੀਤ ਕੌਰ ਪਤਨੀ ਜਸਬੀਰ ਸਿੰਘ ਨਿਵਾਸੀ ਗ੍ਰੀਨ ਐਵੇਨਿਊ ਕਾਲਾ ਸੰਘਿਆਂ ਰੋਡ ਨੇ ਪੁਲਸ ਅਧਿਕਾਰੀਆਂ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਸੀ ਕਿ ਦਿੱਲੀ ਦੇ ਤਿਲਕ ਨਗਰ ਦੀ ਰਹਿਣ ਵਾਲੀ ਔਰਤ ਗੁਰਮੀਤ ਕੌਰ




ਪਤਨੀ ਰਘੁਬੀਰ ਸਿੰਘ ਨਿਵਾਸੀ ਤਿਲਕ ਨਗਰ ਉਨ੍ਹਾਂ ਦੀ ਜਾਣਕਾਰ ਸੀ, ਜਿਸ ਨੇ ਉਨ੍ਹਾਂ ਨੂੰ ਝਾਂਸਾ ਦਿੱਤਾ ਕਿ ਉਹ ਉਨ੍ਹਾਂ ਦੇ ਪਰਿਵਾਰਕ ਮੈਂਬਰ ਸੰਦੀਪ ਸਿੰਘ ਨੂੰ ਅਮਰੀਕਾ ਲਿਜਾ ਸਕਦੀ ਹੈ, ਬਦਲੇ ਵਿਚ ਗੁਰਮੀਤ ਕੌਰ ਨੇ ਉਨ੍ਹਾਂ ਕੋਲੋਂ ਅਕਾਊਂਟ ਵਿਚ ਢਾਈ ਲੱਖ ਰੁਪਏ ਪੁਆ ਲਏ ਪਰ ਕਾਫੀ ਮਹੀਨੇ ਬੀਤਣ ਦੇ ਬਾਵਜੂਦ ਨਾ ਤਾਂ ਉਨ੍ਹਾਂ ਦੇ ਪੈਸੇ ਵਾਪਸ ਮੋੜੇ ਅਤੇ ਨਾ ਹੀ ਉਸ ਨੂੰ ਅਮਰੀਕਾ ਭੇਜਿਆ ਗਿਆ। ਪੁਲਸ ਅਧਿਕਾਰੀਆਂ ਨੇ ਮਾਮਲੇ ਦੀ ਜਾਂਚ ਤੋਂ ਬਾਅਦ ਗੁਰਮੀਤ ਕੌਰ ਖ਼?ਲਾਫ਼ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਪਰ ਇਸ ਦੇ ਬਾਅਦ ਤੋਂ ਗੁਰਮੀਤ ਕੌਰ ਪੁਲਸ ਤੋਂ ਬਚਦੀ ਰਹੀ। ਆਖਿਰਕਾਰ ਸੂਚਨਾ ਦੇ ਆਧਾਰ ’ਤੇ ਏ. ਐੱਸ. ਆਈ. ਬਲਵਿੰਦਰ ਸਿੰਘ ਨੇ ਦਿੱਲੀ ਜਾ ਕੇ ਗੁਰਮੀਤ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ।

## ਵਾਹਨ ਚਾਲਕ ਸਾਵਧਾਨ, ਟਰੈਫਿਕ ਪੁਲਸ ਨੇ ਚੁੱਕ ਲਿਆ ਸਖ਼ਤ ਕਦਮ

ਚੰਡੀਗੜ੍ਹ 17 ਅਗਸਤ। ਸ਼ਹਿਰ ਦੀਆਂ ਸੜਕਾਂ ’ਤੇ ਟਰੈਫਿਕ ਨਿਯਮਾਂ ਦੀ ਆਦਤਨ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਨੂੰ ਸਬਕ ਸਿਖਾਉਣ ਦੀ ਦਿਸ਼ਾ ’ਚ ਕਦਮ ਚੁੱਕਦਿਆਂ ਚੀਫ਼ ਜੁਡੀਸ਼ੀਅਲ ਮੈਜਿਸਟਰੇਟ (ਸੀ.ਜੀ.ਐੱਮ.) ਕੋਰਟ ਨੇ ਸ਼ੁੱਕਰਵਾਰ ਨੂੰ ਇਕ ਵਿਅਕਤੀ ਨੂੰ 15 ਦਿਨਾਂ ਤੱਕ ਕਿਸੇ ਵੀ ਟਰੈਫ਼ਿਕ ਸਿਗਨਲ ’ਤੇ ਕਮਿਊਨਿਟੀ ਸੇਵਾ ਤਹਿਤ ਸੇਵਾ ਦੇਣ ਦਾ ਹੁਕਮ ਦਿੱਤਾ ਹੈ, ਇਸ ਸੇਵਾ ਦੌਰਾਨ ਉਸ ਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਲੋਕ ਟਰੈਫ਼ਿਕ ਸਬੰਧੀ ਨਿਯਮਾਂ ਦੀ ਪਾਲਣਾ ਕਰਨ। ਇਸ ਦੇ ਨਾਲ ਹੀ ਅਦਾਲਤ ਨੇ 222 ਵਾਰ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦਾ ਮੁਲਜ਼ਮ ਪਾਏ ਗਏ ਵਿਅਕਤੀ ’ਤੇ 43 ਹਜ਼ਾਰ 400 ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਵਿਅਕਤੀ ਨੂੰ ਜਾਰੀ ਕੀਤੇ ਗਏ ਕੁੱਲ 222 ਚਲਾਨਾਂ ਵਿਚੋਂ ਸਭ ਤੋਂ ਵੱਧ 168 ਚਲਾਨ ਓਵਰ ਸਪੀਡ ਅਤੇ 44 ਚਲਾਨ ਰੈੱਡ ਲਾਈਟ ਜੰਪਿੰਗ ਦੇ ਹਨ। ਇਸ ਤੋਂ ਇਲਾਵਾ ਮੁਲਜ਼ਮ ਵਿਅਕਤੀ ਵੱਲੋਂ ਕੀਤੇ ਗਏ ਕਈ ਟਰੈਫਿਕ ਉਲੰਘਣਾਵਾਂ ਦੇ ਚਲਾਨ ਸ਼ਾਮਲ ਹਨ। ਸ਼ਹਿਰ ਦੀਆਂ ਸੜਕਾਂ ’ਤੇ ਆਦਤਨ ਟਰੈਫਿਕ ਨਿਯਮਾਂ ਦੀ ਉਲੰਘਣਾ ਦੀ ਸਮੱਸਿਆ ਨਾਲ ਨਜਿੱਠਣ ਲਈ ਟਰੈਫਿਕ ਪੁਲਸ ਨੇ ਅਜਿਹੇ ਅਪਰਾਧੀ ਦੀ ਪਛਾਣ ਕੀਤੀ ਅਤੇ ਇਹ ਮਾਮਲਾ ਜ਼ਿਲ੍ਹਾ ਅਦਾਲਤ ਅਤੇ ਰਜਿਸਟਰੇਸ਼ਨ ਅਤੇ ਲਾਇਸੈਂਸਿੰਗ ਅਥਾਰਟੀ (ਆਰ.ਐੱਲ.ਏ.) ਕੋਲ ਉਠਾਇਆ। ਜਿਸ ਦੇ ਤਹਿਤ ਸ਼ੁੱਕਰਵਾਰ ਨੂੰ ਸੀ.ਜੀ.ਐੱਮ. ਕੋਰਟ ਨੇ ਇਕ ਆਦਤਨ ਅਪਰਾਧੀ ਨੂੰ 222 ਵਾਰ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦਾ ਮੁਲਜ਼ਮ ਪਾਇਆ। ਅਦਾਲਤ ਨੇ ਪਾਇਆ ਕਿ ਵਿਅਕਤੀ ਨੇ ਕੁੱਲ 222 ਵਾਰ ਟਰੈਫਿਕ ਨਿਯਮਾਂ ਦੀ ਉਲੰਘਣਾ ਕੀਤੀ ਹੈ। ਜਿਸ ਵਿਚ 168 ਵਾਰ ਓਵਰ ਸਪੀਡ, 44 ਰੈੱਡ ਲਾਈਟ ਜੰਪਿੰਗ ਅਤੇ ਹੋਰ ਗੰਭੀਰ ਟਰੈਫਿਕ



ਉਲੰਘਣਾਵਾਂ ਕੀਤੀਆਂ ਗਈਆਂ ਹਨ। ਮੁਲਜ਼ਮ ਉਲੰਘਣਕਰਤਾ ਵੱਲੋਂ ਕੀਤੀ ਗਈ ਉਲੰਘਣਾ ਨੂੰ ਗੰਭੀਰਤਾ ਨਾਲ ਲੈਂਦਿਆਂ ਸੀ.ਜੀ.ਐੱਮ. ਕੋਰਟ ਨੇ ਮੁਲਜ਼ਮ ਦਾ ਵਾਹਨ ਉਦੋਂ ਤੱਕ ਲਈ ਜ਼ਬਤ ਕਰ ਲਿਆ, ਜਦੋਂ ਤੱਕ ਕੋਈ ਡਰਾਈਵਿੰਗ ਲਾਇਸੈਂਸਧਾਰੀ ਵਿਅਕਤੀ ਅਦਾਲਤ ’ਚ ਉਲੰਘਣਾ ਕਰਨ ਵਾਲੇ ਦੀ ਤਰਫੋਂ ਪੇਸ਼ ਨਹੀਂ ਹੁੰਦਾ ਅਤੇ ਵਾਹਨ ਨੂੰ ਛੱਡਣ ਲਈ ਅਰਜ਼ੀ ਨਹੀਂ ਦਿੰਦਾ। ਅਦਾਲਤ ਨੇ ਉਲੰਘਣਾ ਲਈ ਮੁਲਜ਼ਮ ਵਿਅਕਤੀ ’ਤੇ 43,400 ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਇਸ ਦੇ ਨਾਲ ਹੀ 15 ਦਿਨਾਂ ਤੱਕ ਕਿਸੇ ਵੀ ਟਰੈਫਿਕ ਸਿਗਨਲ ’ਤੇ ਕਮਿਊਨਿਟੀ ਸੇਵਾ ਦੇਣ ਦੇ ਵੀ ਹੁਕਮ ਦਿੱਤੇ ਹਨ। ਪੁਲਸ ਨੇ 10 ਹੋਰ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਉਪਰੋਕਤ ਤੋਂ ਇਲਾਵਾ, ਪੁਲਸ ਨੇ ਸੀ.ਜੀ.ਐੱਮ. ਕੋਰਟ ਤੋਂ ਆਦਤਨ ਅਪਰਾਧੀਆਂ ਵਿਰੁੱਧ ਪ੍ਰਕਿਰਿਆ ਸ਼ੁਰੂ ਕਰਨ ਦੀ ਵੀ ਬੇਨਤੀ ਕੀਤੀ ਹੈ। ਟਰੈਫਿਕ ਪੁਲਸ ਨੇ ਅਜਿਹੇ ਹੀ 10 ਹੋਰ ਆਦਤਨ ਅਪਰਾਧੀਆਂ ਖ਼ਿਲਾਫ਼ ਮਾਮਲੇ ਤਿਆਰ ਕਰਕੇ ਸੀ.ਜੀ.ਐੱਮ. ਕੋਰਟ ’ਚ ਪੇਸ਼ ਕੀਤੇ ਹਨ। ਜਿਨ੍ਹਾਂ ’ਤੇ ਅਗਲੇਰੀ ਕਾਰਵਾਈ 17 ਫਰਵਰੀ 2025 ਨੂੰ ਹੋਣੀ ਤੈਅ ਕੀਤੀ ਗਈ ਹੈ।

## ਵਿਕਾਸ ਕਾਰਜਾਂ ’ਚ ਤੇਜ਼ੀ ਲਿਆਉਣ ਲਈ ਫੰਡਾਂ ਦੇ ਮੂੰਹ ਹਮੇਸ਼ਾ ਖੁੱਲ੍ਹੇ ਰਹਿਣਗੇ : ਬੁੱਧਰਾਮ

ਬੁਢਲਾਡਾ 17 ਅਗਸਤ। ਪਿੰਡਾਂ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਦੇ ਕੰਮਾਂ ’ਚ ਹੋਰ ਤੇਜ਼ੀ ਲਿਆਉਣ ਲਈ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਨੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਨੂੰ ਲੱਖਾਂ ਰੁਪਏ ਦੇ ਚੈੱਕ ਵੰਡੇ। ਇਸ ਮੌਕੇ ਉਨ੍ਹਾਂ ਨੇ ਪਿੰਡਾਂ ਦੇ ਨਵੇਂ ਚੁਣੇ ਪੰਚਾਂ-ਸਰਪੰਚਾਂ ਨੂੰ ਗ੍ਰਾਂਟਾਂ ਜਾਰੀ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਮੁੱਚੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਚਹੁੰ ਮੁਖੀ ਵਿਕਾਸ ਲਈ ਵਚਨਬੱਧ ਹੈ ਅਤੇ ਹਰ ਪਿੰਡ ਨੂੰ ਸਹੂਲਤਾਂ ਨਾਲ ਲੈਸ ਕਰਕੇ, ਬੱਚਿਆਂ ਅਤੇ ਨੌਜਵਾਨਾਂ ਦੇ ਖੇਡਣ ਲਈ ਸਟੇਡੀਅਮ, ਗਰਾਊਂਡ, ਓਪਨ ਜਿੰਮ, ਬਜ਼ੁਰਗਾਂ ਦੇ ਲਈ ਪਾਰਕ, ਪੰਚਾਇਤਾਂ ਦੇ ਬੈਠਣ ਲਈ ਪੰਚਾਇਤ ਘਰ ਅਤੇ ਸਾਂਝੇ ਜੰਝ ਘਰ ਆਦਿ ਉਸਾਰ ਕੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾਵੇਗਾ। ਇਸ ਮੌਕੇ ਚੈੱਕ ਲੈਣ ਵਾਲੇ ਪਿੰਡਾਂ ਦੇ ਸਰਪੰਚਾਂ ਵਿੱਚ ਰਾਮਗੜ੍ਹ ਸਾਹਪੁਰੀਆ, ਭਖੜਿਆਲ, ਮੰਡੇਰਨੇ, ਖੱਤਰੀ ਵਾਲਾ ਕਲੀਪੁਰ, ਬਛੋਆਣਾ, ਬਹਾਦਰਪੁਰ ਅਤੇ ਕਿਸ਼ਨਗੜ੍ਹ ਦੀਆਂ ਸਮੁੱਚੀਆਂ ਪੰਚਾਇਤਾਂ ਸ਼ਾਮਲ ਸਨ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਪੰਚਾਇਤ ਸਕੱਤਰ ਨੀਲਮ ਰਾਣੀ, ਅਸ਼ਵਨੀ ਕਾਠ ਅਤੇ ਧੀਰਜ ਕੁਮਾਰ ਵੀ ਸ਼ਾਮਲ ਸਨ।

## ਵਿਆਹੁਤਾ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ ’ਚ ਭਾਜਪਾ ਕੌਂਸਲਰ ਤੇ ਪੱਤਰਕਾਰ ਵਿਰੁੱਧ ਪਰਚਾ

ਫਗਵਾੜਾ 17 ਅਗਸਤ। ਪੁਲਸ ਨੇ ਇਕ ਵਿਆਹੁਤਾ ਔਰਤ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ ’ਚ ਭਾਜਪਾ ਮੰਡਲ ਫਗਵਾੜਾ ਦੇ ਪ੍ਰਧਾਨ ਅਤੇ ਮੌਜੂਦਾ ਕੌਂਸਲਰ ਸਮੇਤ ਇਕ ਹਿੰਦੀ ਅਖ਼ਬਾਰ ਦੇ ਪੱਤਰਕਾਰ ਵਿਰੁੱਧ ਵੱਖ-ਵੱਖ ਕਾਨੂੰਨੀ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਥਾਣਾ ਸਿਟੀ ਵਿਖੇ ਦਰਜ ਪੁਲਸ ਐੱਫ. ਆਈ. ਆਰ. ਨੰਬਰ 31 ਮਿਤੀ 6 ਫਰਵਰੀ 2025 ’ਚ ਪੀੜਤਾ ਹਰਸ਼ਦੀਪ ਕੌਰ ਵਾਸੀ ਜ਼ਿਲਾ ਜਲੰਧਰ ਨੇ ਖੁਲਾਸਾ ਕੀਤਾ ਕਿ ਉਹ ਘਰੇਲੂ ਕੰਮ ਕਰਦੀ ਹੈ। 5 ਫਰਵਰੀ ਨੂੰ ਸ਼ਾਮ ਕਰੀਬ 4.12 ਵਜੇ ਫਗਵਾੜਾ ਦੇ ਰਹਿਣ ਵਾਲੇ ਅਨੁਰਾਗ ਮਨਖੰਡ ਨੇ ਉਸ ਦੇ ਮੋਬਾਈਲ ਨੰਬਰ ’ਤੇ ਫੋਨ ਕੀਤਾ ਅਤੇ ਕਿਹਾ ਕਿ ਉਹ ਹਰਗੋਬਿੰਦ ਨਗਰ ਦਾ ਮੌਜੂਦਾ ਭਾਜਪਾ ਕੌਂਸਲਰ ਹੈ ਅਤੇ ਉਸ ਨੇ ਉਸਦਾ ਮੋਬਾਈਲ ਫੋਨ ਨੰਬਰ ਅਮਿਤ ਓਹਰੀ ਵਾਸੀ ਨਿਊ ਮਨਸਾ ਦੇਵੀ ਨਗਰ ਤੋਂ ਲੈ ਲਿਆ ਹੈ, ਜੋ ਰਿਸ਼ਤੇ ’ਚ ਉਸ ਦਾ ਮੂੰਹ ਬੋਲਿਆ ਮਾਸੜ ਹੈ। ਭਾਜਪਾ ਕੌਂਸਲਰ ਅਨੁਰਾਗ ਮਨਖੰਡ ਨੇ ਕਿਹਾ ਕਿ ਉਹ ਉਸ ਨੂੰ ਬਰਿਸਤਾ ਜਲੰਧਰ ਰੋਡ ’ਤੇ ਮਿਲਣਾ ਚਾਹੁੰਦਾ ਹੈ, ਜਿੱਥੇ ਉਸਨੇ ਉਸ ਨਾਲ ਬਿਜ਼ਨੈੱਸ ਦੀ ਗੱਲ ਕਰਨੀ ਹੈ, ਜਿਸ ਤੋਂ ਬਾਅਦ ਉਸ ਨੇ ਉਸ ਨੂੰ ਕਿਹਾ ਕਿ ਉਹ ਇਕੱਲੀ ਨਹੀਂ ਆ




ਸਕੇਗੀ ਕਿਉਂਕਿ ਉਸ ਦਾ ਪਤੀ ਮੌਜੂਦ ਨਹੀਂ ਹੈ ਪਰ ਅਨੁਰਾਗ ਮਾਨਖੰਡ ਨੇ ਅਮਿਤ ਓਹਰੀ ਦਾ ਭਰੋਸਾ ਦਿੱਤਾ, ਜਿਸ ਤੋਂ ਬਾਅਦ ਉਹ ਆਉਣ ਲਈ ਸਹਿਮਤ ਹੋ ਗਈ। 5 ਫਰਵਰੀ ਨੂੰ ਸ਼ਾਮ ਕਰੀਬ 4.30 ਵਜੇ ਅਮਿਤ ਓਹਰੀ ਨੇ ਡਰਾਈਵਰ ਨਾਲ ਆਪਣੀ ਕਾਰ ਉਸ ਨੂੰ ਲੈਣ ਲਈ ਉਸਦੇ ਘਰ ਭੇਜੀ ਪਰ ਗੱਡੀ ਦਾ ਡਰਾਈਵਰ ਉਸ ਨੂੰ ਬਰਿਸਤਾ ਕੈਫੇ ਲਿਜਾਣ ਦੀ ਬਜਾਏ ਇੰਡੀਅਨ ਲੀਡਜ਼ ਗੈਸ ਏਜੰਸੀ ਦੇ ਬੈਕਸਾਈਡ ਦਾਣਾ ਮੰਡੀ, ਹੁਸ਼ਿਆਰਪੁਰ ਰੋਡ, ਫਗਵਾੜਾ ਲੈ ਗਿਆ। ਜਦੋਂ ਉਸਨੇ ਪੁੱਛਿਆ ਕਿ ਉਹ ਉਸਨੂੰ ਇੱਥੇ ਕਿਉਂ ਲੈ ਕੇ ਆਇਆ ਹੈ ਤਾਂ ਉਸਨੇ ਕਿਹਾ ਕਿ ਉਸਨੂੰ ਇੱਥੇ ਹੀ ਲਿਆਉਣ ਲਈ ਕਿਹਾ ਗਿਆ ਸੀ। ਪੀੜਤਾ ਨੇ ਕਿਹਾ ਕਿ ਜਦੋਂ ਉਹ ਗੈਸ ਏਜੰਸੀ ਦੇ ਦਫ਼ਤਰ ਪਹੁੰਚੀ ਤਾਂ ਭਾਜਪਾ ਕੌਂਸਲਰ ਅਨੁਰਾਗ ਮਨਖੰਡ ਅਤੇ ਅਮਿਤ ਓਹਰੀ ਉੱਥੇ ਮੌਜੂਦ ਸਨ। ਇਸ ਤੋਂ ਬਾਅਦ ਉਹ ਕੈਬਿਨ ’ਚ ਬੈਠ ਗਈ ਪਰ ਇਸੇ ਦੌਰਾਨ ਅਨੁਰਾਗ ਮਾਨਖੰਡ ਨੇ ਕਿਹਾ ਕਿ ਉਸ ਨੂੰ ਉਸ ਨਾਲ ਬਿਜ਼ਨੈੱਸ ਮੀਟਿੰਗ ਕਰਨੀ ਹੈ, ਇਸ ਲਈ ਦੂਸਰੇ ਕੈਬਿਨ (ਕਮਰੇ) ’ਚ ਚਲੇ ਜਾਈਏ। ਇੱਥੇ ਪਹੁੰਚਣ ਤੋਂ ਬਾਅਦ ਅਨੁਰਾਗ ਮਨਖੰਡ ਨੇ ਉਸ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਅਚਾਨਕ ਕਮਰੇ ਤੋਂ ਬਾਹਰ ਚਲਾ ਗਿਆ ਅਤੇ ਜਿਵੇਂ ਹੀ ਉਹ ਕਮਰੇ ਵਿਚ ਮੁੜ ਵਾਪਸ ਆਇਆ ਤਾਂ ਉਸ ਨੇ ਉਸ ਦੀ ਸਹਿਮਤੀ ਤੋਂ ਬਿਨਾਂ ਉਸ ਨਾਲ ਅਸ਼ਲੀਲ ਹਰਕਤਾਂ ਕੀਤੀਆਂ, ਜਿਸ ਦਾ ਉਸ ਨੇ ਵਿਰੋਧ ਕੀਤਾ। ਇਸ ਦੌਰਾਨ ਉਸਦੀ ਉਸ ਨਾਲ ਹੱਥੋਪਾਈ ਵੀ ਹੋਈ। ਪੀੜਤਾ ਨੇ ਕਿਹਾ ਕਿ ਉਹ ਦੌੜ ਕੇ ਕਮਰੇ ਤੋਂ ਬਾਹਰ ਭੱਜੀ ਅਤੇ ਆਪਣੇ ਮੂੰਹ ਬੋਲੇ ਮਾਸੜ ਅਮਿਤ ਓਹਰੀ ਨੂੰ ਸਾਰੀ ਸੱਚਾਈ ਦੱਸੀ ਪਰ ਅਮਿਤ ਨੇ ਉਸ ਨੂੰ ਚੁੱਪ ਰਹਿਣ ਅਤੇ ਇਸ ਮਾਮਲੇ ਬਾਰੇ ਕਿਸੇ ਨੂੰ ਕੁਝ ਨਾ ਦੱਸਣ ਲਈ ਕਿਹਾ। ਇਸ ਦੌਰਾਨ ਅਨੁਰਾਗ ਮਾਨਖੰਡ ਵੀ ਕਮਰੇ ਤੋਂ ਬਾਹਰ ਆ ਗਿਆ ਅਤੇ ਧਮਕੀ ਦਿੱਤੀ ਕਿ ਜੇਕਰ ਉਸ ਨੇ ਇਸ ਮਾਮਲੇ ਬਾਰੇ ਕਿਸੇ ਨੂੰ ਦੱਸਿਆ ਤਾਂ ਉਹ ਉਸ ਨੂੰ ਜਾਨੋਂ ਮਾਰ ਦੇਵੇਗਾ। ਫਿਰ ਉਹ ਚੁੱਪਚਾਪ ਅਮਿਤ ਓਹਰੀ ਦੀ ਕਾਰ ਵਿਚ ਹੀ ਡਰਾਈਵਰ ਨਾਲ ਆਪਣੇ ਘਰ ਵਾਪਸ ਆਈ ਅਤੇ ਆਪਣੇ ਪਤੀ ਅਤੇ ਮਾਤਾ ਪਿਤਾ ਨੂੰ ਵਾਪਰੀ ਘਟਨਾ ਬਾਰੇ ਦੱਸਿਆ।

## ਲੁਟੇਰਾ ਗਿਰੋਹ ਦੇ 2 ਮੈਂਬਰ ਨਾਜਾਇਜ਼ ਪਿਸਤੌਲ ਤੇ ਜ਼ਿੰਦਾ ਕਾਰਤੂਸ ਸਣੇ ਗ੍ਰਿਫਤਾਰ

ਫਿਰੋਜ਼ਪੁਰ 17 ਅਗਸਤ। ਸੀ. ਆਈ. ਏ. ਸਟਾਫ਼ ਫਿਰੋਜ਼ਪੁਰ ਦੀ ਪੁਲਸ ਨੇ ਆਉਂਦੇ ਜਾਂਦੇ ਰਾਹਗੀਰਾਂ ਨੂੰ ਲੁਟੇਰਾ ਗਿਰੋਹ ਦੇ ਦੋ ਮੈਂਬਰਾਂ ਨੂੰ 30 ਬੋਰ ਦੇ ਨਾਜਾਇਜ਼ ਪਿਸਤੌਲ ਅਤੇ ਜ਼ਿੰਦਾ ਕਾਰਤੂਸ ਨਾਲ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਐੱਸ. ਪੀ. ਇਨਵੈਸਟੀਗੇਸ਼ਨ ਫਿਰੋਜ਼ਪੁਰ ਰਣਧੀਰ ਕੁਮਾਰ ਨੇ ਦੱਸਿਆ ਕਿ ਡੀ. ਐੱਸ. ਪੀ. ਡਿਟੈਕਟਿਵ ਫਤਿਹ ਸਿੰਘ ਬਰਾੜ ਅਤੇ ਸੀ. ਆਈ. ਏ. ਸਟਾਫ਼ ਫਿਰੋਜ਼ਪੁਰ ਦੇ ਇੰਚਾਰਜ ਇੰਸਪੈਕਟਰ ਮੋਹਿਤ ਧਵਨ ਦੇ ਨਿਰਦੇਸ਼ਾਂ ਅਨੁਸਾਰ ਜਦੋਂ ਏ. ਐੱਸ. ਆਈ. ਸਾਹਿਬ ਸਿੰਘ ਦੀ ਅਗਵਾਈ ਹੇਠ ਸੀ. ਆਈ. ਏ. ਸਟਾਫ਼ ਫਿਰੋਜ਼ਪੁਰ ਦੀ ਪੁਲਸ ਪਾਰਟੀ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਦੇ ਹੋਏ ਫਿਰੋਜ਼ਪੁਰ-ਮੋਗਾ ਰੋਡ ’ਤੇ ਟੀ ??ਪੁਆਇੰਟ ਫਰੀਦਕੋਟ ਓਵਰਬ੍ਰਿਜ ਦੇ ਕੋਲ ਪਹੁੰਚੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਡਿੰਪਲ ਉਰਫ਼ ਮਿੱਟੂ ਵਾਸੀ ਪਿੰਡ ਪੀਰਾ ਵਾਲਾ ਅਤੇ ਹੈਰੀ ਹੀਰਾ



ਵਾਸੀ ਖਾਈ ਫੇਮੇ ਕੀ, ਫਿਰੋਜ਼ਪੁਰ ਏਰੀਆ ’ਚ ਆਉਂਦੇ-ਜਾਂਦੇ ਰਾਹਗੀਰਾਂ ਤੋਂ ਲੁੱਟ-ਖੋਹ ਕਰਦੇ ਹਨ ਅਤੇ ਉਨ੍ਹਾਂ ਕੋਲ ਨਾਜਾਇਜ਼ ਹਥਿਆਰ ਵੀ ਹਨ। ਇਸ ਸਮੇਂ ਇਹ ਦੋਵੇਂ ਵਿਅਕਤੀ ਖੋਹਿਆ ਮੋਟਰਸਾਈਕਲ ਵੇਚਣ ਲਈ ਨਵਾਂ ਪੁਰਬਾ ਪਿੰਡ ’ਚ ਦਾਣਾ ਮੰਡੀ ’ਚ ਖੜ੍ਹੇ ਕਿਸੇ ਗਾਹਕ ਦਾ ਇੰਤਜ਼ਾਰ ਕਰ ਰਹੇ ਹਨ, ਜੋ ਪੁਲਸ ਪਾਰਟੀ ਵੱਲੋਂ ਤੁਰੰਤ ਦੱਸੀ ਗਈ ਜਗ?ਹਾ ’ਤੇ ਛਾਪਾਮਾਰੀ ਕਰਦੇ ਹੋਏ ਨਾਮਜ਼ਦ ਦੋਵੇਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਤੋਂ ਇਕ 30 ਬੋਰ ਦਾ ਨਾਜਾਇਜ਼ ਪਿਸਤੌਲ, ਇਕ ਜ਼ਿੰਦਾ ਕਾਰਤੂਸ ਅਤੇ ਇਕ ਮੋਟਰਸਾਈਕਲ ਬਰਾਮਦ ਹੋਇਆ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ

## ਚੋਰੀਸ਼ੁਦਾ ਮੋਟਰਸਾਈਕਲ ਸਣੇ 1 ਵਿਅਕਤੀ ਗ੍ਰਿਫ਼ਤਾਰ

ਟਾਂਡਾ ਉੜਮੁੜ 17 ਅਗਸਤ। ਟਾਂਡਾ ਪੁਲਸ ਨੇ ਇਕ ਵਿਅਕਤੀ ਨੂੰ ਚੋਰੀਸ਼ੁਦਾ ਮੋਟਰਸਾਈਕਲ ਸਣੇ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਥਾਣਾ ਮੁਖੀ ਟਾਂਡਾ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਅਤੇ ਡੀ. ਐੱਸ. ਪੀ. ਦਵਿੰਦਰ ਸਿੰਘ ਬਾਜਵਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮਾੜੇ ਅਨਸਰਾਂ ਖ਼?ਲਾਫ਼ ਵਿੱਢੀ ਮੁਹਿੰਮ ਤਹਿਤ ਪਿੰਡ ਰੜਾ ਮੋੜ ਨੇੜਿਓਂ ਚੋਰੀਸ਼ੁਦਾ ਮੋਟਰਸਾਈਕਲ ਸਣੇ ਕਾਬੂ ਕੀਤੇ ਗਏ ਮੁਲਜ਼ਮ ਦੀ ਪਛਾਣ ਸਤਿੰਦਰਪਾਲ



ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਮਾੜੀ ਪੰਨਵਾ (ਸ੍ਰੀ ਹਰਗੋਬਿੰਦਪੁਰ) ਗੁਰਦਾਸਪੁਰ ਦੇ ਰੂਪ ਵਿਚ ਹੋਈ ਹੈ। ਥਾਣਾ ਮੁਖੀ ਨੇ ਦੱਸਿਆ ਕਿ ਜਦੋਂ ਥਾਣੇਦਾਰ ਲੋਕ ਰਾਮ ਦੀ ਟੀਮ ਜਦੋਂ ਗਸ਼ਤ ਦੌਰਾਨ ਪਿੰਡ ਭੂਲਪੁਰ ਮੋੜ ਨੇੜੇ ਮੌਜੂਦ ਸੀ ਤਾਂ ਕਿਸੇ ਮੁਖਬਰ ਖ਼ਾਸ ਨੇ ਸੂਚਨਾ ਦਿੱਤੀ ਕਿ ਉਕਤ ਮੁਲਜ਼ਮ ਜੋ ਚੋਰੀਆਂ ਕਰਨ ਦਾ ਆਦੀ ਹੈ ਅਤੇ ਹੁਣ ਵੀ ਚੋਰੀਸ਼ੁਦਾ ਮੋਟਰਸਾਈਕਲ ਸਣੇ ਰੜਾ ਮੋੜ ਕੋਲ ਮੌਜੂਦ ਹੈ। ਸੂਚਨਾ ਦੇ ਆਧਾਰ ’ਤੇ ਪੁਲਸ ਨੇ ਮੁਲਜ਼ਮ ਨੂੰ ਮੋਟਰਸਾਈਕਲ ਸਣੇ ਕਾਬੂ ਕਰਕੇ ਉਸ ਦੇ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਕੋਲੋਂ ਪੁੱਛਗਿੱਛ ਦੌਰਾਨ ਹੋਰ ਖ਼ੁਲਾਸੇ ਹੋਣ ਦੀ ਆਸ ਹੈ।

## ਪਤਨੀ ਰੋਜ਼-ਰੋਜ਼ ਕਰਦੀ ਸੀ ਬਾਹਰ ਦੇ ਖਾਣੇ ਦੀ ਡਿਮਾਂਡ, ਸਤੇ ਪਤੀ ਨੇ ਵੀ ਕਰ’ਤਾ ਉਹੀ ਕੰਮ...

ਵੈੱਬ ਡੈਸਕ 17 ਅਗਸਤ। ਉੱਤਰ ਪ੍ਰਦੇਸ਼ ਦੇ ਆਗਰਾ ਜ਼ਿਲ੍ਹੇ ਵਿੱਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਬਾਰੇ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਜਿੱਥੇ ਇੱਕ ਨਵ-ਵਿਆਹੇ ਜੋੜੇ ਵਿਚਕਾਰ ਆਨਲਾਈਨ ਖਾਣਾ ਆਰਡਰ ਕਰਨ ਨੂੰ ਲੈ ਕੇ ਝਗੜਾ ਇੰਨਾ ਵਧ ਗਿਆ ਕਿ ਮਾਮਲਾ ਤਲਾਕ ਤੱਕ ਪਹੁੰਚ ਗਿਆ। ਪਤਨੀ ਨੂੰ ਬਾਹਰ ਖਾਣਾ ਪਸੰਦ ਸੀ, ਜਦੋਂ ਕਿ ਪਤੀ ਹਰ ਰੋਜ਼ ਬਾਹਰੋਂ ਖਾਣਾ ਮੰਗਵਾਉਣ ਦੇ ਬਿਲਕੁਲ ਵਿਰੁੱਧ ਸੀ। ਹੌਲੀ-ਹੌਲੀ ਇਹ ਝਗੜਾ ਝਗੜੇ ਵਿੱਚ ਬਦਲ ਗਿਆ ਤੇ ਅੰਤ ’ਚ ਦੋਵੇਂ ਵੱਖ ਹੋ ਗਏ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, 2024 ਵਿੱਚ ਵਿਆਹ ਤੋਂ ਬਾਅਦ ਪਹਿਲੇ ਕੁਝ ਮਹੀਨਿਆਂ ਲਈ ਸਭ ਕੁਝ ਠੀਕ ਸੀ। ਪਰ ਇੱਕ ਦਿਨ ਪਤੀ ਨੇ ਆਪਣੀ ਪਤਨੀ ਦੀ ਪਸੰਦ ਦਾ ਖਾਣਾ ਆਨਲਾਈਨ ਆਰਡਰ ਕੀਤਾ ਅਤੇ ਉਸ ਤੋਂ ਬਾਅਦ ਪਤਨੀ ਨੂੰ ਇਸਦਾ ਸੁਆਦ ਲੱਗ ਗਿਆ। ਇਸ ਤੋਂ ਬਾਅਦ ਉਹ ਹਰ ਰੋਜ਼ ਬਾਹਰੋਂ ਖਾਣਾ ਮੰਗਵਾਉਣ ’ਤੇ ਜ਼ੋਰ ਦੇਣ ਲੱਗੀ। ਪਤੀ ਪਰੇਸ਼ਾਨ ਹੋ ਗਿਆ ਕਿਉਂਕਿ ਉਹ ਹਰ ਰੋਜ਼ ਬਾਹਰ ਦਾ ਖਾਣਾ ਨਹੀਂ ਖਾਣਾ ਚਾਹੁੰਦਾ ਸੀ। ਪਤੀ ਨੇ ਆਪਣੀ ਪਤਨੀ ਨੂੰ ਸਮਝਾਇਆ ਕਿ ਬਾਹਰ ਖਾਣਾ ਸਿਹਤ ਲਈ ਚੰਗਾ ਨਹੀਂ ਹੈ ਅਤੇ ਘਰ ਦਾ ਬਣਿਆ ਖਾਣਾ ਬਿਹਤਰ ਹੈ, ਪਰ ਪਤਨੀ ਨੂੰ ਇਹ ਪਸੰਦ ਨਹੀਂ ਆਇਆ ਅਤੇ ਦੋਵਾਂ ਵਿਚਕਾਰ ਰੋਜ਼ਾਨਾ ਝਗੜੇ ਹੋਣ ਲੱਗ ਪਏ। ਦੱਸਿਆ ਜਾ ਰਿਹਾ ਹੈ ਕਿ ਜਿਵੇਂ-ਜਿਵੇਂ ਇਹ ਝਗੜਾ ਵਧਦਾ ਗਿਆ, ਇੱਕ ਦਿਨ ਮਾਮਲਾ ਇੰਨਾ ਵੱਧ ਗਿਆ ਕਿ ਦੋਵਾਂ ਵਿਚਕਾਰ ਲੜਾਈ ਹੋ ਗਈ। ਇਸ ਤੋਂ ਬਾਅਦ ਪਤਨੀ ਗੁੱਸੇ ਵਿੱਚ ਆਪਣੇ ਮਾਪਿਆਂ ਦੇ ਘਰ ਗਈ ਤੇ ਪੁਲਸ ਵਿੱਚ ਸ਼ਿਕਾਇਤ ਦਰਜ ਕਰਵਾਈ। ਪੁਲਸ ਨੇ ਮਾਮਲਾ ਪਰਿਵਾਰਕ ਸਲਾਹ ਕੇਂਦਰ ਭੇਜ ਦਿੱਤਾ। ਪਰਿਵਾਰਕ ਸਲਾਹ ਕੇਂਦਰ ’ਚ ਸਲਾਹ ਦੌਰਾਨ, ਪਤੀ ਨੇ ਦੱਸਿਆ ਕਿ ਜਦੋਂ ਉਸਨੇ ਪਹਿਲੀ ਵਾਰ ਆਪਣੀ ਪਤਨੀ ਦੀ ਪਸੰਦ ਦਾ ਖਾਣਾ ਆਰਡਰ ਕੀਤਾ ਤਾਂ ਉਸਦੀ ਪਤਨੀ ਨੂੰ ਇਹ ਬਹੁਤ ਪਸੰਦ ਆਇਆ ਅਤੇ ਉਹ ਹਰ ਰੋਜ਼ ਖਾਣਾ ਆਰਡਰ ਕਰਨ ’ਤੇ ਜ਼ੋਰ ਦੇਣ ਲੱਗੀ। ਜਦੋਂ ਪਤੀ ਨੇ ਇਨਕਾਰ ਕਰ ਦਿੱਤਾ ਤਾਂ ਲੜਾਈ ਹੋ ਗਈ। ਦੂਜੇ ਪਾਸੇ, ਪਤਨੀ ਨੇ ਕਿਹਾ ਕਿ ਅਜਿਹਾ ਕੁਝ ਨਹੀਂ ਹੋਇਆ। ਉਸਨੇ ਕਿਹਾ ਕਿ ਜਦੋਂ ਉਹ ਬਿਮਾਰ ਸੀ, ਤਾਂ ਉਸਨੇ ਬਾਹਰੋਂ ਖਾਣਾ ਮੰਗਵਾਉਣ ਦੀ ਗੱਲ ਕੀਤੀ ਸੀ, ਪਰ ਉਸਦੇ ਪਤੀ ਨੇ ਇਸ ’ਤੇ ਬਹੁਤ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ। ਪਤਨੀ ਦਸੰਬਰ ਤੋਂ ਆਪਣੇ ਮਾਪਿਆਂ ਦੇ ਘਰ ਰਹਿ ਰਹੀ ਸੀ ਕਿਉਂਕਿ ਉਸਨੂੰ ਲੱਗਦਾ ਸੀ ਕਿ ਉਸਦਾ ਪਤੀ ਉਸਨੂੰ ਸਮਝ ਨਹੀਂ ਸਕਦਾ। ਉਹ ਚਾਹੁੰਦੀ ਸੀ ਕਿ ਉਸਦਾ ਪਤੀ ਉਸਦੀ ਪਸੰਦ ਦਾ ਸਤਿਕਾਰ ਕਰੇ, ਪਰ ਲਗਾਤਾਰ ਝਗੜਿਆਂ ਤੋਂ ਤੰਗ ਆ ਕੇ ਉਹ ਉਸ ਤੋਂ ਵੱਖ ਹੋ ਗਈ। ਹੁਣ ਕਾਉਂਸਲਿੰਗ ਦੌਰਾਨ ਕਾਉਂਸਲਰ ਨੇ ਦੋਵਾਂ ਨੂੰ ਸਮਝੌਤਾ ਕਰਨ ਦਾ ਸੁਝਾਅ ਦਿੱਤਾ। ਪਤਨੀ ਨੂੰ ਸਲਾਹ ਦਿੱਤੀ ਗਈ ਕਿ ਘਰ ਵਿੱਚ ਖਾਣਾ ਬਣਾਉਣਾ ਬਿਹਤਰ ਹੈ ਅਤੇ ਪਤੀ ਨੂੰ ਕਿਹਾ ਗਿਆ ਕਿ ਉਹ ਪਤਨੀ ਦੀ ਪਸੰਦ ਅਨੁਸਾਰ ਕਦੇ-ਕਦੇ ਬਾਹਰੋਂ ਖਾਣਾ ਮੰਗਵਾ ਸਕਦਾ ਹੈ। ਇਸ ਤੋਂ ਬਾਅਦ, ਲੰਬੀ ਗੱਲਬਾਤ ਤੋਂ ਬਾਅਦ, ਦੋਵੇਂ ਇੱਕ ਦੂਜੇ ਨੂੰ ਸਮਝ ਗਏ ਅਤੇ ਸਮਝੌਤਾ ਕਰਨ ਲਈ ਸਹਿਮਤ ਹੋ ਗਏ। ਹੁਣ ਦੋਵੇਂ ਦੁਬਾਰਾ ਇਕੱਠੇ ਰਹਿਣਗੇ ਅਤੇ ਆਪਸੀ ਤਾਲਮੇਲ ਰਾਹੀਂ ਆਪਣੇ ਰਿਸ਼ਤੇ ਨੂੰ ਬਿਹਤਰ ਬਣਾਉਣਗੇ।

## ਪੰਜਾਬ ਦੇ ਇਸ ਇਲਾਕੇ ’ਚ ਬਾਂਦਰ ਨੇ ਪਾ ’ਤਾ ਭੜਥੂ, ਲੋਕ ਘਰਾਂ ’ਚੋਂ ਬਾਹਰ ਨਿਕਲਣ ਤੋਂ ਵੀ ਲੱਗੇ ਡਰਨ

ਬੇਗੋਵਾਲ 17 ਅਗਸਤ। ਬੇਗੋਵਾਲ ਦੇ ਪਿੰਡ ਕਰਨੈਲਗੰਜ ਵਿਚ ਜੰਗਲੀ ਬਾਂਦਰ ਨੇ ਆਤੰਕ ਮਚਾਇਆ ਹੈ, ਜਿਸ ਕਾਰਨ ਪਿੰਡ ਵਾਸੀ ਬਹੁਤ ਜ਼ਿਆਦਾ ਪ੍ਰੇਸ਼ਾਨ ਹਨ। ਦੱਸਣਯੋਗ ਹੈ ਕਿ ਇਸ ਪਿੰਡ ਵਿਚ ਜੰਗਲੀ ਬਾਂਦਰ ਨੂੰ ਆਏ ਚਾਰ ਦਿਨ ਹੋ ਗਏ ਹਨ, ਜੋ ਘਰਾਂ ਵਿਚ ਦਾਖ਼ਲ ਹੋ ਕੇ ਲੋਕਾਂ ਨੂੰ ਜਿੱਥੇ ਪ੍ਰੇਸ਼ਾਨ ਕਰਦਾ ਹੈ, ਉਥੇ ਹੀ ਆਉਂਦੇ-ਜਾਂਦੇ ਲੋਕਾਂ ਦੇ ਮੋਢਿਆਂ ’ਤੇ ਵੀ ਚੜ੍ਹ ਜਾਂਦਾ ਹੈ। ਪਤਾ ਲੱਗਾ ਹੈ ਕਿ ਇਸ ਬਾਂਦਰ ਨੇ ਪੂਰੇ ਪਿੰਡ ਵਿਚ ਹਾਹਾਕਾਰ ਮਚਾਇਆ ਹੋਇਆ ਹੈ, ਜਿਸ ਨੂੰ ਲੈ ਕੇ ਲੋਕ ਬਹੁਤ ਜ਼ਿਆਦਾ ਪ੍ਰੇਸ਼ਾਨ ਹਨ। ਲੋਕ ਘਰਾਂ ਵਿਚੋਂ ਵੀ ਬਾਹਰ ਨਿਕਲਣ ਤੋਂ ਡਰ ਰਹੇ ਹਨ। ਦੂਜੇ ਪਾਸੇ ਇਸ ਸੰਬੰਧੀ ਜਦੋਂ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਗਾਰਡ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਕੰਮ ਐਨੀਮਲ ਹਸਬੈਂਡਰੀ ਵਿਭਾਗ ਜਾਂ ਕਾਰਪੋਰੇਸ਼ਨ ਦਾ ਹੈ ਪਰ ਐਨੀਮਲ ਹਸਬੈਂਡਰੀ ਦੇ ਡਿਪਟੀ ਡਾਇਰੈਕਟਰ ਕਪੂਰਥਲਾ ਨੇ ਕਿਹਾ ਕਿ ਇਹ ਕੰਮ ਸਾਡਾ ਨਹੀਂ ਪੰਚਾਇਤ ਦੇ ਨਾਲ ਸੰਬੰਧਤ ਵਿਭਾਗ ਦਾ ਹੈ। ਇਸ ਸਬੰਧੀ ਬੀ. ਡੀ. ਪੀ. ਓ. ਨਡਾਲਾ ਨੇ ਕਿਹਾ ਕਿ ਉਨ੍ਹਾਂ ਦਾ ਕੰਮ ਵਿਕਾਸ ਕਰਵਾਉਣ ਦਾ ਹੈ। ਫਿਰ ਜਦੋਂ ਬਾਂਦਰ ਦਾ ਰੈਸਕਿਊ ਕਰਨ ਲਈ ਕਿਸੇ ਵੀ ਵਿਭਾਗ ਕੋਲੋਂ ਪੂਰੀ ਨਹੀਂ ਪਈ ਤਾਂ ਉਕਤ ਮਾਮਲਾ ਐੱਸ. ਡੀ. ਐੱਮ. ਭੁਲੱਥ ਡੈਵੀ ਗੋਇਲ ਦੇ ਧਿਆਨ ਵਿਚ ਲਿਆਂਦਾ ਗਿਆ, ਜਿਨ੍ਹਾਂ ਕਿਹਾ ਕਿ ਬਾਂਦਰ ਦਾ ਰੈਸਕਿਊ ਕਰਨ ਲਈ ਉਹ ਸੰਬੰਧਤ ਵਿਭਾਗ ਨੂੰ ਕਹਿੰਦੇ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਜਿਮ ਜਾਣ ਵਾਲੇ ਨੌਜਵਾਨਾਂ ਲਈ ਪੰਜਾਬ ਸਰਕਾਰ ਦਾ ਵੱਡਾ ਫੈਸਲਾ, ਤੁਰੰਤ ਸ਼ੁਰੂ ਕੀਤੀ ਗਈ ਕਾਰਵਾਈ

**ਕੌਮੀ ਪਤ੍ਰਿਕਾ**

ਚੰਡੀਗੜ੍ਹ 17 ਅਗਸਤ। ਪਿਛਲੇ ਕੁੱਝ ਸਮੇਂ ਤੋਂ ਜਿੰਮਾਂ 'ਚ ਘੱਟ ਉਮਰ ਦੇ ਨੌਜਵਾਨਾਂ 'ਚ ਹਾਰਟ ਅਟੈਕ ਦੇ ਵੱਧ ਰਹੇ ਮਾਮਲਿਆਂ ਨੇ ਚਿੰਤਾ ਵਧਾ ਦਿੱਤੀ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਨੇ ਤੁਰੰਤ ਕਦਮ ਚੁੱਕਣ ਦਾ ਫੈਸਲਾ ਕੀਤਾ ਹੈ। ਸਿਹਤ ਮੰਤਰੀ ਵੱਲੋਂ ਪੱਤਰਕਾਰਾਂ ਨੂੰ ਦਿੱਤੇ ਪਿਛਲੇ ਦਿਨਾਂ ਦੇ ਬਿਆਨ ਤੋਂ ਬਾਅਦ ਹੁਣ ਲੱਗਦਾ ਹੈ ਕਿ ਸਰਕਾਰ ਨੇ ਇਸ 'ਤੇ ਤੁਰੰਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸਰਕਾਰ ਦੇ ਨਵੇਂ ਫੈਸਲੇ ਮੁਤਾਬਕ ਹੁਣ ਪੰਜਾਬ ਭਰ ਦੇ ਜਿੰਮਾਂ 'ਚ ਵਰਤੇ ਜਾਣ ਵਾਲੇ ਸਪਲੀਮੈਂਟ ਦੀ ਜਾਂਚ ਹੋਵੇਗੀ। ਸਿਹਤ ਵਿਭਾਗ ਇਸ ਗੱਲ ਦੀ ਪੁਸ਼ਟੀ ਕਰੇਗਾ ਕਿ ਜਿੰਮਾਂ 'ਚ ਨੌਜਵਾਨਾਂ ਨੂੰ ਦਿੱਤੇ ਜਾਣ ਵਾਲੇ ਪਾਊਡਰ, ਕੈਪਸੂਲ ਜਾਂ ਪੀਣ ਵਾਲੇ ਪਦਾਰਥ ਸਿਹਤ ਲਈ ਸੁਰੱਖਿਅਤ ਹਨ ਜਾਂ ਨਹੀਂ। ਬਾਜ਼ਾਰ 'ਚ ਕਈ ਵਾਰ ਗੈਰ-ਮਿਆਰੀ ਜਾਂ ਪਾਬੰਦੀਸ਼ੁਦਾ ਸਪਲੀਮੈਂਟ ਆ ਜਾਂਦੇ ਹਨ, ਜੋ ਸਰੀਰ 'ਤੇ ਤੁਰੰਤ ਅਸਰ ਕਰਦੇ ਹਨ ਪਰ ਲੰਬੇ ਸਮੇਂ 'ਚ ਸਿਹਤ ਲਈ ਖ਼ਤਰਾ ਬਣ ਸਕਦੇ ਹਨ। ਸਿਹਤ ਮੰਤਰੀ ਨੇ ਸਾਫ ਕੀਤਾ ਹੈ ਕਿ ਇਹ ਸਿਰਫ ਸਪਲੀਮੈਂਟ ਦੀ ਜਾਂਚ ਤੱਕ ਸੀਮਤ ਨਹੀਂ ਰਹੇਗਾ। ਸਰਕਾਰ ਜਿੰਮ ਟ੍ਰੇਨਰਾਂ ਨੂੰ ਸੀਪੀਆਰ () ਦੀ ਬਿਹਤਰ ਟ੍ਰੇਨਿੰਗ ਵੀ ਦੇਵੇਗੀ ਤਾਂ ਜੋ ਐਮਰਜੈਂਸੀ ਸਥਿਤੀ ਵਿੱਚ ਕਿਸੇ ਨੌਜਵਾਨ ਦੀ ਜਾਨ ਬਚਾਈ ਜਾ ਸਕੇ। ਇਹ ਟ੍ਰੇਨਿੰਗ ਜਿੰਮ ਮਾਲਕਾਂ ਅਤੇ ਟ੍ਰੇਨਰਾਂ ਲਈ ਲਾਜ਼ਮੀ ਕਰਨ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਬਿਨਾਂ ਡਾਕਟਰੀ ਸਲਾਹ ਦੇ ਸਪਲੀਮੈਂਟ ਦੀ ਵਰਤੋਂ ਅਤੇ ਹੱਦ ਤੋਂ ਵੱਧ ਵਰਕਆਊਟ, ਦਿਲ 'ਤੇ ਦਬਾਅ ਪਾਉਂਦੇ ਹਨ। ਖਾਸ ਕਰ ਘੱਟ ਉਮਰ 'ਚ ਜਦੋਂ ਸਰੀਰ ਹਾਲੇ ਵਿਕਾਸ ਅਵਸਥਾ 'ਚ ਹੁੰਦਾ ਹੈ, ਲੋੜ ਤੋਂ ਵੱਧ ਸਟ੍ਰੇਨ ਨਾਲ ਦਿਲ ਦੀ ਧੜਕਣ ਬੇਤਰਤੀਬ ਹੋ ਸਕਦੀ ਹੈ। ਪੰਜਾਬ ਸਰਕਾਰ ਦੀ ਯੋਜਨਾ ਅਨੁਸਾਰ ਪਹਿਲਾਂ ਵੱਡੇ ਸ਼ਹਿਰਾਂ ਜਿਵੇਂ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਚੰਡੀਗੜ੍ਹ ਦੇ ਜਿੰਮਾਂ 'ਚ ਸਪਲੀਮੈਂਟ ਦੇ ਨਮੂਨੇ ਇਕੱਠੇ ਕੀਤੇ ਜਾਣਗੇ। ਇਸ ਤੋਂ ਬਾਅਦ ਛੋਟੇ ਸ਼ਹਿਰਾਂ ਅਤੇ ਕਸਬਿਆਂ 'ਚ ਵੀ ਜਾਂਚ ਮੁਹਿੰਮ ਚਲਾਈ ਜਾਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਨੌਜਵਾਨਾਂ ਦੀ ਸਿਹਤ ਨੂੰ ਧਿਆਨ 'ਚ ਰੱਖਦਿਆਂ ਚੁੱਕਿਆ ਜਾ ਰਿਹਾ ਹੈ ਨਾ ਕਿ ਜਿੰਮ ਉਦਯੋਗ ਨੂੰ ਨੁਕਸਾਨ ਪਹੁੰਚਾਉਣ ਲਈ। ਜਿਹੜੇ ਜਿੰਮ ਮਿਆਰੀ ਸਪਲੀਮੈਂਟ ਵਰਤਦੇ ਹਨ ਅਤੇ ਸੁਰੱਖਿਆ ਮਾਪਦੰਡਾਂ 'ਤੇ ਖਰੇ ਉਤਰਦੇ ਹਨ, ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਆਵੇਗੀ। ਸਰਕਾਰੀ ਹਦਾਇਤਾਂ ਦੇ ਤਹਿਤ, ਜਿੰਮਾਂ 'ਚ ਸਪਲੀਮੈਂਟ ਦੇ ਪੈਕਟਾਂ 'ਤੇ ਨਿਰਮਾਣ ਤਾਰੀਖ, ਸਮਾਪਤੀ ਤਾਰੀਖ, ਬਣਾਉਣ ਵਾਲੀ ਕੰਪਨੀ ਦਾ ਨਾਂ ਅਤੇ ਮਨਜ਼ੂਰੀ ਨੰਬਰ ਸਪੱਸ਼ਟ ਹੋਣਾ ਲਾਜ਼ਮੀ ਕਰ ਦਿੱਤਾ ਜਾਵੇਗਾ। ਨਾਲ ਹੀ ਜਿੰਮ ਟ੍ਰੇਨਰਾਂ ਨੂੰ ਐਮਰਜੈਂਸੀ ਮੈਡੀਕਲ ਕਿੱਟ ਰੱਖਣੀ ਲਾਜ਼ਮੀ ਹੋਵੇਗੀ। ਇਸ ਫੈਸਲੇ ਨੂੰ ਲੈ ਕੇ ਨੌਜਵਾਨਾਂ ਅਤੇ ਮਾਪਿਆਂ 'ਚ ਸੰਤੋਖ ਦੀ ਲਹਿਰ ਹੈ। ਕਈ ਜਿੰਮ ਮਾਲਕਾਂ ਨੇ ਵੀ ਕਿਹਾ ਹੈ ਕਿ ਜੇਕਰ ਇਹ ਕਦਮ ਸਿਹਤ ਸੁਰੱਖਿਆ ਲਈ ਹੈ ਤਾਂ ਉਹ ਪੂਰਾ ਸਹਿਯੋਗ ਦੇਣਗੇ। ਇਸ ਤਰ੍ਹਾਂ ਲੱਗਦਾ ਹੈ ਕਿ ਪੰਜਾਬ ਸਰਕਾਰ ਜਿੰਮ ਸੱਭਿਆਚਾਰ ਨੂੰ ਸੁਰੱਖਿਅਤ ਬਣਾਉਣ ਲਈ ਇਕ ਵੱਡੀ ਅਤੇ ਸਕਾਰਾਤਮਕ ਦਿਸ਼ਾ 'ਚ ਕਦਮ ਚੁੱਕ ਰਹੀ ਹੈ।

# ਦਿੱਲੀ ਦਾ ਹਰ ਨਾਗਰਿਕ ਦਿਲੋਂ ਮੋਦੀ ਜੀ ਦਾ ਧੰਨਵਾਦ ਕਰ ਰਿਹਾ ਹੈ: ਰੇਖਾ ਗੁਪਤਾ

Contd...............Front page

ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਕਿਵੇਂ NHAI ਨੇ ਲੱਖਾਂ ਮੀਟ੍ਰਿਕ ਟਨ ਕੂੜੇ ਨੂੰ ਰੀਸਾਈਕਲ ਕਰਕੇ ਦਿੱਲੀ ਵਿੱਚ ਨਵੀਆਂ ਸੜਕਾਂ ਬਣਾਈਆਂ ਹਨ। ਉਨ੍ਹਾਂ ਕੇਂਦਰੀ ਸੜਕ ਆਵਾਜਾਈ ਮੰਤਰੀ ਸ਼੍ਰੀ ਨਿਤਿਨ ਗਡਕਰੀ ਜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਕੰਮ ਸਿਰਫ਼ ਸੜਕ ਨਿਰਮਾਣ ਹੀ ਨਹੀਂ ਹੈ, ਸਗੋਂ ਦਿੱਲੀ ਨੂੰ ਸਫਾਈ ਦੇ ਇੱਕ ਨਵੇਂ ਪੱਧਰ 'ਤੇ ਲੈ ਜਾ ਰਿਹਾ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਵਾਰਕਾ ਐਕਸਪ੍ਰੈਸਵੇਅ ਅਤੇ ਯੂਈਆਰ-2 ਦਾ ਉਦਘਾਟਨ ਦਿੱਲੀ ਦੀ ਗਤੀ ਨੂੰ ਨਵੇਂ ਖੰਭ ਦੇਣ ਜਾ ਰਿਹਾ ਹੈ। ਕਿਸੇ ਨੇ ਕਦੇ ਨਹੀਂ ਸੋਚਿਆ ਸੀ ਕਿ ਸਿੰਘੂ ਬਾਰਡਰ ਤੋਂ ਹਵਾਈ ਅੱਡੇ ਤੱਕ ਦਾ ਸਫ਼ਰ ਸਿਰਫ਼ 40 ਮਿੰਟਾਂ ਵਿੱਚ ਪੂਰਾ ਹੋ ਜਾਵੇਗਾ। ਕਦੇ ਸੋਚਿਆ ਵੀ ਨਹੀਂ ਸੀ ਕਿ ਮੁਕਰਬਾ ਚੌਕ, ਧੌਲਾ ਕੂਆਂ ਅਤੇ ਐਨਐਚ-8 ਵਰਗੇ ਟਰੈਫਿਕ ਜਾਮ ਦੇ ਭਿਆਨਕ ਸਥਾਨਾਂ ਨੂੰ ਆਸਾਨੀ ਨਾਲ ਪਾਰ ਕੀਤਾ ਜਾਵੇਗਾ। ਇਹ ਸਭ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਜੀ ਦੀ ਦੂਰਦਰਸ਼ੀ ਅਤੇ ਦ੍ਰਿੜਤਾ ਨਾਲ ਸੰਭਵ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਦਿੱਲੀ ਨੂੰ ਰੋਕਣ ਦੀ ਰਾਜਨੀਤੀ ਖੇਡੀ, ਪਰ ਕੇਂਦਰ ਦੀ ਮੋਦੀ ਸਰਕਾਰ ਨੇ ਦਿੱਲੀ ਨੂੰ ਗਤੀ ਦਿੱਤੀ, ਇਸਨੂੰ ਗਤੀ ਦਿੱਤੀ ਅਤੇ ਇਸਨੂੰ ਵਿਕਾਸ ਵੱਲ ਲੈ ਗਈ। ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਆਪਣੇ ਭਾਵੁਕ ਭਾਸ਼ਣ ਦੇ ਅੰਤ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਜੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ "ਤੁਸੀਂ ਹੱਲ ਨੂੰ ਸੰਕਲਪ ਤੋਂ ਪ੍ਰਾਪਤੀ ਵੱਲ ਇਸ ਦੇਸ਼ ਦੀ ਕਿਸਮਤ ਵਿੱਚ ਬਦਲ ਦਿੱਤਾ ਹੈ। ਤੁਹਾਡੀ ਅਣਥੱਕ ਮਿਹਨਤ ਅਤੇ ਨਵੀਂ ਸੋਚ ਨੇ ਤਰੱਕੀ ਦੇ ਨਵੇਂ ਰਸਤੇ ਖੋਲ੍ਹ ਦਿੱਤੇ ਹਨ। ਦਿੱਲੀ ਦੀ ਗਤੀ, ਦਿੱਲੀ ਦਾ ਮਾਣ ਅਤੇ ਦਿੱਲੀ ਦਾ ਭਵਿੱਖ ਤੁਹਾਡੇ ਹੱਥਾਂ ਵਿੱਚ ਸੁਰੱਖਿਅਤ ਹੈ। ਅੱਜ ਦਿੱਲੀ ਦਾ ਹਰ ਨਾਗਰਿਕ ਦਿਲੋਂ ਕਹਿ ਰਿਹਾ ਹੈ, ਧੰਨਵਾਦ ਮੋਦੀ ਜੀ !"ਮੁੱਖ ਮੰਤਰੀ ਨੇ ਹਾਜ਼ਰ ਨਾਗਰਿਕਾਂ ਨੂੰ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਜੀ ਦਾ ਧੰਨਵਾਦ ਕਰਨ ਦਾ ਸੱਦਾ ਦਿੱਤਾ ਅਤੇ ਉਨ੍ਹਾਂ ਨੂੰ ਉਤਸ਼ਾਹ ਨਾਲ ਨਾਅਰਾ ਲਗਾਉਣ ਲਈ ਕਿਹਾ, ਧੰਨਵਾਦ ਮੋਦੀ ਜੀ ! ਧੰਨਵਾਦ ਮੋਦੀ ਜੀ।

# ਮੁਨੀਸ਼ ਸਿਸੋਦੀਆ ਦਾ ਬਿਆਨ ਪੰਜਾਬ ਦੇ ਇਤਿਹਾਸਕ ਤੇ ਸੱਭਿਆਚਾਰਕ ਖਾਸੇ ਨੂੰ ਪਲੀਤ ਕਰਨ ਵਾਲਾ

ਅੰਮ੍ਰਿਤਸਰ, 17 ਅਗਸਤ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਮ ਆਦਮੀ ਪਾਰਟੀ ਦੇ ਆਗੂ ਮੁਨੀਸ਼ ਸਿਸੋਦੀਆ ਵੱਲੋਂ ਪੰਜਾਬ ਅੰਦਰ 2027 ਦੀਆਂ ਚੋਣਾਂ ਜਿੱਤਣ ਲਈ ਜ਼ਬਰਦਸਤੀ, ਪੈਸੇ, ਗੁੰਡਾਗਰਦੀ, ਝੂਠ, ਫਰੇਬ ਆਦਿ ਦਾ ਸਹਾਰਾ ਲੈਣ ਲਈ ਵਰਕਰਾਂ ਨੂੰ ਉਕਸਾਉਣ ਦੇ ਦਿੱਤੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਇਹ ਗੁਰੂ ਸਾਹਿਬਾਨ ਦੀ ਧਰਤੀ ਪੰਜਾਬ ਦੇ ਪਵਿੱਤਰ ਇਤਿਹਾਸ ਤੇ ਵਿਰਾਸਤ ਨੂੰ ਖੰਡਤ ਕਰਨ ਵਾਲੀ ਹਰਕਤ ਹੈ। ਉਨ੍ਹਾਂ ਕਿਹਾ ਕਿ ਸਿਸੋਦੀਆ ਦੇ ਇਸ ਪ੍ਰਗਟਾਵੇ ਨਾਲ ਆਮ ਆਦਮੀ ਪਾਰਟੀ ਦਾ ਅਸਲ ਚਿਹਰਾ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੀ ਆਪਣੀ ਇਤਿਹਾਸਕ ਮਹੱਤਤਾ ਅਤੇ ਸੱਭਿਆਚਾਰਕ ਤੇ ਧਾਰਮਿਕ ਖਾਸਾ ਹੈ। ਪੰਜਾਬ ਗੁਰੂਆਂ ਦੇ ਨਾਂ 'ਤੇ ਵੱਸਦਾ ਹੈ ਅਤੇ ਇਥੇ ਦਾ ਹਰ ਕੋਨਾ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ ਹੋਣ ਕਰਕੇ ਇਕ ਸ਼ਾਨਾਂਮੱਤੀ ਵਿਰਾਸਤ ਨਾਲ ਬੱਝਾ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਬਖ਼ਸ਼ੀ ਵਿਚਾਰਧਾਰਾ ਪੂਰੀ ਦੁਨੀਆਂ ਨੂੰ ਹੱਕ, ਸੱਚ, ਇਮਾਨਦਾਰੀ, ਭਾਈਚਾਰਕ ਸਾਂਝ, ਕਿਰਤ ਕਰਨ, ਵੰਡ ਛਕਣ ਅਤੇ ਰਿਸ਼ਤਿਆਂ ਦੀ ਪਵਿੱਤਰਤਾ ਜਿਹੇ ਸਮਾਜਿਕ ਗੁਣਾਂ ਨਾਲ ਲਬਰੇਜ਼ ਹੈ। ਰਾਜਨੀਤੀ ਦੇ ਖੇਤਰ ਅੰਦਰ ਵੀ ਇਹੀ ਕਦਰਾਂ-ਕੀਮਤਾਂ ਪੰਜਾਬ ਦਾ ਹਾਸਲ ਹਨ। ਉਨ੍ਹਾਂ ਆਖਿਆ ਕਿ ਆਮ ਆਦਮ ਪਾਰਟੀ ਇਹ ਕਦੇ ਨਾ ਭੁੱਲੇ ਕਿ ਲੁੱਟ ਖਸੁੱਟ ਕਰਨ ਆਏ ਧਾੜਵੀਆਂ ਨੂੰ ਹਮੇਸ਼ਾ ਪੰਜਾਬ ਤੋਂ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਅਜਿਹੇ ਵਿਚਾਰ ਨੂੰ ਕਦੇ ਵੀ ਪ੍ਰਵਾਨ ਨਹੀਂ ਕਰਨਗੇ, ਜਿਸ ਨਾਲ ਸਮਾਜ ਗੰਧਲਾ ਹੋਵੇ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ, ਜਿਸ ਨੂੰ ਕਲੰਕਤ ਕਰਨ ਵਾਲੀ ਵਿਚਾਰਧਾਰਾ ਦਾ ਵਿਰੋਧ ਕਰਨਾ ਹਰ ਪੰਜਾਬੀ ਦਾ ਧਰਮ-ਕਰਮ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਰਵਉੱਚ ਸੰਸਥਾ ਦੇ ਮੁਖੀ ਹੁੰਦਿਆਂ ਉਹ ਅਜਿਹੀ ਬਿਆਨਬਾਜ਼ੀ ਦੀ ਕਰੜੀ ਨਿੰਦਾ ਕਰਦੇ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਇਤਿਹਾਸਕ ਖਾਸੇ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਅਜਿਹੇ ਲੋਕਾਂ ਅਤੇ ਸ਼ਕਤੀਆਂ ਦਾ ਕਰੜਾ ਵਿਰੋਧ ਕਰਨ, ਤਾਂ ਜੋ ਅੱਗੇ ਤੋਂ ਕੋਈ ਅਜਿਹੀ ਹਰਕਤ ਕਰਨ ਤੋਂ ਪਹਿਲਾਂ ਸੌ ਵਾਰ ਸੋਚੇ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

ਇਕ ਵਾਰ ਜਦੋਂ ਤੁਸੀਂ ਵੱਖ-ਵੱਖ ਟੋਕਰੀਆਂ ਬਾਰੇ ਸਪੱਸ਼ਟ ਹੋ ਜਾਓਗੇ ਜਿਸ 'ਚ ਤੁਹਾਡੀ ਬੱਚਤ ਨੂੰ ਜਾਣਿਆ ਹੈ ਤਾਂ ਇਹ ਵੀ ਸਾਫ਼ ਹੋ ਜਾਵੇਗਾ ਕਿ ਕਿਸ ਤਰ੍ਹਾਂ ਦੇ ਨਿਵੇਸ਼ ਕਿਸ ਟੋਕਰੀ 'ਚ ਜਾਣਗੇ। ਪਹਿਲੀ ਟੋਕਰੀ ਦੇ ਲੰਬੇ ਸਮੇਂ ਲਈ ਦੇਖਦੇ ਹੋਏ, ਸਿਰਫ਼ ਇਕੁਇਟੀ ਫੰਡ 'ਚ ਨਿਵੇਸ਼ ਕਰਨਾ ਚਾਹੀਦਾ ਹੈ। ਸਿਰਫ਼ ਇਹੀ ਲੰਬੇ ਸਮੇਂ 'ਚ ਮਹਿੰਗਾਈ ਨੂੰ ਮਾਤ ਅਤੇ ਪ੍ਰਾਪਤ ਰਿਟਰਨ ਦੇਣ 'ਚ ਕਾਰਗਰ ਹਨ। ਛੋਟੀ ਸੀਮਾ ਵਾਲੀ ਟੋਕਰੀ ਲਈ ਤੁਹਾਨੂੰ ਹਾਈਬ੍ਰਿਡ ਜਾਂ ਡੇਟ ਫੰਡ ਦੇਖਣੇ ਚਾਹੀਦੇ ਹਨ। ਉਹ ਘੱਟ ਅਸਥਿਰ ਹੁੰਦੇ ਹਨ ਅਤੇ ਬੈਂਕ ਜਮ੍ਹਾਂ ਦੀ ਤੁਲਨਾ 'ਚ ਟੈਕਸ ਨੂੰ ਲੈ ਕੇ ਜ਼ਿਆਦਾ ਬਚਤ ਕਰਦੇ ਹਨ। ਤੀਜੀ ਭਾਵ ਤਤਕਾਲ ਜ਼ਰੂਰਤਾਂ ਵਾਲੀ ਟੋਕਰੀ ਲਈ ਬੈਂਕ ਜਮ੍ਹਾਂ ਜ਼ਿਆਦਾਤਰ ਲੋਕਾਂ ਖ਼ਾਤਰ ਸਹੀ ਰਸਤਾ ਹੈ। ਇਸ ਤਰ੍ਹਾਂ ਇਨ੍ਹਾਂ ਤਰੀਕਿਆਂ ਨਾਲ ਤੁਸੀਂ ਬੱਚਤ ਕਰ ਸਕੋਗੇ। •



---




**ਪਹਿਲੀ ਤਨਖ਼ਾਹ ਜਿਸ ਦਿਨ ਤੁਹਾਡੇ ਹੱਥ 'ਚ ਆਉਂਦੀ ਹੈ ਉਸ ਦਿਨ ਤੋਂ ਤੁਹਾਨੂੰ ਇਹ ਯੋਜਨਾ ਸ਼ੁਰੂ ਕਰ ਦੇਣੀ ਚਾਹੀਦੀ ਹੈ। ਤੁਸੀਂ ਇਸ ਲਈ ਪੈਨਸ਼ਨ ਸਕੀਮ ਤੋਂ ਇਲਾਵਾ ਐੱਸਆਈਪੀ ਜ਼ਰੀਏ ਮਿਊਚਲ ਫੰਡ 'ਚ ਵੀ ਨਿਵੇਸ਼ ਕਰ ਸਕਦੇ ਹੋ...**

# ਪ੍ਰਧਾਨ-ਮੰਤਰੀ ਵਿਅਯ ਵੰਦਨਾ ਯੋਜਨਾ

ਵਿੱਤ ਮੰਤਰੀ ਅਰੁਣ ਜੇਤਲੀ ਨੇ ਬੀਤੇ ਦਿਨੀਂ ਪ੍ਰਧਾਨ-ਮੰਤਰੀ ਵਿਅਯ ਯੋਜਨਾ ਨਾਂ ਦੀ ਖ਼ਾਸ ਪੈਨਸ਼ਨ ਸਕੀਮ ਲਾਂਚ ਕੀਤੀ ਹੈ। ਪ੍ਰਧਾਨ-ਮੰਤਰੀ ਨੇ ਇਸ ਯੋਜਨਾ ਦਾ ਐਲਾਨ ਨਵੇਂ ਸਾਲ ਦੇ ਮੌਕੇ 'ਤੇ ਕੀਤਾ ਸੀ। ਇਹ ਪੈਨਸ਼ਨ ਸਕੀਮ ਸਰਕਾਰੀ ਜੀਵਨ ਬੀਮਾ ਕੰਪਨੀ ਚਲਾ ਰਹੀ ਹੈ। ਇਸ ਜ਼ਰੀਏ ਨਾਗਰਿਕਾਂ ਨੂੰ ਨਿਵੇਸ਼ ਦਾ ਇਕ ਸਾਧਨ ਮਿਲੇਗਾ। ਇਸ ਤਹਿਤ ਇਕ ਪਰਿਵਾਰ ਨੂੰ ਸਾਲਾਨਾ 60 ਹਜ਼ਾਰ ਰੁਪਏ ਤਕ ਪੈਨਸ਼ਨ ਦੇਣ ਦੀ ਸੀਮਾ ਰੱਖੀ ਗਈ ਹੈ। ਜੇ ਦੇਖਿਆ ਜਾਵੇ ਤਾਂ ਇਸ ਸਕੀਮ 'ਚ ਜ਼ਿਆਦਾਤਰ 7.5 ਲੱਖ ਰੁਪਏ ਹੀ ਨਿਵੇਸ਼ ਕੀਤਾ ਜਾ ਸਕਦੇ ਹਨ। ਨਿਵੇਸ਼ਕ ਇਸ 'ਚ ਘੱਟ ਤੋਂ ਘੱਟ 1,44,578 ਰੁਪਏ ਨਿਵੇਸ਼ ਕਰ ਸਕਣਗੇ।



## ਕਿਉਂ ਹੈ ਖ਼ਾਸ?

- ਇਹ ਸਕੀਮ ਸਿਰਫ਼ ਉਨ੍ਹਾਂ ਲੋਕਾਂ ਲਈ ਉਪਲਬਧ ਹੈ ਜੋ 60 ਸਾਲ ਦੀ ਉਮਰ ਪਾਰ ਕਰ ਚੁੱਕੇ ਹਨ।
- ਇਸ ਤਹਿਤ 10 ਸਾਲ ਤਕ ਅੱਠ ਫ਼ੀਸਦੀ ਰਿਟਰਨ ਮਿਲੇਗਾ। ਜੇ ਇਸ ਦੌਰਾਨ ਵਿਆਜ ਦਰਾਂ ਘੱਟ ਹੁੰਦੀਆਂ ਹਨ ਤਾਂ ਐੱਲਆਈਸੀ ਨੂੰ ਇਸ ਦੀ ਭਰਪਾਈ ਸਰਕਾਰ ਵੱਲੋਂ ਕੀਤੀ ਜਾਵੇਗੀ।
- ਐੱਲਆਈਸੀ ਨੇ ਇਹ ਸਕੀਮ ਮਈ 2017 ਤੋਂ ਸ਼ੁਰੂ ਕੀਤੀ ਹੈ। ਨਿਵੇਸ਼ ਲਈ ਇਹ ਸਕੀਮ ਅਗਲੇ ਇਕ ਸਾਲ ਤਕ ਖੁੱਲ੍ਹੀ ਰਹੇਗੀ।
- ਇਸ ਸਕੀਮ 'ਚ ਆਨਲਾਈਨ ਜਾਂ ਆਫਲਾਈਨ ਤਰੀਕੇ ਨਾਲ ਨਿਵੇਸ਼ ਕੀਤਾ ਜਾ ਸਕਦਾ ਹੈ।
- ਸਕੀਮ ਤਹਿਤ ਨਿਵੇਸ਼ਕਾਂ ਨੂੰ ਮਹੀਨਾਵਾਰ, ਤਿਮਾਹੀ, ਛਿਮਾਹੀ ਅਤੇ ਸਾਲਾਨਾ ਪੇਮੈਂਟ ਕਰਨ ਦਾ ਸਾਧਨ ਮਿਲੇਗਾ। ਨਿਊਨਤਮ ਅਤੇ ਜ਼ਿਆਦਾਤਰ ਰਕਮ ਨਿਵੇਸ਼ਕ ਕਿਹੜਾ ਤਰੀਕਾ ਚੁਣਨਗੇ, ਇਸ 'ਤੇ ਨਿਰਭਰ ਕਰੇਗਾ। ਜੇ ਕੋਈ ਵਿਅਕਤੀ ਹਰ ਮਹੀਨੇ ਇਕ ਹਜ਼ਾਰ ਰੁਪਏ ਪੈਨਸ਼ਨ ਚਾਹੁੰਦਾ ਹੈ ਤਾਂ ਉਸ ਨੂੰ 1.5 ਲੱਖ ਰੁਪਏ ਨਿਵੇਸ਼ ਕਰਨਾ ਹੋਵੇਗਾ। ਜੇ ਉਹ ਸਾਲਾਨਾ 12 ਹਜ਼ਾਰ ਰੁਪਏ ਪੈਨਸ਼ਨ ਚਾਹੁੰਦਾ ਹੈ ਤਾਂ ਉਸ ਨੂੰ 1,44,578 ਰੁਪਏ ਜਮ੍ਹਾਂ ਕਰਵਾਉਣੇ ਹੋਣਗੇ।
- ਆਪਣੇ ਲਈ ਜਾਂ ਜੀਵਨਸਾਥੀ ਲਈ ਸਮੇਂ ਤੋਂ ਪਹਿਲਾਂ ਪੈਸਾ ਗੰਭੀਰ ਬਿਮਾਰੀ ਦੀ ਹਾਲਤ 'ਚ ਹੀ ਕਢਵਾ ਸਕੋਗੇ। ਅਜਿਹੀ ਸਥਿਤੀ 'ਚ ਨਿਵੇਸ਼ ਕੀਤਾ ਗਿਆ 98 ਫ਼ੀਸਦੀ ਪੈਸਾ ਵਾਪਸ ਮਿਲ ਜਾਵੇਗਾ।
- 10 ਸਾਲ ਦੇ ਪਾਲਿਸੀ ਟਰਮ ਦੌਰਾਨ ਜੇ ਪਾਲਿਸੀ ਖ਼ਰੀਦਣ ਵਾਲੇ ਦੀ ਮੌਤ ਹੋ ਜਾਂਦੀ ਹੈ ਤਾਂ ਖ਼ਰੀਦ ਦਾ ਪੈਸਾ ਉਸ ਦੇ ਨਜ਼ਦੀਕੀ ਮੈਂਬਰ ਨੂੰ ਮਿਲੇਗਾ।
- ਮਚਿਓਰਿਟੀ 'ਤੇ ਪੈਨਸ਼ਨ ਨੂੰ ਨਿਵੇਸ਼ ਕੀਤੀ ਗਈ ਰਕਮ ਪੈਨਸ਼ਨ ਦੀ ਆਖ਼ਰੀ ਕਿਸ਼ਤ ਦੇ ਨਾਲ ਵਾਪਸ ਕਰ ਦਿੱਤੀ ਜਾਵੇਗੀ।
- ਤਿੰਨ ਸਾਲ 'ਤੇ ਨਿਵੇਸ਼ ਕੀਤੀ ਗਈ ਰਕਮ 'ਤੇ 75 ਫ਼ੀਸਦੀ ਕਰਜ਼ ਵੀ ਕੱਢਿਆ ਜਾ ਸਕੇਗਾ।
- ਤੁਸੀਂ ਜੇ ਦੂਜਿਆਂ 'ਤੇ ਨਿਰਭਰ ਨਹੀਂ ਰਹਿਣਾ ਚਾਹੁੰਦੇ ਤਾਂ ਰਿਟਾਇਰਮੈਂਟ ਲਈ ਜਲਦ ਯੋਜਨਾ ਬਣਾਉਣੀ ਚਾਹੀਦੀ ਹੈ। ਤੁਹਾਡੀ ਪਹਿਲੀ ਤਨਖ਼ਾਹ ਜਿਸ ਦਿਨ ਤੁਹਾਡੇ ਹੱਥ 'ਚ ਆਉਂਦੀ ਹੈ ਉਸ ਦਿਨ ਤੋਂ ਤੁਹਾਨੂੰ ਇਸ ਯੋਜਨਾ ਸ਼ੁਰੂ ਕਰ ਦੇਣੀ ਚਾਹੀਦੀ ਹੈ। ਤੁਸੀਂ ਇਸ ਲਈ ਪੈਨਸ਼ਨ ਸਕੀਮ ਤੋਂ ਇਲਾਵਾ ਐੱਸਆਈਪੀ ਜ਼ਰੀਏ ਮਿਊਚਲ ਫੰਡ 'ਚ ਵੀ ਨਿਵੇਸ਼ ਕਰ ਸਕਦੇ ਹੋ।
- ਕੇਂਦਰ ਸਰਕਾਰ 'ਪ੍ਰਧਾਨ-ਮੰਤਰੀ ਵਿਅਯ ਵੰਦਨਾ ਯੋਜਨਾ' ਤਹਿਤ ਸਬਸਿਡੀ ਵੀ ਦੇਵੇਗੀ। ਇਸ ਤਰ੍ਹਾਂ ਤੁਸੀਂ ਇਸ ਦਾ ਭਰਪੂਰ ਲੈ ਸਕੋਗੇ। •

## ਕੀ ਇਸ ਸਕੀਮ 'ਚ ਨਿਵੇਸ਼ ਕਰਨਾ ਚਾਹੀਦਾ ਹੈ?

- ਇਹ ਸਕੀਮ ਬਜ਼ੁਰਗ ਨਾਗਰਿਕਾਂ ਲਈ ਹੈ। ਫਿਰ ਵੀ ਇਸ 'ਚ 10 ਸਾਲ ਦਾ ਲਾਕ ਇਨ ਪੀਰੀਅਡ ਦਿੱਤਾ ਗਿਆ ਹੈ। ਸਮੇਂ ਤੋਂ ਪਹਿਲਾਂ ਗੰਭੀਰ ਬਿਮਾਰੀ ਦੀ ਸਥਿਤੀ 'ਚ ਹੀ ਪੈਸਾ ਕਢਵਾ ਸਕੋਗੇ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਸ ਨੂੰ 2 ਫ਼ੀਸਦੀ ਪੈਨਲਟੀ ਦੇਣੀ ਹੋਵੇਗੀ।
- ਸਕੀਮ ਦੀ ਜਾਣਕਾਰੀ ਨਾਲ ਜੁੜੇ ਦਸਤਾਵੇਜ਼ 'ਚ ਕਿਹਾ ਗਿਆ ਹੈ ਕਿ ਇਸ ਨੂੰ ਜੀਐੱਸਟੀ ਤੋਂ ਛੋਟ ਮਿਲੇਗੀ। ਦੂਜੇ ਪਾਸੇ ਐਨੂਇਟੀ 'ਤੇ ਕਿੰਨਾ ਟੈਕਸ ਲੱਗੇਗਾ ਇਸ ਬਾਰੇ ਕੁਝ ਨਹੀਂ ਕਿਹਾ ਗਿਆ। ਜੇ ਇਸ ਨੂੰ ਦੂਜੇ ਤਰੀਕੇ ਨਾਲ ਦੇਖੀਏ ਤਾਂ ਪੈਨਸ਼ਨ ਜਾਂ ਵਿਆਜ 'ਤੇ ਟੈਕਸ ਦੇਣਾ ਹੋਵੇਗਾ।
- ਸਕੀਮ 'ਚ ਦਿੱਤਾ ਜਾ ਰਿਹਾ ਰਿਟਰਨ ਛੋਟੀ ਬਚਤ ਯੋਜਨਾ ਅਤੇ ਸੀਨੀਅਰ ਸਿਟੀਜ਼ਨ ਦੀਆਂ ਦੂਜੀਆਂ ਸਕੀਮਾਂ ਦੇ ਬਰਾਬਰ ਹੈ।
- ਜੇ ਤੁਸੀਂ ਹੇਠਲੇ ਟੈਕਸ ਬ੍ਰੇਕਟ 'ਚ ਆਉਂਦੇ ਹੋ ਅਤੇ ਫਿਕਸਡ ਡਿਪਾਜ਼ਿਟ 'ਚ ਪੈਸਾ ਪਾਉਣ ਜਾ ਰਹੇ ਹੋ ਤਾਂ ਇਹ ਸਕੀਮ ਅਜ਼ਮਾ ਸਕਦੇ ਹੋ।
- ਜੋ ਲੋਕ ਉਪਰੀ ਟੈਕਸ ਬ੍ਰੈਕੇਟ 'ਚ ਆਉਂਦੇ ਹਨ, ਉਨ੍ਹਾਂ ਕੋਲ ਟੈਕਸ ਫ੍ਰੀ ਬਾਂਡ ਦਾ ਵੀ ਸਾਧਨ ਹੈ। ਇਕ ਵਾਰ ਪੈਨਸ਼ਨ ਯੋਜਨਾ ਲੈਣ 'ਤੇ ਇਹ ਜਾਰੀ ਰਹੇਗੀ।

---

***ਇਹ ਹਰ ਨੌਕਰੀ ਕਰਨ ਵਾਲੇ ਉਸ ਆਦਮੀ ਲਈ ਚੰਗੀ ਖ਼ਬਰ ਹੈ, ਜੋ ਪ੍ਰਾਈਵੇਟ ਸੈਕਟਰ ਜਾਂ ਸਰਕਾਰੀ ਕੰਪਨੀਆਂ 'ਚ ਨੌਕਰੀ ਕਰਦੇ ਹਨ...***



# ਪੰਜ ਨਹੀਂ ਇਕ ਸਾਲ ਦੀ ਨੌਕਰੀ 'ਤੇ ਮਿਲੇਗੀ ਦੁੱਗਣੀ ਗ੍ਰੈਚੁਟੀ

ਸਰਕਾਰ ਗ੍ਰੈਚੁਟੀ ਨਾਲ ਜੁੜੇ ਨਿਯਮਾਂ ਨੂੰ ਉਧਾਰ ਬਣਾਉਣ 'ਤੇ ਵਿਚਾਰ ਕਰ ਰਹੀ ਹੈ। ਇਸ ਤਹਿਤ ਸਮਾਂ-ਸੀਮਾ ਘੱਟ ਕਰਨ ਅਤੇ ਟੈਕਸ ਫ੍ਰੀ-

ਗ੍ਰੈਚੁਟੀ ਭੁਗਤਾਨ ਦੀ ਸੀਮਾ ਦੁੱਗਣਾ ਕਰਨ 'ਤੇ ਵਿਚਾਰ ਕਰ ਰਹੀ ਹੈ। ਜੇ ਸਰਕਾਰ ਇਸ ਮਤੇ 'ਤੇ ਸਹਿਮਤ ਹੋ ਜਾਂਦੀ ਹੈ ਤਾਂ ਇਕ ਸਾਲ ਬਾਅਦ ਨੌਕਰੀ ਛੱਡਣ ਵਾਲਾ ਜਾਂ ਬਦਲਣ ਵਾਲਾ ਕਰਮਚਾਰੀ ਵੀ ਗ੍ਰੈਚੁਟੀ ਦਾ ਹੱਕਦਾਰ ਹੋਵੇਗਾ। ਹੁਣ ਪੰਜ ਸਾਲ ਦੀ ਨੌਕਰੀ ਪੂਰੀ ਕਰਨ 'ਤੇ ਹੀ ਕਰਮਚਾਰੀ ਗ੍ਰੈਚੁਟੀ ਦੇ ਪਾਤਰ ਹੁੰਦੇ ਹਨ। ਇਸ ਨਾਲ ਸਬੰਧਤ ਮਤਾ ਦੂਜੇ ਖੇਤਰਾਂ ਕੋਲ ਵਿਚਾਰ ਲਈ ਭੇਜਿਆ ਜਾ ਚੁੱਕਾ ਹੈ। ਮਹਿਕਮਿਆਂ ਤੋਂ ਜਲਦ ਹੀ ਹਰੀ ਝੰਡੀ ਮਿਲਣ ਦੀ ਉਮੀਦ ਹੈ। ਪੇਮੈਂਟ ਆਫ਼ ਗ੍ਰੈਚੁਟੀ ਐਕਟ 'ਚ ਵੀ ਸੁਧਾਰ ਜਲਦ ਹੋਵੇਗਾ। ਭਾਰਤੀ ਮਜ਼ਦੂਰ ਸੰਘ ਮੁਤਾਬਕ ਕਰਮਚਾਰੀਆਂ ਦੇ ਹਿੱਤ 'ਤੇ ਹਰ ਪ੍ਰਸਤਾਵ ਦਾ ਸਮਰਥਨ ਕਰਨਗੇ। ਇਸ ਤੋਂ ਪਹਿਲਾਂ ਸਰਕਾਰ ਨੇ ਸਿਫ਼ਾਰਿਸ਼ ਕੀਤੀ ਸੀ ਕਿ ਪ੍ਰਾਈਵੇਟ ਸੈਕਟਰ 'ਚ ਕੰਮ ਕਰ ਰਹੇ ਲੋਕਾਂ ਨੂੰ ਵੀ ਕੇਂਦਰੀ ਕਰਮਚਾਰੀਆਂ ਵਾਂਗ ਜ਼ਿਆਦਾਤਰ 20 ਲੱਖ ਰੁਪਏ ਤਕ ਗ੍ਰੈਚੁਟੀ ਮਿਲੇ। ਕੈਬਨਿਟ ਤੋਂ ਮਤਾ ਪਾਸ ਹੋਣ ਦੀ ਮੋਹਰ ਲੱਗੇਗੀ।

## ਦੁੱਗਣੀ ਹੋ ਸਕਦੀ ਹੈ ਗ੍ਰੈਚੁਟੀ ਸੀਮਾ

ਵਿਧਾਨ ਸਭਾ ਦੀ ਇਕ ਬੈਠਕ 'ਚ ਇਹ ਫ਼ੈਸਲਾ ਲਿਆ ਗਿਆ ਕਿ ਪ੍ਰਾਈਵੇਟ ਸੈਕਟਰ 'ਚ ਵੀ ਗ੍ਰੈਚੁਟੀ ਦੀ ਸੀਮਾ ਨੂੰ 10 ਲੱਖ ਤੋਂ ਵੱਧ ਕੇ 20 ਲੱਖ ਕੀਤਾ ਜਾਵੇ। ਸੱਤਵੇਂ ਤਨਖ਼ਾਹ ਕਮਿਸ਼ਨ ਨੇ ਵੀ ਗ੍ਰੈਚੁਟੀ ਦੀ ਸੀਮਾ ਨੂੰ ਦਸ ਲੱਖ ਤੋਂ ਵਧਾ ਕੇ ਵੀਹ ਲੱਖ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਕੇਂਦਰ ਸਰਕਾਰ ਦੇ ਨਾਲ-ਨਾਲ ਕਈ ਰਾਜ ਸਰਕਾਰਾਂ ਵੀ ਇਸ ਨੂੰ ਲਾਗੂ ਕਰ ਚੁੱਕੀਆਂ ਹਨ। ਕੇਂਦਰ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ ਕਿ ਪ੍ਰਾਈਵੇਟ ਸੈਕਟਰ 'ਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਗ੍ਰੈਚੁਟੀ ਦੀ ਰਾਸ਼ੀ ਨੂੰ ਦੁੱਗਣਾ ਕਰਦੇ ਹੋਏ ਸਰਕਾਰੀ ਕਰਮਚਾਰੀਆਂ ਦੇ ਬਰਾਬਰ ਕੀਤਾ ਜਾਵੇ।

## ਕੀ ਹੈ ਮੌਜੂਦਾ ਨਿਯਮ?

*ਮੌਜੂਦਾ ਪੇਮੈਂਟ ਆਫ਼ ਗ੍ਰੈਚੁਟੀ ਐਕਟ 1972 ਤਹਿਤ ਸਰਕਾਰੀ ਕਰਮਚਾਰੀਆਂ ਨੂੰ ਮਿਲਣ ਵਾਲੀ ਗ੍ਰੈਚੁਟੀ ਦੀ ਰਾਸ਼ੀ 'ਤੇ ਟੈਕਸ 'ਚ ਛੋਟ ਮਿਲਦੀ ਹੈ ਭਾਵ ਸਰਕਾਰੀ ਕਰਮਚਾਰੀਆਂ ਨੂੰ ਗ੍ਰੈਚੁਟੀ 'ਤੇ ਕੋਈ ਟੈਕਸ ਨਹੀਂ ਦੇਣਾ ਹੁੰਦਾ। ਦੂਜੇ ਪਾਸੇ ਗ਼ੈਰ-ਸਰਕਾਰੀ ਕਰਮਚਾਰੀਆਂ ਨੂੰ ਰਿਟਾਇਰਮੈਂਟ 'ਤੇ ਮਿਲਣ ਵਾਲੀ ਗ੍ਰੈਚੁਟੀ ਦੀ 10 ਲੱਖ ਰੁਪਏ ਤਕ ਦੀ ਰਾਸ਼ੀ 'ਤੇ ਕੋਈ ਟੈਕਸ ਨਹੀਂ ਲਗਦਾ ਪਰ ਇਸ ਤੋਂ ਬਾਅਦ ਟੈਕਸ ਚੁਕਾਉਣਾ ਪੈਂਦਾ ਹੈ।*

## ਸੈਕਟਰ

10 ਜਾਂ ਉਸ ਤੋਂ ਜ਼ਿਆਦਾ ਕਰਮਚਾਰੀਆਂ ਦੀ ਸੰਖਿਆ ਵਾਲੇ ਸੰਸਥਾਨ 'ਤੇ ਗ੍ਰੈਚੁਟੀ ਐਕਟ ਲਾਗੂ ਹੁੰਦਾ ਹੈ। ਇਸ ਐਕਟ ਤਹਿਤ ਜੇ ਕੋਈ ਸੰਸਥਾਨ ਇਸ ਐਕਟ ਦੇ ਦਾਇਰੇ 'ਚ ਇਕ ਵਾਰ ਆ ਜਾਂਦਾ ਹੈ ਤਾਂ ਕਰਮਚਾਰੀਆਂ ਦੀ ਸੰਖਿਆ 10 ਤੋਂ ਘੱਟ ਹੋਣ 'ਤੇ ਵੀ ਉਸ 'ਤੇ ਇਹ ਨਿਯਮ ਲਾਗੂ ਰਹਿੰਦਾ ਹੈ। •

***ਗ੍ਰੈਚੁਟੀ ਆਮਦਨ ਦਾ ਉਹ ਹਿੱਸਾ ਹੁੰਦੀ ਹੈ, ਜੋ ਉਸ ਦੀਆਂ ਸੇਵਾਵਾਂ ਬਦਲੇ ਇਕ ਨਿਸ਼ਚਿਤ ਸਮੇਂ ਬਾਅਦ ਦਿੱਤਾ ਜਾਂਦਾ ਹੈ। ਮੋਟੇ ਤੌਰ 'ਤੇ ਇਹ ਰਿਟਾਇਰਮੈਂਟ ਤੋਂ ਬਾਅਦ ਕੰਪਨੀ ਵੱਲੋਂ ਕਰਮਚਾਰੀ ਨੂੰ ਉਸਦੀ ਸੇਵਾ ਬਦਲੇ ਭੁਗਤਾਨ ਹੁੰਦਾ ਹੈ....***

## ਸੰਪਾਦਕੀ

# ਦੁਨੀਆਂ ’ਚ ਅਜੇ ਵੀ ਬਰਕਰਾਰ ਹੈ ਪਰਮਾਣੂ ਤਬਾਹੀ ਦੀ ਵੰਗਾਰ

ਬੀਤੇ ਦਿਨੀਂ ਹੀਰੋਸ਼ੀਮਾ ਅਤੇ ਨਾਗਾਸਾਕੀ ’ਤੇ ਪਰਮਾਣੂ ਧਮਾਕਿਆਂ ਦੀ 80ਵੀਂ ਬਰਸੀ ਮਨਾ ਕੇ ਹੱਟੇ ਹਾਂ ਤਾਂ ਦੁਨੀਆ ਅਜੇ ਵੀ ਇਸ ਪਰਲੋ ਦੇ ਸਿੱਟਿਆਂ ਦੀ ਚੱਲ ਰਹੀ ਵਿਰਾਸਤ ਦਾ ਸਾਹਮਣਾ ਕਰ ਰਹੀ ਹੈ। ਇਤਿਹਾਸ ਤੱਕ ਮਹਿਦੂਦ ਰਹਿਣ ਤੋਂ ਕਿਤੇ ਦੂਰ ਪਰਮਾਣੂ ਸਮੂਹ ਵਿਨਾਸ਼ ਦਾ ਖ਼ਤਰਾ ਸਮੁੱਚੇ ਆਲਮੀ ਮਨ ਮਸਤਕ ਉੱਪਰ ਦਸਤਕ ਦਿੰਦਾ ਰਿਹਾ ਹੈ। ਕਿਊਬਾ ਮਿਜ਼ਾਈਲ ਸੰਕਟ ਤੋਂ ਲੈ ਕੇ ਦੁਨੀਆ ਨੂੰ ਹਿਲਾ ਕੇ ਰੱਖ ਦੇਣ ਵਾਲੀ ਰੂਸ-ਯੂਕਰੇਨ ਜੰਗ ਅਤੇ ਹਾਲ ਹੀ ਵਿੱਚ ਭਾਰਤ ਤੇ ਪਾਕਿਸਤਾਨ ਵਿਚਕਾਰ ਉੱਭਰ ਕੇ ਸਾਹਮਣੀ ਆਈ ਦੁਸ਼ਮਣੀ ਤੇ ਇਸ ਦੇ ਨਾਲ ਜੁੜੇ ਪਰਮਾਣੂ ਹਥਿਆਰਾਂ ਦੇ ਖ਼ਤਰੇ ਬਹੁਤ ਤਿੱਖੇ ਤੇ ਅਣਸੁਲਝੇ ਸਵਾਲ ਬਣੇ ਹੋਏ ਹਨ। ਅਸੀਂ ਆਪਣਾ ਧਿਆਨ ਮਹਿਜ਼ ਯਾਦਾਂ ਦੀ ਥਾਂ ਸਾਰਥਕ ਕਾਰਵਾਈ ਉੱਪਰ ਕੇਂਦਰਿਤ ਕਰ ਕੇ ਵਧੇਰੇ ਨਿਆਂਪੂਰਨ ਤੇ ਸਮਤਾਪੂਰਨ ਦੁਨੀਆ ਸਿਰਜਣ ਲਈ ਕਾਰਜ ਕਰ ਸਕਦੇ ਹਾਂ। ਜਿਵੇਂ ਕਿਸੇ ਸਿਆਸੀ ਵਿਸ਼ਲੇਸ਼ਕ ਨੇ ਕਿਹਾ ਹੈ- ਯਾਦ ਕੇਵਲ ਮਰਨ ਵਾਲਿਆਂ ਦਾ ਸਨਮਾਨ ਕਰਨ ਨਾਲ ਜੁੜੀ ਨਹੀਂ ਹੁੰਦੀ; ਇਹ ਉਨ੍ਹਾਂ ਫ਼ੈਸਲਿਆਂ ਤੇ ਇਨਕਾਰਾਂ ਦਾ ਟਾਕਰਾ ਕਰਨ ਨਾਲ ਜੁੜੀ ਹੁੰਦੀ ਹੈ ਜਿਨ੍ਹਾਂ ਨੇ ਹਿੰਸਾ ਫੈਲਣ ਦੀ ਇਜਾਜ਼ਤ ਦਿੱਤੀ। ਇਸ ਲਈ ਮੰਗ ਇਹ ਨਹੀਂ ਕਿ ਯਾਦ ਸਮਾਗਮ ਕਰਵਾਏ ਜਾਣ ਸਗੋਂ ਇਹ ਸੀ ਕਿ ਜਿਵੇਂ ਜੂਡਿਥ ਬਟਲਰ ਦੇ ਸ਼ਬਦਾਂ ਵਿੱਚ ਰਾਜਨੀਤਕ ਤੌਰ ’ਤੇ ਪ੍ਰੇਰਿਤ ਸਥਿਤੀ ਦਾ ਨਿਰਮਾਣ ਕਰਨ ਵਾਲੀਆਂ ਅਤੇ ਫਿਰ ਇਸ ਨੂੰ ਵਿਕਾਸ ਦੇ ਲਬਾਦਾ ਪਹਿਨਾਉਣ ਵਾਲੀਆਂ ਸਾਡੀਆਂ ਵਿਵਸਥਾਵਾਂ ਨੂੰ ਨੇਸਤੋ-ਨਾਬੂਦ ਕੀਤਾ ਜਾਵੇ। ਇਹ ਬਰਸੀ ਅਜਿਹੇ ਸਮਿਆਂ ਵਿੱਚ ਆਈ ਹੈ ਜਦੋਂ ਕਲਾ, ਖ਼ਾਸਕਰ ਸੰਗੀਤ ਨੂੰ ਜਨਤਕ ਅਲਖ ਜਗਾਉਣ ਵਿੱਚ ਆਪਣੀ ਭੂਮਿਕਾ ਨੂੰ ਨਵੇਂ ਸਿਰਿਓਂ ਰੇਖਾਂਕਿਤ ਕੀਤਾ ਜਾ ਰਿਹਾ ਹੈ। ਜਪਾਨੀ ਸ਼ਹਿਰਾਂ ’ਤੇ ਪਰਮਾਣੂ ਹਮਲਿਆਂ ਤੋਂ 22 ਸਾਲਾਂ ਬਾਅਦ 1962 ਵਿੱਚ ਲਿਖੇ ਬੌਬ ਡਿਲਨ (2✿b Dylan) ਦੇ ਦੰਦ ਕਥਾਈ ਗੀਤ ‘ਏ ਹਾਰਡ ਰੇਨ’ਜ਼ ਏ ਗੌਨਾ ਫਾਲ’ (ਜਿਸ ਵਿੱਚ ਸਮਾਜਿਕ ਤੇ ਵਾਤਾਵਰਨਕ ਤਬਾਹਕੁਨ ਸਿੱਟਿਆਂ ਦੀ ਚਿਤਾਵਨੀ ਦਿੱਤੀ ਗਈ ਹੈ) ਲੰਮੇ ਅਰਸੇ ਤੋਂ ਪਰਮਾਣੂ ਯੁੱਗ ਉੱਪਰ ਸੋਗਵਾਰ ਟਿੱਪਣੀ ਵਜੋਂ ਸਮਝਿਆ ਜਾਂਦਾ ਰਿਹਾ ਹੈ। ਇਸ ਦੇ ਡਰਾਉਣੇ ਮੰਜ਼ਰ ਅਤੇ ਮੰਤਰ ਮੁਗਧ ਕਰਨ ਵਾਲੀ ਲੈਅ ਉਨ੍ਹਾਂ ਹਨੇਰੇ ਸਮਿਆਂ ਦੇ ਪਰਮਾਣੂ ਧਮਾਕੇ ਨਾਲ ਉਪਜੇ ਕਠੋਰ ਭੈਅ ਦਾ ਪ੍ਰਤੀਕ ਹੈ ਜਿਨ੍ਹਾਂ ਵਿੱਚ ਅਸੀਂ ਰਹਿੰਦੇ ਹਾਂ। ਡਿਲਨ ਨੇ ਹਾਲਾਂਕਿ ‘ਹਾਰਡ ਰੇਨ’ (ਭਾਰੇ ਮੀਂਹ) ਨੂੰ ਢਹਿ ਢੇਰੀ ਹੋਏ ਸਮਾਜਿਕ ਤੇ ਇਖ਼ਲਾਕੀ ਨਿਜ਼ਾਮ ਦੇ ਰੂਪ ਵਿੱਚ ਚਿਤਵਿਆ ਸੀ ਪਰ ਉਸ ਦੇ ਪ੍ਰਸ਼ੰਸਕਾਂ ਨੇ ਠੰਢੀ ਜੰਗ ਦੇ ਕਾਲ ਦੌਰਾਨ ਇਸ ਨੂੰ ਕਿਸੇ ਇਕੱਲੇ ਇਕਹਿਰੇ ਤਬਾਹੀ ਦੇ ਕਦਮ ਦੇ ਤੌਰ ’ਤੇ ਦੁਨੀਆ ਦੇ ਪਰਮਾਣੂ ਵਿਨਾਸ਼ ਵਜੋਂ ਬਹੁਤ ਸ਼ਿੱਦਤ ਨਾਲ ਸਮਝਿਆ। ਇਸ ਦੀਆਂ ਸਤਰਾਂ ਨਾ ਕੇਵਲ ਸਖ਼ਤ ਚਿਤਾਵਨੀ ਦੀ ਗੂੰਜ ਪੈਦਾ ਕਰਦੀਆਂ ਸਗੋਂ ਅਤਿਵਾਦ ਜਾਂ ਵਿਨਾਸ਼ਵਾਦ ਦੀਆਂ ਸ਼ਕਤੀਆਂ ਨੂੰ ਚੁਣੌਤੀ ਦੇਣ ਅਤੇ ਉਨ੍ਹਾਂ ਦਾ ਵਿਰੋਧ ਕਰਨ ਦੀ ਨੈਤਿਕ ਮੰਗ ਨਾਲ ਵੀ ਗੂੰਜਦੀਆਂ ਹਨ। ਇਹੀ ਗੂੰਜ ਟ੍ਰਿਨਿਟੀ ਟੈਸਟ ਦੀ ਵਰ੍ਹੇਗੰਢ ਮੌਕੇ ਸ਼ਿਕਾਗੋ ਵਿੱਚ ਕਰਵਾਈ ਪਰਮਾਣੂ ਯੁੱਧ ਦੀ ਰੋਕਥਾਮ ਲਈ ਨੋਬੇਲ ਪੁਰਸਕਾਰ ਜੇਤੂਆਂ ਦੀ ਸਭਾ ਮੌਕੇ ਵੀ ਸੁਣਾਈ ਦਿੱਤੀ। ਇਸ ਸਮਾਗਮ ਵਿੱਚ 20 ਨੋਬੇਲ ਪੁਰਸਕਾਰ ਜੇਤੂ ਅਤੇ 60 ਮੋਹਰੀ ਪਰਮਾਣੂ ਵਿਗਿਆਨੀ ਉਸ ਚੀਜ਼ ਦਾ ਸਾਹਮਣਾ ਕਰਨ ਲਈ ਇਕੱਤਰ ਹੋਏ ਜਿਸ ਨੂੰ ਉਨ੍ਹਾਂ ਨੇ ਪਰਮਾਣੂ ਯੁੱਧ ਦੀ ਹੋਰ ਜ਼ਿਆਦਾ ਵਧ ਰਹੀ ਸੰਭਾਵਨਾ ਦੇ ਰੂਪ ਵਿੱਚ ਬਿਆਨ ਕੀਤਾ ਜਾਂਦਾ ਹੈ। ਸੰਮੇਲਨ ਦੀ ਸਮਾਪਤੀ ਕ੍ਰੋਨਸ ਚੌਕੜੀ ਤੇ ਰਿੰਗੋ ਸਟਾਰ, ਇੱਗੀ ਪੌਪ, ਵਿਲੀ ਨੈਲਸਨ ਤੇ ਲੌਰੀ ਐਂਡਰਸਨ ਜਿਹੇ ਕਲਾਕਾਰਾਂ ਦੀ ਸ਼ਮੂਲੀਅਤ ਵਾਲੇ ਸੰਗੀਤ ਸਮੂਹ ਵੱਲੋਂ ਡਿਲਨ ਦੇ ‘ਹਾਰਡ ਰੇਨ’ ਗੀਤ ਦੀ ਭਾਵਪੂਰਤ ਪੇਸ਼ਕਾਰੀ ਨਾਲ ਹੋਈ। ਹੈਰਾਨੀ ਦੀ ਗੱਲ ਇਹ ਸੀ ਕਿ ਇਹ ਕੋਈ ਸੋਗਮਈ ਸ਼ਰਧਾਂਜਲੀ ਸਮਾਗਮ ਦੇ ਰੂਪ ਵਿਚ ਨਹੀਂ ਸਗੋਂ ਹਾਂਦਰੂ ਕਾਰਵਾਈ ਦੇ ਸੱਦੇ ਦਾ ਸੰਦੇਸ਼ ਦੇ ਕੇ ਵਿਛੜਿਆ। 16 ਜੁਲਾਈ ਨੂੰ ‘ਡੈਮੋਕਰੇਸੀ ਨਾਓ’ ਉੱਪਰ ਕ੍ਰੋਨਸ ਚੌਕੜੀ ਦੇ ਵਾਇਲਨ ਵਾਦਕ ਡੇਵਿਡ ਹੈਰਿੰਗਟਨ ਨੇ ਕਲਾਕਾਰ ਬਰਾਦਰੀ ਨੂੰ ਦ੍ਰਿੜ੍ਹ ਇਰਾਦੇ ਅਤੇ ਨੈਤਿਕ ਸਾਫ਼ਗੋਈ ਨਾਲ ਸੰਕਟਾਂ ਦਾ ਸਾਹਮਣਾ ਕਰਨ ਦਾ ਸੱਦਾ ਦਿੱਤਾ। ਇਹ ਅਜਿਹਾ ਸੱਦਾ ਹੈ ਜੋ ਸੰਗੀਤ ਦੀ ਪਰਿਵਰਤਨਕਾਰੀ ਸ਼ਕਤੀ, ਅਸਹਿਮਤੀ ਅਤੇ ਨੈਤਿਕ ਜਵਾਬਦੇਹੀ ਦੀ ਅੰਤਰੀਵ ਗੁਣਵੱਤਾ ਵਿੱਚ ਬੌਬ ਡਿਲਨ ਦੇ ਪਾਏਦਾਰ ਵਿਸ਼ਵਾਸ ਨੂੰ ਦਰਸਾਉਂਦਾ ਹੈ। ਇੱਕ ਅਜਿਹੀ ਦੁਨੀਆ ਜੋ ਅਜੇ ਵੀ ਪਰਮਾਣੂ ਦਹਿਸ਼ਤ ਦੇ ਸਾਏ ਹੇਠ ਜੀਅ ਰਹੀ ਹੈ ਤੇ ਹਜ਼ਾਰਾਂ ਦੀ ਤਾਦਾਦ ਵਿੱਚ ਹਥਿਆਰ ਪਲਾਂ ਛਿਣਾਂ ਵਿੱਚ ਲਾਂਚ ਕਰਨ ਲਈ ਤਿਆਰ ਹਨ, ਤਾਂ ਉਸ ਦਾ ਸੰਗੀਤ ਅਜਿਹੇ ਸਮੂਹ ਵਿਨਾਸ਼ ਦੇ ਪੇਸ਼ੇਨਜ਼ਰ ਚੁੱਪ ਨਾ ਰਹਿਣ ਦੀ ਚਿਤਾਵਨੀ ਦਿੰਦਾ ਹੈ। ‘ਏ ਹਾਰਡ ਰੇਨ’ਜ਼ ਏ ਗੌਨਾ ਫਾਲ’ ਵਿੱਚ ਬੌਬ ਡਿਲਨ ਨੇ ਅਜਿਹੀ ਦੁਨੀਆ ਦਾ ਯਾਦਗਾਰੀ ਕਾਵਿ ਦ੍ਰਿਸ਼ਟੀਕੋਣ ਸਿਰਜਿਆ ਹੈ ਜਿਹੜੀ ਜੰਗ, ਬੇਇਨਸਾਫ਼ੀ ਤੇ ਵਿਨਾਸ਼ਕਾਰੀ ਦਹਿਸ਼ਤ ਹੇਠਾਂ ਦੱਬੀ ਹੋਈ ਹੈ। ਕਿਊਬਾ ਮਿਜ਼ਾਈਲ ਸੰਕਟ ਤੇ ਹੀਰੋਸ਼ੀਮਾ ਦੇ ਲੰਮੇਰੇ ਸਿੱਟਿਆਂ ਦੇ ਪਰਛਾਵੇਂ ਹੇਠ ਲਿਖਿਆ ਇਹ ਗੀਤ ਭਵਿੱਖੀ ਦਸ਼ਾ ਵੀ ਦੱਸਦਾ ਹੈ ਤੇ ਇਲਜ਼ਾਮ ਵੀ ਲਾਉਂਦਾ ਹੈ। ਇਸ ਦੀਆਂ ਸਤਰਾਂ ਟੁੱਟ-ਭੱਜ ਦੇ ਸ਼ਿਕਾਰ ਕਿਸੇ ਨੈਤਿਕ ਬ੍ਰਹਿਮੰਡ ਤੋਂ ਆਏ ਅਲੌਕਿਕ ਸੁਨੇਹਿਆਂ ਦੀ ਲੜੀ ਵਾਂਗ ਖੁੱਲ੍ਹਦੀਆਂ ਹਨ ਜਿੱਥੇ ਮਾਸੂਮੀਅਤ ਦਾ ਲਗਾਤਾਰ ਘਾਣ ਹੁੰਦਾ ਹੈ ਅਤੇ ਸਚਾਈ ਚੁੱਪ ’ਚ ਡੁੱਬਦੀ ਜਾਂਦੀ ਹੈ। ਮੈਂ ਜੰਗਲੀ ਬਘਿਆੜਾਂ ’ਚ ਘਿਰਿਆ ਨਵਜੰਮਿਆ ਬੱਚਾ ਦੇਖਿਆ , ਸ਼ਿਕਾਰੀ ਵਾਂਗ ਵਰਤ ਰਹੀ ਇਸ ਦੁਨੀਆ ’ਚ ਕਮਜ਼ੋਰ ਨਾਲ ਹੁੰਦੇ ਬੇਰਹਿਮ ਸਲੂਕ ਦੀ ਗੱਲ ਕਰਦਾ ਹੈ; ਸੰਘਰਸ਼, ਅਸਮਾਨਤਾ ਤੇ ਵਿਨਾਸ਼ ’ਚ ਪੈਦਾ ਹੋਏ ਬੱਚਿਆਂ ਵੱਲ ਇਸ਼ਾਰਾ ਕੀਤਾ ਗਿਆ ਹੈ। ਅਜਿਹੀ ਕਲਪਨਾ ਮਹਿਜ਼ ਰੂਪਕ ਨਹੀਂ; ਇਹ ਹੋਂਦ ਦੀ ਹਾਲਤ ਨੂੰ ਦਰਸਾਉਂਦੀ ਹੈ ਜਿੱਥੇ ਮਨੁੱਖੀ ਜੀਵਨ ਅਤੇ ਸਨਮਾਨ ਦੀ ਰਾਖੀ ਲਈ ਤਿਆਰ ਕੀਤੀਆਂ ਸੰਸਥਾਵਾਂ ਤੇ ਪ੍ਰਣਾਲੀਆਂ, ਉਨ੍ਹਾਂ ਵਰਗੀਆਂ ਬਣ ਗਈਆਂ ਹਨ ਜਿਹੜੇ ਇਨ੍ਹਾਂ (ਸੰਸਥਾਵਾਂ ਤੇ ਪ੍ਰਣਾਲੀਆਂ) ਲਈ ਖ਼ਤਰਾ ਹਨ। ਡਿਲਨ ਦਾ ਦੂਰ-ਅੰਦੇਸ਼ੀ ਵਾਲਾ ਸੁਰ ਇਸ ਸਤਰ ਨਾਲ ਗਹਿਰਾ ਹੁੰਦਾ ਹੈ- ਮੈਂ ਛੋਟੇ ਬੱਚਿਆਂ ਦੇ ਹੱਥਾਂ ਵਿੱਚ ਬੰਦੂਕਾਂ ਤੇ ਤਿੱਖੀਆਂ ਤਲਵਾਰਾਂ ਦੇਖੀਆਂ , ਪ੍ਰਚੰਡਤਾ ਤੇ ਜਵਾਨ ਮਨਾਂ ’ਚ ਕਸ਼ਿਸ਼ ਪੈਦਾ ਕਰਨ ਦੇ ਗੁਣ-ਗਾਣ ਨੂੰ ਗ਼ਲਤ ਠਹਿਰਾਉਣ ਦਾ ਤਾਕਤਵਰ ਉੱਦਮ। ਇਹ ਸਿਰਫ਼ ਜੰਗ ਦੇ ਫੱਟ ਨਹੀਂ, ਸਗੋਂ ਗੰਭੀਰ ਸੱਭਿਆਚਾਰਕ ਤੇ ਰਾਜਨੀਤਕ ਨਿਘਾਰ ਦੇ ਨਿਸ਼ਾਨ ਹਨ। ਮੈਂ ਇੱਕ ਸ਼ਖ਼ਸ ਨੂੰ ਭੁੱਖੇ ਮਰਦੇ ਸੁਣਿਆ, ਮੈਂ ਬਹੁਤ ਸਾਰੇ ਲੋਕਾਂ ਨੂੰ ਹੱਸਦੇ ਸੁਣਿਆ , ਅਜਿਹੀ ਦੁਨੀਆ ਫੜਦਾ ਹੈ ਜੋ ਚਿੰਤਾਜਨਕ ਰੂਪ ਵਿੱਚ ਦੁਖੀਆਂ ਅਤੇ ਉਨ੍ਹਾਂ ਲੋਕਾਂ ’ਚ ਵੰਡੀ ਹੋਈ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਦੁੱਖਾਂ ਤੋਂ ਮੂੰਹ ਮੋੜ ਲਿਆ ਹੈ। ਇਸ ਵਿੱਚ ਡਿਲਨ ਔੜ, ਉਜਾੜੇ ਤੇ ਪਰਮਾਣੂ ਖ਼ਤਰਿਆਂ ਪ੍ਰਤੀ ਆਲਮੀ ਉਦਾਸੀਨਤਾ ਨੂੰ ਦੇਖਦਾ ਹੈ ਜੋ ਅਕਸਰ ਮੀਡੀਆ ਤਮਾਸ਼ੇ ਜਾਂ ਸਿਆਸੀ ਟਾਲ-ਮਟੋਲ ਕਾਰਨ ਨਹੀਂ ਦਿਸਦੀ। ਫਿਰ ਵੀ ਗੀਤ ਨਿਰਾਸ਼ਾ ਤੋਂ ਬਚਦਾ ਹੈ ਅਤੇ ਸਾਖੀ ਦੇ ਕੰਮ ’ਤੇ ਜ਼ੋਰ ਦਿੰਦਾ ਹੈ। ਤੇ ਮੈਂ ਇਸ ਬਾਰੇ ਦੱਸਾਂਗਾ, ਸੋਚਾਂਗਾ ਤੇ ਬੋਲਾਂਗਾ ਅਤੇ ਇਸ ਨੂੰ ਜੀਵਾਂਗਾ ਵੀ , ਕਥਾਵਾਚਕ ਐਲਾਨ ਕਰਦਾ ਹੈ, ਇਹ ਮੰਨਦੇ ਹੋਏ ਕਿ ਅਜਿਹੇ ਸੰਸਾਰ ’ਚ ਜਿੱਥੇ ਲੁਭਾਉਣੀ ਭਾਸ਼ਾ ਤੇ ਭੁੱਲ ਜਾਣਾ ਆਮ ਵਰਤਾਰਾ ਹੈ, ਯਾਦਦਾਸ਼ਤ ਅਤੇ ਮੰਗਲ ਭਾਸ਼ਾ ਦਾ ਨੈਤਿਕ ਬੋਝ ਬਹੁਤ ਜ਼ਿਆਦਾ ਹੈ। ਉਸ ਦਾ ਗੀਤ ਵਿਰੋਧ ਦਾ ਮੰਚ ਬਣ ਜਾਂਦਾ ਹੈ, ਫੌਰੀ ਯਾਦ ਦਿਵਾਉਂਦਾ ਹੈ ਕਿ ਤਬਾਹੀ ਨੂੰ ਸਿੱਧਾ ਨਾਂ ਲੈ ਕੇ ਸੱਦਣਾ, ਇਸ ਨੂੰ ਪਲਟਣ ਵੱਲ ਪੁੱਟਿਆ ਪਹਿਲਾ ਕਦਮ ਹੈ। ਇਸ ਦੀ ਲਗਾਤਾਰ ਪ੍ਰਸੰਗਿਕਤਾ ਸੱਚ ਬੋਲਣ ਦੇ ਇਸ ਸਮਝੌਤਾਹੀਣ ਦ੍ਰਿਸ਼ਟੀਕੋਣ ਵਿੱਚ ਹੈ, ਜੋ ਕਿਸੇ ਚੀਜ਼ ਨੂੰ ਆਮ ਸਮਝ ਸਮਝਣ ਅਤੇ ਚੁੱਪ ਧਾਰਨ ਦੇ ਨੈਤਿਕ ਸਿੱਟਿਆਂ ਦੇ ਵਿੱਚੋਂ ਦੀ ਹੋ ਕੇ ਲੰਘਦੀ ਹੈ। ਸੰਗੀਤ ਸੱਭਿਆਚਾਰਕ ਪ੍ਰਗਟਾਵੇ ਤੋਂ ਪਾਰ ਲੰਘ ਜਾਂਦਾ ਹੈ, ਇਹ ਉਦਾਸੀਨਤਾ ਤੇ ਜ਼ੁਲਮ ਖ਼ਿਲਾਫ਼ ਕ੍ਰੋਧ ਦੇ ਸ਼ਕਤੀਸ਼ਾਲੀ ਕਾਰਕ ਵਜੋਂ ਵਿਕਸਤ ਹੁੰਦਾ ਹੈ। ਜਿਸ ਤਰ੍ਹਾਂ ਆਲਮੀ ਸੰਸਥਾਵਾਂ ਹਥਿਆਰਾਂ ਦੀ ਦੌੜ ਰੋਕਣ ਵਿੱਚ ਅਸਫਲ ਰਹੀਆਂ ਹਨ, ਸੰਧੀਆਂ ਘਟੀਆਂ ਹਨ ਤੇ ਸਿਧਾਂਤ ਅਖੌਤੀ ‘ਰਣਨੀਤਕ’ ਫ਼ਾਇਦਿਆਂ ਵੱਲ ਝੁਕੇ ਹਨ, ਕਲਾ ਕੁਝ ਕੁ ਬਾਕੀ ਬਚੇ ਹੋਏ ਮੋਰਚਿਆਂ ਵਿੱਚੋਂ ਇੱਕ ਹੈ ਜਿੱਥੇ ਨੈਤਿਕ ਸਪੱਸ਼ਟਤਾ ਨੂੰ ਅਜੇ ਵੀ ਲਾਗੂ ਕੀਤਾ ਜਾ ਸਕਦਾ ਹੈ। ਇਸ ਲਈ ਮੌਜੂਦਾ ਪਰਮਾਣੂ ਸੰਕਟ ਨੂੰ ਸਵੀਕਾਰ ਕੀਤੇ ਬਿਨਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਨੂੰ ਯਾਦ ਕਰਨਾ ਖੋਖਲਾ ਰਿਵਾਜ ਹੈ। ਯਾਦਗਾਰ ਨੂੰ ਲਾਮਬੰਦੀ ਨਾਲ ਜੋੜਿਆ ਜਾਣਾ ਚਾਹੀਦਾ ਹੈ। 1945 ਦੇ ਪਰਮਾਣੂ ਬੰਬ ਧਮਾਕਿਆਂ ਦੀ ਯਾਦਗਾਰ ਨੂੰ ਹੁਣ ਸਾਲਾਨਾ ਸ਼ਰਧਾਂਜਲੀ ਤੋਂ ਕਿਤੇ ਵੱਧ ਦੀ ਲੋੜ ਹੈ; ਇਹ ਅਮਲ ਮੰਗਦੀ ਹੈ। ਪਰਮਾਣੂ ਖ਼ਤਰੇ ਖ਼ਤਮ ਕਰਨ ਲਈ ਸਾਨੂੰ ਅਣਥੱਕ ਕੰਮ ਕਰਨਾ ਚਾਹੀਦਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ’ਤੇ ਮੰਡਰਾ ਰਿਹਾ ਹੈ।

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਹੀਦ ਲਾਂਸ ਨਾਇਕ ਪ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਕੀਤਾ ਦੁੱਖ ਸਾਂਝਾਂ



**ਲੁਧਿਆਣਾ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ. ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਅੱਜ ਜ਼ਿਲ੍ਹਾ ਲੁਧਿਆਣਾ ਦੇ ਉਪ ਮੰਡਲ ਸਮਰਾਲਾ ਅਧੀਨ ਪੈਂਦੇ ਪਿੰਡ ਮਾਨੂੰਪੁਰ ਵਿਖੇ ਸ਼ਹੀਦ ਲਾਂਸ ਨਾਇਕ ਪ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾਂ ਕਰਨ ਲਈ ਪਹੁੰਚੇ। ਪ੍ਰਿਤਪਾਲ ਸਿੰਘ ਜੰਮੂ ਕਸ਼ਮੀਰ ਦੇ ਕੁਲਗਾਮ ਵਿੱਚ ਅੱਤਵਾਦੀਆਂ ਨਾਲ ਮੁਕਾਬਲੇ ਵਿਚ ਸ਼ਹੀਦ ਹੋ ਗਏ ਸਨ।

ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਹੀਦ ਪ੍ਰਿਤਪਾਲ ਸਿੰਘ ਦੀ ਧਰਮ ਪਤਨੀ ਮਨਪ੍ਰੀਤ ਕੌਰ, ਪਿਤਾ ਹਰਬੰਸ ਸਿੰਘ, ਮਾਤਾ ਅਤੇ ਭਰਾਵਾਂ ਨਾਲ ਦੁੱਖ ਵੰਡਾਇਆ ਅਤੇ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿਚ ਉਨ੍ਹਾਂ ਦੇ ਪਰਿਵਾਰ ਨਾਲ ਖੜੀ ਹੈ ਅਤੇ ਸਰਕਾਰ ਵੱਲੋਂ ਜੋ ਸੰਭਵ ਮੱਦਦ ਹੋਵੇਗੀ, ਉਹ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਵੀ ਸ਼ਹੀਦ ਲਾਂਸ ਨਾਇਕ ਪ੍ਰਿਤਪਾਲ ਸਿੰਘ ਅਤੇ ਸ਼ਹੀਦ ਹਰਮਿੰਦਰ ਸਿੰਘ ਦੇ ਪਰਿਵਾਰਾਂ ਨਾਲ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡੇ ਜਵਾਨ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕਰ ਰਹੇ ਹਨ, ਉਨ੍ਹਾਂ ਦੇ ਇਸ ਜਜਬੇ ਕਾਰਨ ਹੀ ਅਸੀ ਦੇਸ਼ ਵਾਸੀ ਚੈਨ ਦੀ ਨੀਂਦ ਸੋ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਦੁਸ਼ਮਣ ਤਾਕਤਾਂ ਹਮੇਸ਼ਾ ਇਸ ਤਾਂਕ ਵਿਚ ਰਹਿੰਦੀਆਂ ਹਨ ਕਿ ਸਾਡੇ ਦੇਸ਼ ਦਾ ਅਮਨ ਕਾਨੂੰਨ ਭੰਗ ਕੀਤਾ ਜਾਵੇ, ਪਰ ਸਾਡੇ ਫੌਜੀ ਆਪਣੀਆਂ ਸ਼ਹੀਦੀਆਂ ਦੇ ਕੇ ਦੇਸ਼ ਦੀ ਆਨ ਬਾਨ ਸ਼ਾਨ ਦੀ ਰਾਖੀ ਕਰ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਫਰਵਰੀ ਮਹੀਨੇ ਵਿਚ ਪ੍ਰਿਤਪਾਲ ਸਿੰਘ ਦਾ ਵਿਆਹ ਹੋਇਆ ਸੀ, ਪਰਿਵਾਰ ਨੇ ਦੱਸਿਆ ਹੈ ਕਿ ਉਹ ਅਪ੍ਰੈਲ ਮਹੀਨੇ ਆਪਣੀ ਡਿਊਟੀ ਤੇ ਪਰਤ ਗਿਆ ਸੀ ਅਤੇ ਦੀਵਾਲੀ ਪਰਿਵਾਰ ਨਾਲ ਮਨਾਉਣ ਦਾ ਵਾਅਦਾ ਕੀਤਾ ਸੀ, ਭਾਵੇ ਅੱਜ ਸਾਡੇ ਇਹ ਭਰਾ ਸ਼ਹੀਦ ਹੋਏ ਹਨ, ਪ੍ਰੰਤੂ ਉਨ੍ਹਾਂ ਦੇ ਪਰਿਵਾਰ ਦਾ ਹੌਸਲਾ ਅਤੇ ਜਜ਼ਬਾ ਅਤੇ ਪਿੰਡ ਵਾਸੀਆਂ ਨੂੰ ਮਿਲ ਕੇ ਅੱਜ ਫਖ਼ਰ ਮਹਿਸੂਸ ਹੋਇਆ ਹੈ ਕਿ ਸਾਡੇ ਪੰਜਾਬ ਦੇ ਗੱਭਰੂ ਜਵਾਨ ਅੱਜ ਵੀ ਅਮਨ ਅਤੇ ਸ਼ਾਤੀ ਲਈ ਸ਼ਹੀਦੀਆਂ ਦੇਣ ਤੋ ਨਹੀ ਕਤਰਾਉਦੇ। ਸ. ਬੈਂਸ ਨੇ ਕਿਹਾ ਕਿ ਸਾਡੇ ਲਈ ਇਹ ਦੁੱਖ ਦੀ ਘੜੀ ਹੈ, ਅਸੀ ਅਕਾਲ ਪੁਰਖ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਆਪਦੇ ਵਾਅਦੇ ਮੁਤਾਬਿਕ ਪਰਿਵਾਰ ਦੀ ਹਰ ਸੰਭਵ ਸਹਾਇਤਾ ਕਰੇਗੀ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋ ਇਲਾਵਾ ਇਲਾਕੇ ਦੇ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਏ.ਡੀ.ਸੀ ਨਿਕਾਸ ਕੁਮਾਰ ਨੇ ਕੀਤੀ ਸਮੀਖਿਆ ਮੀਟਿੰਗ



**ਹੁਸ਼ਿਆਰਪੁਰ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੁਲਿਸ ਲਾਈਨ ਗਰਾਊਂਡ ਵਿਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਨੂੰ ਸ਼ਾਨਦਾਰ ਅਤੇ ਸੁਚੱਜੇ ਢੰਗ ਨਾਲ ਕਰਵਾਉਣ ਲਈ ਤਿਆਰੀਆਂ ਅੰਤਿਮ ਪੜਾਅ ’ਤੇ ਹਨ।

ਇਸ ਸਬੰਧ ਵਿਚ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਤਿਆਰੀਆਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ।

ਮੀਟਿੰਗ ਵਿਚ ਸਮਾਗਮ ਨਾਲ ਸਬੰਧਤ ਸਾਰੇ ਪਹਿਲੂਆਂ ’ਤੇ ਚਰਚਾ ਕਰਦੇ ਹੋਏ ਉਨ੍ਹਾਂ ਨੇ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਕਿ ਪ੍ਰੋਗਰਾਮ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਾ ਰਹੇ। ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਦੇਸ਼ ਭਗਤੀ ਅਤੇ ਏਕਤਾ ਦਾ ਪ੍ਰਤੀਕ ਹੈ, ਜਿਸ ਨੂੰ ਪੂਰੇ ਉਤਸ਼ਾਹ ਅਤੇ ਅਨੁਸ਼ਾਸਨ ਨਾਲ ਮਨਾਇਆ ਜਾਣਾ ਚਾਹੀਦਾ ਹੈ।

ਉਨ੍ਹਾਂ ਅਧਿਕਾਰੀਆਂ ਨੂੰ ਮੁੱਖ ਸਥਾਨ ਦੀ ਸਜਾਵਟ, ਸਟੇਜ ਪ੍ਰਬੰਧ, ਬੈਠਣ ਦੀਆਂ ਸਹੂਲਤਾਂ, ਸੁਰੱਖਿਆ ਪ੍ਰਬੰਧ, ਟ੍ਰੈਫਿਕ ਪ੍ਰਬੰਧਨ ਅਤੇ ਐਮਰਜੈਂਸੀ ਸੇਵਾਵਾਂ ਦੀ ਉਪਲਬੱਧਤਾ ਸਮੇਤ ਸਾਰੀਆਂ ਤਿਆਰੀਆਂ ਸਮੇਂ ਸਿਰ ਪੂਰੀਆਂ ਕਰਨ ਦੇ ਨਿਰਦੇਸ਼ ਦਿੱਤੇ। ਨਾਲ ਹੀ ਉਨ੍ਹਾਂ ਮੀਂਹ ਪੈਣ ਦੀ ਸਥਿਤੀ ਵਿਚ ਬਦਲਵੇਂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਕਿਹਾ।

ਉਨ੍ਹਾਂ ਜ਼ਿਲ੍ਹਾ ਪੁਲਿਸ ਅਤੇ ਟ੍ਰੈਫਿਕ ਵਿਭਾਗ ਨਾਲ ਤਾਲਮੇਲ ਕਰਕੇ ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਨ ਲਈ ਇਕ ਮਜ਼ਬੂਤ ਯੋਜਨਾ ਤਿਆਰ ਕਰਨ ’ਤੇ ਜ਼ੋਰ ਦਿੱਤਾ। ਏ.ਡੀ.ਸੀ ਨੇ ਵਿਸ਼ੇਸ਼ ਤੌਰ ’ਤੇ ਆਜ਼ਾਦੀ ਦਿਵਸ ’ਤੇ ਆਯੋਜਿਤ ਪਰੇਡ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਰਿਹਰਸਲ ਸਮੇਂ ਸਿਰ ਅਤੇ ਯੋਜਨਾਬੱਧ ਢੰਗ ਨਾਲ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਪ੍ਰੋਗਰਾਮ ਵਾਲੇ ਦਿਨ ਸਾਰੀਆਂ ਗਤੀਵਿਧੀਆਂ ਸੁਚਾਰੂ ਢੰਗ ਨਾਲ ਚੱਲ ਸਕਣ।

ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਅਤੇ ਟੀਮ ਭਾਵਨਾ ਨਾਲ ਕੰਮ ਕਰਨ ਦਾ ਸੱਦਾ ਦਿੱਤਾ ਤਾਂ ਜੋ ਆਜ਼ਾਦੀ ਦਿਵਸ ਦੇ ਜਸ਼ਨ ਨਾ ਸਿਰਫ਼ ਪ੍ਰਸ਼ਾਸਕੀ ਦ੍ਰਿਸ਼ਟੀਕੋਣ ਤੋਂ ਸਫਲ ਬਣਨ, ਸਗੋਂ ਜ਼ਿਲ੍ਹੇ ਦੇ ਨਾਗਰਿਕਾਂ ਲਈ ਇਕ ਯਾਦਗਾਰੀ ਅਨੁਭਵ ਵੀ ਬਣ ਸਕੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਹਰੇਕ ਨਾਗਰਿਕ ਲਈ ਮਾਣ ਦਾ ਮੌਕਾ ਹੈ ਅਤੇ ਇਸ ਨੂੰ ਪੂਰੇ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਜਾਣਾ ਚਾਹੀਦਾ ਹੈ।

ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਝੰਡਾ ਫੜ੍ਹ ਕੇ ਖੜਨਾ ਪਵੇਗਾ : ਝਿੰਜਰ



**ਪਟਿਆਲਾ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਵੱਲੋਂ ਪਟਿਆਲਾ ਵਿਖੇ ਪੁੱਡਾ ਦਫ਼ਤਰ ਦੇ ਬਾਹਰ ਆਪ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਤਹਿਤ ਵੱਡਾ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਯੂਥ ਅਕਾਲੀ ਦਲ ਪ੍ਰਧਾਨ ਸਰਬਜੀਤ ਝਿੰਜਰ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ, ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੇ ਮਗਰ ਸ਼੍ਰੋਮਣੀ ਅਕਾਲੀ ਦਲ ਦਾ ਝੰਡਾ ਫੜ ਕੇ ਖੜਨਾ ਪਵੇਗਾ ਕਿਉਂਕਿ ਉਹ ਅੱਗੇ ਹੋ ਕੇ ਕਿਸਾਨਾਂ ਦੀ ਲੜਾਈ ਲੜ ਰਹੇ ਹਨ।

ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਇਸ ਧਰਨੇ ਵਿੱਚ ਜ਼ਿਲ੍ਹਾ ਪਟਿਆਲਾ ਅਤੇ ਘਨੌਰ ਹਲਕੇ ਤੋਂ ਵੱਡੀ ਗਿਣਤੀ ਵਿੱਚ ਕਿਸਾਨ, ਪਾਰਟੀ ਵਰਕਰ, 5 ਸਰਕਲ ਪ੍ਰਧਾਨ ਪਿੰਡ ਪਿੰਡ ਤੋਂ ਆਏ ਜਥੇਦਾਰ ਤੇ ਆਗੂ ਸਾਹਿਬਾਨ ਜੈਕਾਰੇ ਲਗਾਉਂਦੇ ਹੋਏ ਪੁੱਡਾ ਦਫ਼ਤਰ ਪਟਿਆਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਧਰਨੇ ਵਿੱਚ ਸ਼ਾਮਲ ਹੋਏ।

ਹਲਕਾ ਘਨੌਰ ਤੋਂ ਲਗਭਗ 40 ਦੇ ਕਰੀਬ ਵੱਡੀਆਂ ਤੇ ਛੋਟੀਆਂ ਬੱਸਾਂ, ਸੈਂਕੜਿਆਂ ਦੀ ਗਿਣਤੀ ਵਿੱਚ ਕਾਰਾਂ ਅਤੇ ਹੋਰ ਵਾਹਨਾਂ ਰਾਹੀਂ ਸੈਂਕੜੇ ਕਿਸਾਨ ਆਗੂ ਦਫਤਰ ਦੇ ਬਾਹਰ ਇਕੱਠੇ ਹੋਏ ਅਤੇ ਲੈਂਡ ਪੂਲਿੰਗ ਨੀਤੀ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਉੱਤੇ ਤੰਜ਼ ਕੱਸਦਿਆਂ ਕਿਹਾ ਕਿ ਅੱਜ ਪੰਜਾਬ ਦਾ ਬੁਰਾ ਹਾਲ ਹੈ। ਪੰਜਾਬ 5 ਲੱਖ ਕਰੋੜ ਕਰਜ਼ ਵਿਚ ਡੁੱਬਿਆ ਹੋਇਆ ਹੈ। ਸਰਕਾਰੀ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ ਤੇ ਬਿਜਲੀ ਦੇ ਲੰਮੇ-ਲੰਮੇ ਕੱਟ ਲਗਾਏ ਜਾ ਰਹੇ ਹਨ। ਇਨ੍ਹਾਂ ਨੇ ਰਲ ਕੇ ਸਕੀਮ ਬਣਾਈ ਕਿ ਆਪਾਂ ਡੇਢ ਸਾਲਾਂ ਵਿਚ ਕਿਵੇਂ ਪੈਸਾ ਇਕੱਠਾ ਕਰਨਾ ਹੈ ਇਸ ਲਈ ਕੇਜਰੀਵਾਲ ਨੇ ਦਿੱਲੀ ਦੇ ਬਿਲਡਰਾਂ ਨਾਲ ਮੀਟਿੰਗ ਕੀਤੀ। ਕਰੀਬ ਤੀਹ ਹਜ਼ਾਰ ਕਰੋੜ ਰੁਪਏ ਵਿਚ ਸੌਦਾ ਕੀਤਾ। ਬਿਲਡਰਾਂ ਨੂੰ ਪੰਜਾਬ ਵਿਚ ਘੁੰਮਾਇਆ ਗਿਆ ਤੇ ਉਨ੍ਹਾਂ ਨੇ ਡੀਸੀ ਤੇ ਅਫ਼ਸਰਾਂ ਨਾਲ ਪਿੰਡ-ਪਿੰਡ ਜਾ ਕੇ ਕਹਿ ਦਿੱਤਾ ਕਿ ਸਾਨੂੰ ਇਹ ਜ਼ਮੀਨ ਚਾਹੀਦੀ ਹੈ। ਫਿਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ।

ਸੁਖਬੀਰ ਬਾਦਲ ਨੇ ਲੋਕਾਂ ਨਾਲ ਵਾਅਦਾ ਕਰਦਿਆਂਕਿਹਾ ਕਿ ਕੋਈ ਵੀ ਕੁਰਬਾਨੀ ਦੇਣੀ ਪਵੇ ਇੱਕ ਇੰਚ ਵੀ ਜ਼ਮੀਨ ਕਿਸਾਨਾਂ ਦੀ ਖੋਹਣ ਨਹੀਂ ਦੇਵਾਂਗੇ।

ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦਾ ਮੁੱਖ ਮੰਤਰੀ ਕੇਜਰੀਵਾਲ ਹੈ ਭਗਵੰਤ ਮਾਨ ਤਾਂ ਫੋਟੋ ਖਿਚਵਾਉਣ ਲਈ ਹੈ।

ਆਗੂਆਂ ਦਾ ਕਹਿਣਾ ਹੈ ਕਿ ਇਹ ਨੀਤੀ ਕਿਸਾਨਾਂ ਦੇ ਹੱਕਾਂ ਉੱਤੇ ਸਿੱਧਾ ਹਮਲਾ ਹੈ ਅਤੇ ਇਸ ਰਾਹੀਂ ਕਿਸਾਨੀ ਅਤੇ ਪਿੰਡਾਂ ਦੇ ਅਸਤਿਤਵ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ। ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਲੈਂਡ ਪੁਲਿੰਗ ਨੀਤੀ ਕਿਸਾਨਾਂ ਦੀ ਜ਼ਮੀਨ ਖੋਹਣ ਦੀ ਇੱਕ ਸਾਜ਼ਿਸ਼ ਹੈ। ਇਹ ਨੀਤੀ ਸਿੱਧਾ ਕਿਸਾਨਾਂ ਦੀ ਰੋਜ਼ੀ-ਰੋਟੀ ਉੱਤੇ ਹਮਲਾ ਹੈ। ਅਸੀਂ ਕਿਸੇ ਵੀ ਹਾਲਤ ਵਿੱਚ ਇਸ ਨੀਤੀ ਨੂੰ ਲਾਗੂ ਨਹੀਂ ਹੋਣ ਦੇਵਾਂਗੇ। ਝਿੰਜਰ ਨੇ ਕਿਹਾ ਕਿ ਆਪ ਸਰਕਾਰ ਲੋਕਾਂ ਦੀਆਂ ਜ਼ਮੀਨਾਂ ਅਤੇ ਹੱਕਾਂ ਉੱਤੇ ਡਾਕਾ ਮਾਰਨ ਉੱਤੇ ਤੁਲੀ ਹੋਈ ਹੈ। ਕਿਹਾ ਜਿਵੇਂ ਰਾਤ ਵੇਲੇ ਸ਼ੰਭੂ ਬਾਰਡਰ ਉੱਤੇ ਇਨ੍ਹਾਂ ਹੰਕਾਰੀਆਂ ਨੇ ਕਿਸਾਨਾਂ ਦੇ ਤੰਬੂ ਪੁੱਟੇ ਅਤੇ ਟਰਾਲੀਆਂ ਚੋਰੀ ਕੀਤੀਆਂ, ਸਿਲੰਡਰ ਚੋਰੀ ਕੀਤੇ ਇਸ ਰੋਸ ਵਜੋਂ ਇਕੱਲੇ-ਇਕੱਲੇ ਪਿੰਡ ਤੋਂ ਵੱਡੇ ਪੱਧਰ ਉੱਤੇ ਕਿਸਾਨ ਸ਼ਮੂਲੀਅਤ ਕਰਨ ਪਹੁੰਚੇ।

ਝਿੰਜਰ ਨੇ ਕਿਹਾ ਕਿ ਧਰਨੇ ਦੌਰਾਨ ਵਰਕਰਾਂ ਵਿੱਚ ਭਾਰੀ ਜੋਸ਼ ਤੇ ਜਜ਼ਬਾ ਵੇਖਣ ਨੂੰ ਮਿਲਿਆ। ਹਲਕਾ ਘਨੌਰ ਤੋਂ ਆਏ ਜਥੇਦਾਰਾਂ ਨੇ ਕਿਸਾਨ ਏਕਤਾ ਜ਼ਿੰਦਾਬਾਦ , ਲੈਂਡ ਪੂਲਿੰਗ ਮੁੜ ਲਵੋ , ਅਕਾਲੀ ਦਲ ਜ਼ਿੰਦਾਬਾਦ ਵਰਗੇ ਨਾਅਰਿਆਂ ਨਾਲ ਪੂਰੇ ਮਾਹੌਲ ਨੂੰ ਗੂੰਜਾ ਦਿੱਤਾ। ਯੂਥ ਅਕਾਲੀ ਦਲ ਦੇ ਵਰਕਰ ਝੰਡੇ ਲਹਿਰਾਉਂਦੇ ਹੋਏ, ਦਿੱਲੀ ਬਾਰਡਰ ਵਾਲੀ ਲਹਿਰ ਨੂੰ ਮੁੜ ਜਿੰਦਾ ਕਰਦੇ ਦਿਸੇ। ਬਜ਼ੁਰਗ ਕਿਸਾਨਾਂ ਤੋਂ ਲੈ ਕੇ ਨੌਜਵਾਨਾਂ ਤੱਕ ਹਰ ਇਕ ਚਿਹਰੇ ’ਤੇ ਜਜ਼ਬਾ ਅਤੇ ਇਰਾਦਾ ਸਾਫ਼ ਝਲਕ ਰਿਹਾ ਸੀ ਕਿ ਉਹ ਆਪਣੀ ਜ਼ਮੀਨ ਦੀ ਰੱਖਿਆ ਲਈ ਅਖੀਰ ਤੱਕ ਲੜਨ ਲਈ ਤਿਆਰ ਹਨ। ਮੌਜੂਦ ਲੋਕਾਂ ਵਿਚ ਜਸਬੀਰ ਸਿੰਘ ਜੱਸੀ ਬੂਹਾ, ਕਰਨੈਲ ਸਿੰਘ ਮੋਹੀ, ਸਰਕਲ ਪ੍ਰਧਾਨ ਗੁਰਜਿੰਦਰ ਸਿੰਘ ਕਬੂਲਪੁਰ, ਸਰਕਲ ਪ੍ਰਧਾਨ ਅਵਤਾਰ ਸਿੰਘ ਸ਼ੰਭੂ, ਸਰਕਲ ਪ੍ਰਧਾਨ ਲਖਵਿੰਦਰ ਸਿੰਘ ਘੁੰਮਾਣਾ, ਸਰਕਲ ਪ੍ਰਧਾਨ ਕੁਲਦੀਪ ਸਿੰਘ ਘਨੌਰ, ਸਰਕਲ ਪ੍ਰਧਾਨ ਦਵਿੰਦਰ ਸਿੰਘ ਟਹਿਲਪੁਰਾ, ਗੁਰਜੰਟ ਸਿੰਘ ਮਹਿਦੂਦਾ,ਗੁਰਬਚਨ ਸਿੰਘ ਸ਼ਾਇਦ ਖੇੜੀ, ਸਤਨਾਮ ਸਿੰਘ ਜੰਡ ਮੰਗੋਲੀ,ਵਿਕਰਮ ਸਿੰਘ ਗੁਰਨਾ, ਸਾਬਕਾ ਸਰਪੰਚ, ਜੁਗਿੰਦਰ ਸਿੰਘ ਮੋਹੀ ਖੁਰਦ, ਕੁਲਵੀਰ ਸਿੰਘ ਕਾਕਾ ਘੜਾਮਾ, ਮਨੋਜ ਕੁਮਾਰ ਪਰਮਜੀਤ ਸਿੰਘ ਪਵਰੀ, ਨਿਰਮਲ ਸਿੰਘ ਪਬਰੀ, ਜਸ਼ਨਦੀਪ ਮੱਡਵਾਲ, ਸਨੀ ਸੁਖਵਿੰਦਰ ਸਿੰਘਚਾਪੜ ਬਲਕਾਰ ਫ਼ੌਜੀ (ਸੀਲ), ਸਤਨਾਮ ਸਿੰਘ ਰੁੜਕਾ, ਜਥੇਦਾਰ ਗੁਰਦੇਵ ਸਿੰਘ ਕਾਮੀ, ਹਰਭਜਨ ਸਿੰਘ ਰਾਮਪੁਰ ਨਨਹੇੜਾ, ਅਮਨਦੀਪ ਸਿੰਘ ਬੱਬਲੂ ਸਰਾਲਾ, ਗੋਲਡੀ ਸਰਾਲਾ ਖੁਰਦ, ਕਾਲਾ ਠੇਕੇਦਾਰ ਆਕੜ, ਹੈਪੀ ਬਾਜਵਾ ਅਬਦੁਲਪੁਰ, ਸੁਰਜੀਤ ਸਿੰਘ ਗੁਪਾਲਪੁਰ, ਜਸਪਾਲ ਸਿੰਘ ਮਹਿਮੂਦਪੁਰ, ਬੰਤ ਰਾਮ (ਘੜੌਲੀ), ਚਨੀ ਮੰਡਿਆਣਾ, ਬਹਾਦਰ ਸਿੰਘ ਨੈੜੂ, ਰਵਿੰਦਰ ਸਿੰਘ ਲੱਖੋ ਮਾਜਰਾ, ਪਰਮਜੀਤ ਸਿੰਘ ਸਲੋਨੀਆ, ਆਸ਼ੀਖਾਨ (ਭਦਕ), ਗੋਲਡੀ SOI ਸਮੁੱਚੇ ਯੂਥ ਅਕਾਲੀ ਦਲ ਦੇ ਵਰਕਰ ਅਤੇ ਹੋਰ ਸ਼ਾਮਲ ਸਨ।

# ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾ ਰਹੀ ਹੈ ਆਮ ਆਦਮੀ ਪਾਰਟੀ ਦੀ ਸਰਕਾਰ : ਵਿਜੈ ਦਾਨਵ



**ਲੁਧਿਆਣਾ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਵਿਜੈ ਦਾਨਵ ਚੇਅਰਮੈਨ ਦਲਿਤ ਵਿਕਾਸ ਬੋਰਡ ਪੰਜਾਬ ਸਰਕਾਰ ਦੀ ਅਗਵਾਈ ਵਿਚ ਇਕ ਪ੍ਰੈਸ ਵਾਰਤਾ ਦਾ ਆਯੋਜਨ ਸਥਾਨਕ ਲੁਧਿਆਣਾ ਕਲੱਬ ਵਿਖੇ ਕੀਤਾ ਗਿਆ। ਇਸ ਮੌਕੇ ਪ੍ਰੈਸ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਵਿਜੈ ਦਾਨਵ ਨੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਦਲਿਤ ਵਿਕਾਸ ਬੋਰਡ ਦਾ ਚੇਅਰਮੈਨ ਬਣਾਏ ਜਾਣ ’ਤੇ ਆਮ ਆਦਮੀ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆਂ, ਪੰਜਾਬ ਪ੍ਰਧਾਨ ਸ੍ਰੀ ਅਮਨ ਅਰੋੜਾ, ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਅਤੇ ਸਮੂਹ ਕੈਬਨਿਟ ਮੰਤਰੀਆਂ, ਵਿਧਾਇਕਾਂ ਅਤੇ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨੇ ਮੈਨੂੰ ਪੰਜਾਬ ਦੇ 1 ਕਰੋੜ 40 ਲੱਖ ਦਲਿਤ ਸਮਾਜ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਦਾ ਮੌਕਾ ਦਿੱਤਾ ਹੈ।

ਉਨ੍ਹਾਂ ਦੱਸਿਆ ਉਹ ਪਾਰਟੀ ਹਾਈਕਮਾਂਡ ਨੂੰ ਪੂਰੀ ਵਿਸ਼ਵਾਸ਼ ਦਿਵਾਉਣਾ ਚਾਹੁੰਦੇ ਹਨ ਕਿ ਪਾਰਟੀ ਨੇ ਜੋ ਮੇਰੇ ’ਤੇ ਭਰੋਸਾ ਜਤਾ ਕੇ ਮੈਨੂੰ ਜੋ ਜ਼ਿੰਮੇਵਾਰੀ ਦਿੱਤੀ ਹੈ ਉਹ ਇਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਆਖਿਆ ਕਿ ਉਹ ਪਿਛਲੇ 45 ਸਾਲਾਂ ਤੋਂ ਦਲਿਤ ਸਮਾਜ ਦੇ ਲੋਕਾਂ ਦੇ ਭਲੇ ਲਈ ਕੰਮ ਕਰ ਰਹੇ ਹਨ ਅਤੇ ਪਿਛਲੇ ਸਮੇ ਦੌਰਾਨ ਮੇਰੇ ਵਲੋਂ ਦਲਿਤ ਸਮਾਜ ਦੀਆਂ, ਧਾਰਮਿਕ, ਸਮਾਜਿਕ, ਸਿੱਖਿਆ, ਸਿਹਤ, ਰਾਜਨੀਤਿਕ, ਨਗਰ ਨਿਗਮ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਚੁੱਕਿਆ ਗਿਆ ਤੇ ਇਨ੍ਹਾਂ ਨੂੰ ਹੱਲ ਕਰਾਉਣ ਲਈ ਪੁਰਜ਼ੋਰ ਯਤਨ ਕੀਤੇ ਗਏ ਅਤੇ ਅੱਗੇ ਵੀ ਮੇਰੇ ਵਲੋਂ ਦਲਿਤ ਸਮਾਜ ਦੇ ਮਾਣ ਸਨਮਾਨ ਦੀ ਲੜਾਈ ਨੂੰ ਪਹਿਲ ਦੇ ਆਧਾਰ ਤੇ ਲੜਿਆ ਜਾਵੇਗਾ।

ਉਨ੍ਹਾਂ ਵਿਸ਼ੇਸ਼ ਤੌਰ ਦੱਸਿਆ ਕਿ ਬਹੁਤ ਜਲਦੀ ਹੀ ਅਗਲੇ ਦਿਨਾਂ ਵਿਚ ਮੇਰੇ ਵਲੋਂ ਪੂਰੇ ਪੰਜਾਬ ਦੇ ਦੌਰਾ ਕੀਤਾ ਜਾਵੇਗਾ ਅਤੇ ਜਿਥੇ ਸਮੁੱਚੇ ਦਲਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਪਹਿਲ ਦੇ ਆਧਾਰ ਤੇ ਮੁੱਖ ਮੰਤਰੀ ਨਾਲ ਮਿਲ ਕੇ ਹੱਲ ਕਰਾਇਆ ਜਾਵੇਗਾ ਅਤੇ ਦਲਿਤ ਸਮਾਜ ਨੂੰ ਵੱਡੇ ਪੱਧਰ ਤੇ ਆਮ ਆਦਮੀ ਪਾਰਟੀ ਨਾਲ ਜੋੜਿਆ ਜਾਵੇਗਾ।

ਉਨ੍ਹਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮਾਣਯੋਗ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸਰਕਾਰ ਨੇ ਸਾਢੇ ਤਿੰਨ ਸਾਲਾਂ ਵਿੱਚ ਸੂਬੇ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਕਰੀਬ 50 ਹਜਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ, 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ, ਕਿਸਾਨਾਂ ਨੂੰ ਬਿਜਲੀ ਮੁਫਤ ਦਿੱਤੀ, ਪੈਨਸ਼ਨਾਂ ਵਿੱਚ ਵਾਧਾ ਕੀਤਾ ,ਸਕੂਲ ਅਪਗ੍ਰੇਡ ਕੀਤੇ, ਹਸਪਤਾਲਾਂ ਵਿੱਚ ਸਹੀ ਇਲਾਜ ਅਤੇ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੈਡੀਕਲ ਸਹੂਲਤਾਂ ਅਤੇ ਗਰੀਬਾਂ ਲਈ 10 ਲੱਖ ਦਾ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਾਇਆ ਗਿਆ ਤੇ ਹਰ ਵਰਗ ਦੀ ਭਲਾਈ ਲਈ ਕੰਮ ਕੀਤੇ ਤੇ ਆਮ ਆਦਮੀ ਪਾਰਟੀ ਪੰਜਾਬ ਵਿਚ ਹਰੇਕ ਵਰਗ ਦੇ ਭਲੇ ਲਈ ਕੰਮ ਕਰ ਰਹੀ ਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ ਅਤੇ ਮੇਰੇ ਵਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਜਿਤਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਸਮੁੱਚੀ ਪੰਜਾਬ ਦੀ ਦੀ ਜਨਤਾ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਜਿਤਾ ਕੇ ਸ. ਭਗਵੰਤ ਸਿੰਘ ਮਾਨ ਨੂੰ ਫ਼ਿਰ ਤੋਂ ਮੁੱਖ ਮੰਤਰੀ ਬਣਾਏਗੀ।

ਇਸ ਮੌਕੇ ਭਾਵਾਧਸ ਆਈ ਟੀ ਵਿੰਗ ਦੇ ਪ੍ਰਧਾਨ ਕਨੌਜ ਦਾਨਵ ਵੀ ਹਾਜ਼ਰ ਸਨ।

# ਘਨੌਲੀ ਸਰਕਲ ਅੰਬੂਜਾ ਕਾਲੋਨੀ ‘ਚ ਭਾਜਪਾ ਵੱਲੋਂ ਵਿਸ਼ੇਸ਼ ਸਹਾਇਤਾ ਕੈਂਪ, ਜੈਸਮੀਨ ਕੌਰ ਲਾਲਪੁਰਾ ਨੇ ਸਿੱਖਿਆ ਸੁਧਾਰ ‘ਤੇ ਦਿੱਤਾ ਜ਼ੋਰ



**ਰੂਪ ਨਗਰ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਪਨਗਰ ਜ਼ਿਲ੍ਹੇ ਦੇ ਘਨੌਲੀ ਸਰਕਲ ਦੀ ਅੰਬੂਜਾ ਕਾਲੋਨੀ ‘ਚ ਅੱਜ ਭਾਰਤੀ ਜਨਤਾ ਪਾਰਟੀ ਵੱਲੋਂ ਇਕ ਵਿਸ਼ੇਸ਼ ਸਹਾਇਤਾ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦਾ ਉਦਘਾਟਨ ਭਾਜਪਾ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੀ ਭੈਣ ਅਤੇ ਸਮਾਜਸੇਵੀ ਜੈਸਮੀਨ ਕੌਰ ਲਾਲਪੁਰਾ ਦੇ ਕਰਕਮਲਾਂ ਨਾਲ ਕੀਤਾ ਗਿਆ। ਪ੍ਰੋਗਰਾਮ ਵਿੱਚ ਪਹੁੰਚਣ ‘ਤੇ ਮੰਡਲ ਪ੍ਰਧਾਨ ਇੰਦਰਪਾਲ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਜੈਸਮੀਨ ਕੌਰ ਲਾਲਪੁਰਾ ਦਾ ਗੁਲਦਸਤੇ ਨਾਲ ਸਵਾਗਤ ਕੀਤਾ ਗਿਆ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਜੈਸਮੀਨ ਕੌਰ ਲਾਲਪੁਰਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਸਿਰਫ਼ ਰਾਜਨੀਤੀ ਦੀ ਨਹੀਂ, ਸੇਵਾ ਅਤੇ ਵਿਕਾਸ ਦੀ ਪਾਰਟੀ ਹੈ। ਉਨ੍ਹਾਂ ਨੇ ਕਿਹਾ ਕਿ ਪਾਰਟੀ ਦੇ ਉਪਰਾਲਿਆਂ ਨਾਲ ਸਿਹਤ, ਸਿੱਖਿਆ, ਮਹਿਲਾ ਸਸ਼ਕਤੀਕਰਨ ਅਤੇ ਗਰੀਬ ਕਲਿਆਣ ਯੋਜਨਾਵਾਂ ਵਿੱਚ ਲਗਾਤਾਰ ਸੁਧਾਰ ਹੋ ਰਹੇ ਹਨ।

ਖਾਸ ਤੌਰ ‘ਤੇ ਉਨ੍ਹਾਂ ਨੇ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਦੀ ਲੋੜ ‘ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ‘ਚ ਸਿੱਖਿਆ ਸਿਰਫ਼ ਡਿਗਰੀ ਪ੍ਰਾਪਤ ਕਰਨ ਦਾ ਸਾਧਨ ਨਹੀਂ, ਸਗੋਂ ਚਰਿੱਤਰ ਨਿਰਮਾਣ ਅਤੇ ਸਮਾਜ ਸੇਵਾ ਦੀ ਭਾਵਨਾ ਜਗਾਉਣ ਦਾ ਮਾਧਿਅਮ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਪਿੰਡ ਅਤੇ ਸ਼ਹਿਰ ਦੇ ਬੱਚਿਆਂ ਲਈ ਇੱਕੋ ਜਿਹੀਆਂ ਸਿੱਖਿਆ ਸਹੂਲਤਾਂ ਯਕੀਨੀ ਬਣਾਉਣ ਲਈ ਢੁਕਵੇਂ ਕਦਮ ਚੁੱਕਣੇ ਜ਼ਰੂਰੀ ਹਨ, ਤਾਂ ਜੋ ਕਿਸੇ ਵੀ ਬੱਚੇ ਦਾ ਭਵਿੱਖ ਸਿਰਫ਼ ਸਰੋਤਾਂ ਦੀ ਘਾਟ ਕਰਕੇ ਪ੍ਰਭਾਵਿਤ ਨਾ ਹੋਵੇ।

ਕੈਂਪ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਨਾਗਰਿਕਾਂ ਨੇ ਭਾਗ ਲਿਆ। ਇੱਥੇ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ, ਈ-ਸ਼ਰਮ ਕਾਰਡ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਉੱਜਵਲਾ ਯੋਜਨਾ ਅਤੇ ਹੋਰ ਕੇਂਦਰ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਲਈ ਰਜਿਸਟ੍ਰੇਸ਼ਨ ਕੀਤੀ ਗਈ। ਭਾਜਪਾ ਕਾਰਕੁਨਾਂ ਦੀ ਟੀਮ ਨੇ ਮੌਕੇ ‘ਤੇ ਹੀ ਲਾਭਪਾਤਰੀਆਂ ਦੇ ਦਸਤਾਵੇਜ਼ ਪੂਰੇ ਕਰਕੇ ਉਨ੍ਹਾਂ ਨੂੰ ਯੋਜਨਾਵਾਂ ਨਾਲ ਜੋੜਿਆ।

ਇੰਦਰਪਾਲ ਸਿੰਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਯੋਜਨਾਵਾਂ ਦਾ ਸਿੱਧਾ ਲਾਭ ਲੋਕਾਂ ਤੱਕ ਪਹੁੰਚਾਉਣਾ ਹੀ ਭਾਜਪਾ ਦਾ ਸੰਕਲਪ ਹੈ।

ਉਨ੍ਹਾਂ ਨੇ ਕਿਹਾ ਕਿ ਅਜੇਹੇ ਵਿਸ਼ੇਸ਼ ਕੈਂਪ ਰੋਜ਼ਾਨਾ ਵੱਖ-ਵੱਖ ਇਲਾਕਿਆਂ ਵਿੱਚ ਲਗਾਏ ਜਾ ਰਹੇ ਹਨ ਅਤੇ ਹੁਣ ਤੱਕ ਸੈਂਕੜੇ ਪਰਿਵਾਰ ਇਨ੍ਹਾਂ ਤੋਂ ਲਾਭਵਾਨ ਹੋਏ ਹਨ।ਕੈਂਪ ਵਿੱਚ ਧਰਮਿੰਦਰ ਸਿੰਘ, ਵਿਜੈ ਦੂਬੇ, ਨਕੁਲ ਸਿੰਘ, ਇੰਦਰਪਾਲ ਪਟੇਲ, ਪਰਮਿੰਦਰ ਕੁਮਾਰ, ਵਿਜੈਪਾਲ ਸਿੰਘ, ਸਤਨਾਮ ਸਿੰਘ, ਜਗਦੀਸ਼ ਕੁਮਾਰ, ਰਕੇਸ਼ ਕੁਮਾਰ ਸਮੇਤ ਕਈ ਗਣਮਾਨਯ ਨਾਗਰਿਕ ਅਤੇ ਕਾਰਕੁਨ ਮੌਜੂਦ ਸਨ। ਇਸ ਕੈਂਪ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਭਾਜਪਾ ਜਨ-ਜਨ ਦੀ ਪਾਰਟੀ ਹੈ, ਜੋ ਸੇਵਾ ਨੂੰ ਸਰਵੋਪਰੀ ਮੰਨਦੀ ਹੈ।

# ਸ਼ਰਨਪਾਲ ਸਿੰਘ ਮੱਕੜ ਨੂੰ ਪੰਜਾਬ ਦਰਮਿਆਨੇ ਉਦਯੋਗ ਵਿਕਾਸ ਬੋਰਡ ਦਾ ਸੀਨੀਅਰ ਵਾਈਸ ਚੇਅਰਮੈਨ ਕੀਤਾ ਨਿਯੁਕਤ



**ਰੂਪ ਨਗਰ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਮਹੱਤਵਪੂਰਨ ਪ੍ਰਾਪਤੀ ਵਿੱਚ, ਸ਼ਰਨਪਾਲ ਸਿੰਘ ਮੱਕੜ ਨੂੰ ਪੰਜਾਬ ਦਰਮਿਆਨੇ ਉਦਯੋਗ ਵਿਕਾਸ ਬੋਰਡ ਦਾ ਸੀਨੀਅਰ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ, ਜੋ ਕਿ ਸੂਬੇ ਦੀ ਉਦਯੋਗਿਕ ਤਰੱਕੀ ਪ੍ਰਤੀ ਉਨ੍ਹਾਂ ਦੇ ਸਮਰਪਣ, ਅਗਵਾਈ ਅਤੇ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੀ ਨਿਯੁਕਤੀ ਨੂੰ ਪੰਜਾਬ ਵਿੱਚ ਦਰਮਿਆਨੇ ਪੱਧਰ ਦੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਅਤੇ ਸਮਰਥਨ ਦੇਣ ਲਈ ਇੱਕ ਹੁਲਾਰਾ ਵਜੋਂ ਦੇਖਿਆ ਜਾਂਦਾ ਹੈ। ਅੱਜ, ਪੰਜਾਬ ਦੇ ਮਾਣਯੋਗ ਉਦਯੋਗ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਉਦਯੋਗ ਭਵਨ, ਚੰਡੀਗੜ੍ਹ ਵਿਖੇ ਸ਼੍ਰੀ ਮੱਕੜ ਨੂੰ ਨਿੱਜੀ ਤੌਰ ’ਤੇ ਵਧਾਈ ਦਿੱਤੀ, ਆਰਥਿਕ ਵਿਕਾਸ ਲਈ ਉਨ੍ਹਾਂ ਦੇ ਦ੍ਰਿਸ਼ਟੀਕੋਣ ਅਤੇ ਯਤਨਾਂ ਦੀ ਸ਼ਲਾਘਾ ਕੀਤੀ।

ਸ਼੍ਰੀ ਮੱਕੜ ਨੇ ਉਨ੍ਹਾਂ ਵਿੱਚ ਦਿਖਾਏ ਗਏ ਭਰੋਸੇ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਪੰਜਾਬ ਦੇ ਉਦਯੋਗਿਕ ਖੇਤਰ ਨੂੰ ਮਜ਼ਬੂਤ ਕਰਨ ਲਈ ਅਣਥੱਕ ਮਿਹਨਤ ਕਰਨ ਦਾ ਵਾਅਦਾ ਕੀਤਾ।

# ਪਟਿਆਲਾ ਸ਼ਹਿਰ ਦੇ ਲੋਕਾਂ ਨੂੰ ਨਹੀਂ ਮਿਲੇਗਾ ਮੁਫ਼ਤ ਪਾਣੀ, ਲੱਗਣਗੇ ਮੀਟਰ ; ਕਿੰਨਰਾਂ ਨੂੰ ਵਧਾਈ ਲਈ ਮਿਲਣਗੇ 3100 ਅਤੇ 2100 ਰੁਪਏ

**ਪਟਿਆਲਾ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਨਗਰ ਨਿਗਮ ਦਾ ਜਨਰਲ ਹਾਊਸ ਹੰਗਾਮੇ ਭਰਪੂਰ ਰਿਹਾ। ਲਗਭਗ ਸਵਾ 2 ਘੰਟੇ ਚੱਲੇ ਹਾਊਸ ’ਚ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ ਹੀ ਆਪਣੇ ਨੇਤਾਵਾਂ ਘੇਰਿਆ।

ਏਜੰਡੇ ’ਚ ਆਏ ਸਮੁੱਚੇ ਮਤੇ 4 ਅਹਿਮ ਮਤਿਆਂ ਨੂੰ ਛੱਡ ਕੇ ਪਾਸ ਕਰ ਦਿੱਤੇ ਗਏ। ਮੇਅਰ ਕੁੰਦਨ ਗੋਗੀਆ ਦੀ ਅਗਵਾਈ ਹੇਠ ਹੋਏ ਜਨਰਲ ਹਾਊਸ ’ਚ ਕਮਿਸ਼ਨਰ ਪਰਮਵੀਰ ਸਿੰਘ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਜੱਗਾ ਸਮੇਤ ਲਗਭਗ ਸਮੁੱਚੇ ਕੌਂਸਲਰ ਹਾਜ਼ਰ ਰਹੇ।

ਜਨਰਲ ਹਾਊਸ ’ਚ ਸ਼ਾਹੀ ਸ਼ਹਿਰ ਨੂੰ 24 ਘੰਟੇ ਪੀਣ ਵਾਲਾ ਪਾਣੀ ਦੇਣ ਦੀ ਤਜਵੀਜ਼ ਸਾਹਮਣੇ ਵੀ ਰੱਖੀ ਗਈ, ਜਿਸ ’ਚ ਸ਼ਹਿਰ ਦੇ ਲੋਕਾਂ ਨੂੰ 24 ਘੰਟੇ ਪਾਣੀ ਮਿਲੇਗਾ ਪਰ ਉਨ੍ਹਾਂ ਦੇ ਘਰਾਂ ’ਚ ਮੀਟਰ ਲੱਗਣਗੇ । ਬਕਾਇਦਾ 125 ਗਜ਼ ਦੇ ਘਰ ’ਚ ਵੀ ਮੀਟਰ ਲੱਗੇਗਾ। ਪਹਿਲੇ ਸਟੈਪ ’ਚ ਇਹ ਰੇਟ 460 ਰੁਪਏ ਬਣ ਕੇ ਆਇਆ ਹੈ ਪਰ ਇਸ ਸਬੰਧੀ ਕਮੇਟੀ ਬਣਾਈ ਜਾ ਰਹੀ ਹੈ, ਜਿਹੜੀ ਇਸ ਰੇਟ ਨੂੰ ਰਿਵਿਊ ਕਰੇਗੀ ਤੇ ਘੱਟ ਰੇਟ ਲਗਾਵੇਗੀ।

ਲੋਕਾਂ ਨੇ ਇਸ ਮਤੇ ਦਾ ਸਵਾਗਤ ਕੀਤਾ ਹੈ ਕਿ ਸ਼ਹਿਰ ਨੂੰ 24 ਘੰਟੇ ਪਾਣੀ ਮਿਲਣਾ ਚਾਹੀਦਾ ਹੈ। ਹੁਣ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਨਗਰ ਨਿਗਮ ਕਿਸ ਪ੍ਰੋਜ਼ਲ ਤਹਿਤ ਸ਼ਹਿਰ ਦੇ ਲੋਕਾਂ ਉੱਪਰ ਲਾਗੂ ਕਰੇਗਾ। ਨਿਗਮ ਨੇ ਕਿੰਨਰਾਂ ਨੂੰ ਵਧਾਈ ਦੇਣ ਦਾ ਮਤਾ ਵੀ ਪਾਸ ਕਰ ਦਿੱਤਾ ਹੈ। ਹੁਣ ਕਿੰਨਰਾਂ ਨੂੰ ਮੁੰਡੇ ਦੇ ਵਿਆਹ ’ਤੇ 3100 ਅਤੇ ਮੁੰਡੇ ਦੇ ਜਨਮ ’ਤੇ 2100 ਰੁਪਏ ਮਿਲਣਗੇ।

ਇਸ ਮੌਕੇ ਕੌਂਸਲਰਾਂ ਨੇ ਹੰਗਾਮਾ ਕੀਤਾ ਕਿ ਕਿਹੜੇ ਵਾਰਡ ’ਚ ਕਿਹੜਾ ਠੇਕੇਦਾਰ ਕੰਮ ਕਰ ਰਿਹਾ ਹੈ, ਕਿਸ ਤਰ੍ਹਾਂ ਦਾ ਕੰਮ ਕਰ ਰਿਹਾ ਹੈ, ਇਸ ਦਾ ਕਿਸੇ ਵੀ ਕੌਂਸਲਰ ਨੂੰ ਪਤਾ ਹੀ ਨਹੀਂ ਹੁੰਦਾ। ਕੌਂਸਲਰਾਂ ਨੇ ਮੰਗ ਕੀਤੀ ਕਿ ਜਿੰਨੇ ਵੀ ਸ਼ਹਿਰ ਅੰਦਰ ਕੰਮਕਾਜ ਚੱਲ ਰਹੇ ਹਨ, ਉਨ੍ਹਾਂ ਦੀਆਂ ਲਿਸਟਾਂ ਠੇਕੇਦਾਰਾਂ ਦੇ ਨੰਬਰਾਂ ਸਮੇਤ ਕੌਂਸਲਰਾਂ ਤੇ ਲੋਕਾਂ ਨੂੰ ਜਾਰੀ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਇਹ ਸਹੀ ਕੰਮ ਕਰ ਰਹੇ ਹਨ ਜਾਂ ਨਹੀਂ, ਇਸ ਸਬੰਧੀ ਲੋਕ ਇਨ੍ਹਾਂ ਤੋਂ ਜਵਾਬ ਲੈ ਸਕਣ।

ਕੌਂਸਲਰਾਂ ਨੇ ਆਖਿਆ ਕਿ ਹਾਲਾਤ ਬੇਹੱਦ ਜ਼ਰੂਰੀ ਹੈ। ਇਸੇ ਤਰ੍ਹਾਂ ਬਾਪਰ ਠੀਕ ਨਹੀਂ ਹਨ। ਇਨ੍ਹਾਂ ਨੂੰ ਠੀਕ ਕਰਨਾ ਵੀ ਯੂਨੀਵਰਸਿਟੀ ਦੀ ਜਗ੍ਹਾ ਦੇ ਤਬਾਦਲੇ ਮਤਾ ਵੀ ਪਾਸ ਕਰ ਦਿੱਤਾ ਗਿਆ ਹੈ ਅਤੇ ਨਗਰ ਨਿਗਮ 10 ਕਰੋੜ ਦੀ ਲਾਗਤ ਨਾਲ ਪੁੱਡਾ ਤੋਂ 0.62 ਏਕੜ ਥਾਂ ਵੀ ਲਵੇਗਾ।

# ਡੀਜੀਪੀ ਪੰਜਾਬ ਨੇ ਜ਼ਿਲ੍ਹੇ ਅੰਦਰ ਮੌਜੂਦਾ ਸੁਰੱਖਿਆ ਪ੍ਰਣਾਲੀ ਅਤੇ ਅਤਿਵਾਦ ਵਿਰੋਧੀ ਰਣਨੀਤੀਆਂ ਦੀ ਕੀਤੀ ਸਮੀਖਿਆ

➢ ਕਾਨੂੰਨ ਵਿਵਸਥਾ ਦੀ ਉਲੰਘਣਾ ਨੂੰ ਰੋਕਣ ਲਈ ਉੱਚ ਪੱਧਰੀ ਨਾਕੇ ਲਗਾਉਣ ਦੀ ਕੀਤੀ ਹਦਾਇਤ ➢ ਯੁੱਧ ਨਸ਼ਿਆਂ ਵਿਰੁੱਧ ਇੱਕ ਮਜ਼ਬੂਤ ਜ਼ੀਰੋ-ਟੌਲਰੈਂਸ ਨੀਤੀ ਨੂੰ ਦੁਹਰਾਇਆ ➢ ਐਨ.ਡੀ.ਪੀ.ਐਸ ਐਕਟ ਅਧੀਨ ਸਖ਼ਤ ਤੇ ਪਾਰਦਰਸ਼ੀ ਕਾਰਵਾਈ 'ਤੇ ਦਿੱਤਾ ਜ਼ੋਰ




**ਬਠਿੰਡਾ, 7 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

: ਆਜ਼ਾਦੀ ਦਿਵਸ ਦੇ ਮੱਦੇਨਜ਼ਰ ਡੀਜੀਪੀ ਪੰਜਾਬ ਸ਼੍ਰੀ ਗੌਰਵ ਯਾਦਵ ਨੇ ਅੱਜ ਪੁਲਿਸ ਵਿਭਾਗ ਦੇ ਅਧਿਕਾਰੀਆਂ ਨਾਲ ਜ਼ਿਲ੍ਹੇ ਅੰਦਰ ਮੌਜੂਦਾ ਸੁਰੱਖਿਆ ਪ੍ਰਣਾਲੀ ਅਤੇ ਅਤਿਵਾਦ ਵਿਰੋਧੀ ਰਣਨੀਤੀਆਂ ਦੀ ਸਮੀਖਿਆਂ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਸਰਹੱਦੀ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਉਲੰਘਣਾ ਨੂੰ ਰੋਕਣ ਲਈ ਉੱਚ ਪੱਧਰੀ ਨਾਕੇ ਲਗਾਉਣ ਅਤੇ ਹਰ ਸਮੇਂ ਨਿਗਰਾਨੀ ਰੱਖਣ ਲਈ ਆਦੇਸ਼ ਦਿੱਤੇ।

ਇਸ ਮੌਕੇ ਡੀ.ਜੀ.ਪੀ ਪੰਜਾਬ ਸ਼੍ਰੀ ਗੌਰਵ ਯਾਦਵ ਦਾ ਇਥੇ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ, ਡੀ.ਆਈ.ਜੀ ਬਠਿੰਡਾ ਰੇਂਜ ਸ਼੍ਰੀ ਹਰਜੀਤ ਸਿੰਘ, ਐੱਸ.ਐੱਸ.ਪੀ ਬਠਿੰਡਾ ਮੈਡਮ ਅਮਨੀਤ ਕੌਂਡਲ, ਐਸਐਸਪੀ ਮਾਨਸਾ ਸ਼੍ਰੀ ਭਾਗੀਰਥ ਮੀਨਾ, ਏਆਈਜੀ ਕਾਊਂਟਰ ਇੰਟੈਲੀਜੈਂਸ ਮੈਡਮ ਅਵਨੀਤ ਕੌਰ ਸਿੱਧੂ ਨੇ ਭਰਵਾਂ ਸਵਾਗਤ ਕੀਤਾ।

ਇਸ ਮੌਕੇ ਡੀਜੀਪੀ ਪੰਜਾਬ ਸ਼੍ਰੀ ਗੌਰਵ ਯਾਦਵ ਨੇ ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਦੇ ਸੀਨੀਅਰ ਅਧਿਕਾਰੀਆਂ ਨਾਲ ਯੁੱਧ ਨਸ਼ਿਆਂ ਵਿਰੁੱਧ ਇੱਕ ਮਜ਼ਬੂਤ ਜ਼ੀਰੋ-ਟੌਲਰੈਂਸ ਨੀਤੀ ਨੂੰ ਦੁਹਰਾਇਆ। ਇਸ ਦੌਰਾਨ ਉਨ੍ਹਾਂ ਐਨ.ਡੀ.ਪੀ.ਐਸ ਐਕਟ ਅਧੀਨ ਸਖ਼ਤ ਅਤੇ ਪਾਰਦਰਸ਼ੀ ਕਾਰਵਾਈ 'ਤੇ ਜ਼ੋਰ ਦਿੱਤਾ। ਇਸ ਮੌਕੇ ਉਨ੍ਹਾਂ ਅੱਤਵਾਦ ਵਿਰੋਧੀ ਰਣਨੀਤੀਆਂ, ਗੈਂਗਸਟਰ ਅਤੇ ਸੰਗਠਿਤ ਅਪਰਾਧ ਨੈੱਟਵਰਕਾਂ ਨੂੰ ਖਤਮ ਕਰਨ ਅਤੇ ਉੱਭਰ ਰਹੀਆਂ ਕਾਨੂੰਨ ਵਿਵਸਥਾ ਚੁਣੌਤੀਆਂ ਨੂੰ ਹੱਲ ਕਰਨ 'ਤੇ ਵੀ ਚਰਚਾ ਕੀਤੀ ਗਈ।

ਇਸ ਦੌਰਾਨ ਡੀਜੀਪੀ ਪੰਜਾਬ ਨੇ ਅਧਿਕਾਰੀਆਂ ਨੂੰ ਨਾਗਰਿਕਾਂ ਲਈ ਇੱਕ ਸੁਰੱਖਿਅਤ ਅਤੇ ਸ਼ਾਂਤੀਪੂਰਨ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਆਉਣ ਵਾਲੇ ਸੁਤੰਤਰਤਾ ਦਿਵਸ ਦੇ ਜਸ਼ਨਾਂ ਲਈ ਸੁਰੱਖਿਆ ਪ੍ਰਬੰਧਾਂ 'ਤੇ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਕੀਤੀ। ਇਸ ਦੌਰਾਨ ਉਨ੍ਹਾਂ ਸੈਸ਼ਨ ਨੇ ਜ਼ਿਲ੍ਹਿਆਂ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਡਰੱਗ ਸਪਲਾਈ ਚੇਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤੋੜਨ ਲਈ ਸਾਰੇ ਰੈਂਕਾਂ ਦੇ ਅਧਿਕਾਰੀਆਂ ਵਿਚਕਾਰ ਖੁੱਲ੍ਹੀ ਗੱਲਬਾਤ ਕੀਤੀ ਤੇ ਖੇਤਰੀ ਅਨੁਭਵ ਸਾਂਝੇ ਕਰਨ ਨੂੰ ਉਤਸ਼ਾਹਿਤ ਕੀਤਾ।

ਇਸ ਮੌਕੇ ਪੁਲਿਸ ਵਿਭਾਗ ਨਾਸ ਸੰਬਧਤ ਉੱਚ ਅਧਿਕਾਰੀ ਆਦਿ ਹਾਜ਼ਰ ਸਨ।

# ਸਿੱਧੂ ਮੂਸੇਵਾਲਾ ਦੇ ਪਰਿਵਾਰ ਵਲੋਂ ਮਰਹੂਮ ਗਾਇਕ ਦੇ ਸਾਬਕਾ ਮੈਨੇਜਰ 'ਤੇ ਡਿਜੀਟਲ ਧੋਖਾਧੜੀ ਦਾ ਦੋਸ਼

## ਡੀਜੀਪੀ ਨੂੰ ਚਿੱਠੀ ਲਿਖ ਕੇ ਕਾਰਵਾਈ ਦੀ ਮੰਗ ਕੀਤੀ

**ਮਾਨਸਾ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਉਸ ਵੱਲੋਂ ਜਿਉਂਦੇ ਜੀਅ ਵੱਖ ਵੱਖ ਸ਼ਹਿਰਾਂ ਅਤੇ ਵਿਦੇਸ਼ਾਂ ਵਿੱਚ ਲਗਾਏ ਗਏ ਪ੍ਰੋਗਰਾਮ ਆਦਿ ਦੇ ਪੈਸੇ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਇਹ ਵਿਵਾਦ ਕਿਸੇ ਹੋਰ ਨਾਲ ਨਹੀਂ ਬਲਕਿ ਸਿੱਧੂ ਮੂਸੇਵਾਲਾ ਦੇ ਕਿਸੇ ਸਮੇਂ ਮੈਨੇਜਰ ਰਹੇ ਬੰਟੀ ਬੈਂਸ ਨਾਮ ਦੇ ਵਿਅਕਤੀ ਨਾਲ ਹੈ। ਇਸ ਨੂੰ ਲੈ ਕੇ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਡੀਜੀਪੀ ਪੰਜਾਬ ਨੂੰ ਪੱਤਰ ਲਿਖ ਕੇ ਕਾਰਵਾਈ ਦੀ ਮੰਗ ਕੀਤੀ ਹੈ। ਇਸ ਨੂੰ ਲੈ ਕੇ ਪੁਲੀਸ ਨੇ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਉਂਝ ਤਾਂ ਇਸ ਪੈਸੇ ਦਾ ਕੋਈ ਰਿਕਾਰਡ ਨਹੀਂ ਹੈ ਪਰ ਪਰਿਵਾਰ ਵੱਲੋਂ ਇਹ ਪੈਸਾ 37 ਕਰੋੜ ਰੁਪਏ ਦੇ ਕਰੀਬ ਦੱਸਿਆ ਜਾ ਰਿਹਾ ਹੈ। ਪਰਿਵਾਰ ਦਾ ਕਹਿਣਾ ਹੈ ਕਿ ਬੰਟੀ ਤੋਂ ਉਹ ਲੰਬੇ ਸਮੇਂ ਤੋਂ ਇਸ ਪੈਸੇ ਅਤੇ ਪ੍ਰੋਗਰਾਮਾਂ ਦਾ ਹਿਸਾਬ ਮੰਗਦੇ ਆ ਰਹੇ ਹਨ, ਪਰ ਉਹ ਹਰ ਵਾਰ ਹਿਸਾਬ ਦੇਣ ਤੋਂ ਆਨਾਕਾਨੀ ਕਰ ਰਿਹਾ ਸੀ।

ਵੇਰਵਿਆਂ ਅਨੁਸਾਰ ਸਿੱਧੂ ਮੂਸੇਵਾਲਾ ਦੇ ਦੇਸ਼ ਵਿਦੇਸ਼ 'ਚ ਆਯੋਜਿਤ ਹੋਣ ਵਾਲੇ ਸ਼ੋਅ ਦੇ ਪੂਰੇ ਲੈਣ ਦੇਣ ਦਾ ਹਿਸਾਬ ਕਿਤਾਬ ਬੰਟੀ ਕੋਲ ਹੁੰਦਾ ਸੀ। ਮੂਸੇਵਾਲਾ ਦੀ ਮੌਤ ਮਗਰੋਂ ਪਰਿਵਾਰ ਨੇ ਬੰਟੀ ਤੋਂ ਇਸ ਦਾ ਹਿਸਾਬ ਕਿਤਾਬ ਮੰਗਿਆ ਪਰ ਉਹ ਟਾਲ ਮਟੋਲ ਕਰਦਾ ਰਿਹਾ। ਇਸ ਨੂੰ ਲੈ ਕੇ ਪਰਿਵਾਰ ਵੱਲੋਂ ਡੀਜੀਪੀ ਨੂੰ ਪੱਤਰ ਲਿਖ ਕੇ ਇਸ ਦੀ ਸ਼ਿਕਾਇਤ ਕੀਤੀ ਗਈ ਹੈ।



ਸਿੱਧੂ ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਨੇ ਦੱਸਿਆ ਕਿ ਸਿੱਧੂ ਦੇ ਪ੍ਰੋਗਰਾਮਾਂ ਦਾ ਕਰੋੜਾਂ ਰੁਪਏ ਦਾ ਬਿਜ਼ਨਸ ਹੋਣ ਦਾ ਅਨੁਮਾਨ ਹੈ। ਪਰ ਉਨ੍ਹਾਂ ਵੱਲੋਂ ਜੁਟਾਏ ਗਏ ਰਿਕਾਰਡ ਮੁਤਾਬਕ 37 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਪ੍ਰੋਗਰਾਮਾਂ ਦਾ ਪੂਰਾ ਰਿਕਾਰਡ ਘੋਖਿਆ ਜਾਵੇ ਤਾਂ ਰਕਮ ਇਸ ਤੋਂ ਜ਼ਿਆਦ ਵੀ ਹੋ ਸਕਦੀ ਹੈ। ਪਰਿਵਾਰ ਮੁਤਾਬਕ ਉਨ੍ਹਾਂ ਨੂੰ ਮਜਬੂਰਨ ਪੁਲੀਸ ਦਾ ਸਹਾਰਾ ਲੈਣਾ ਪਿਆ ਹੈ।

ਉਧਰ ਬੰਟੀ ਬੈਂਸ ਨੇ ਕਿਹਾ ਕਿ ਉਨ੍ਹਾਂ ਦਾ ਇਸ ਮਾਮਲੇ ਨਾਂਲ ਕੋਈ ਲੈਣਾ ਦੇਣਾ ਨਹੀਂ ਹੈ। ਉਸ ਨੇ ਕਿਹਾ, "ਸਿੱਧੂ ਮੂਸੇਵਾਲਾ ਮੇਰਾ ਦੋਸਤ ਸੀ। ਉਸ ਦਾ ਸਿੰਗਾਪੁਰ ਦੀ ਕਿਸੇ ਕੰਪਨੀ ਨਾਲ ਕਰੀਬ ਸਵਾ ਅਰਬ ਰੁਪਏ 'ਚ ਐਗਰੀਮੈਂਟ ਹੋਇਆ ਸੀ, ਜਿਸ ਵਿੱਚੋਂ ਕੰਪਨੀ 80 ਫੀਸਦ ਭੁਗਤਾਨ ਕਰ ਚੁੱਕੀ ਹੈ। ਬਾਕੀ ਕਿਸ਼ਤਾਂ ਰਾਹੀ ਕੀਤਾ ਜਾ ਰਿਹਾ ਹੈ।"

# ਕੌਮੀ ਮਾਰਗ 'ਤੇ ਬੁਨਿਆਦੀ ਸਹੂਲਤਾਂ ਦੀ ਘਾਟ; ਕਿਸਾਨਾਂ ਨੇ ਟੌਲ ਪਲਾਜ਼ਾ ਪਰਚੀ ਮੁਕਤ ਕਰ ਕੇ ਲਾਇਆ ਧਰਨਾ

**ਤਲਵੰਡੀ ਭਾਈ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਸ਼ਾਹ ਰਾਹ ਨੰਬਰ 54 (ਅੰਮ੍ਰਿਤਸਰ-ਬਠਿੰਡਾ ਸੈਕਸ਼ਨ) 'ਤੇ ਤੈਅ ਬੁਨਿਆਦੀ ਸਹੂਲਤਾਂ ਦੀ ਘਾਟ ਦੇ ਰੋਸ ਵਜੋਂ ਕਿਸਾਨ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਪੰਜਾਬ ਨੇ ਅੱਜ ਸਵੇਰੇ 10 ਵਜੇ ਤੋਂ ਕੋਟ ਕਰੋੜ ਕਲਾਂ ਟੌਲ ਪਲਾਜ਼ਾ ਅਣਮਿੱਥੇ ਸਮੇਂ ਲਈ ਪਰਚੀ ਮੁਕਤ ਕਰ ਦਿੱਤਾ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਗਿੱਲ ਕਰਮੂਵਾਲਾ ਨੇ ਦੱਸਿਆ ਕਿ ਮਖੂ ਤੋਂ ਫ਼ਰੀਦਕੋਟ ਤੱਕ ਉਕਤ ਕੌਮੀ ਮਾਰਗ ਅਤੇ ਟੌਲ ਪਲਾਜ਼ਾ @ਤੇ ਟੌਲ ਫ਼ੀਸ ਤਾਰਨ ਦੇ ਬਾਵਜੂਦ ਰਾਹਗੀਰਾਂ ਨੂੰ ਤੈਅ ਬੁਨਿਆਦੀ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ। ਉਨ੍ਹਾਂ ਦੱਸਿਆ ਕਿ ਹਰੀਕੇ ਪੁਲ ਤੋਂ ਨਾਜਾਇਜ਼ ਕਬਜ਼ੇ ਛਡਵਾਉਣ ਦਾ ਕਥਿਤ ਡਰਾਮਾ ਕਰਕੇ ਮੁੜ ਤੋਂ ਕਬਜ਼ੇ ਕਰਵਾ ਦਿੱਤੇ ਗਏ ਹਨ। ਮਖੂ ਰੇਲਵੇ ਫਾਟਕਾਂ @ਤੇ ਫਲਾਈਓਵਰ ਨਾ ਹੋਣ ਕਰਕੇ ਉੱਥੇ ਘੰਟਿਆਂ ਬੱਧੀ ਜਾਮ ਲੱਗਾ ਰਹਿੰਦਾ ਹੈ। ਤਲਵੰਡੀ ਭਾਈ ਵਿਖੇ ਬਣਾਇਆ ਗਿਆ @ਟਰੱਕ ਲੇ ਬਾਏ@ ਚਾਲੂ ਨਾ ਹੋਣ ਕਾਰਨ ਇਹ ਚੋਰਾਂ, ਲੁਟੇਰਿਆਂ ਤੇ ਨਸ਼ੇੜੀਆਂ ਦਾ ਅੱਡਾ ਬਣ ਚੁੱਕਾ ਹੈ। ਹਰਦੀਪ ਸਿੰਘ ਨੇ ਦੱਸਿਆ ਕਿ ਇਨ੍ਹਾਂ ਮਸਲਿਆਂ ਸਬੰਧੀ ਸਬੰਧਤ ਵਿਭਾਗ ਨੂੰ ਜਾਣੂੰ ਕਰਵਾਏ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਰਹੀ। ਧਰਨੇ ਵਿੱਚ ਜਥੇਬੰਦੀ ਦੇ ਸੂਬਾ ਸਕੱਤਰ ਭੁਪਿੰਦਰ ਸਿੰਘ ਔਲਖ, ਪ੍ਰੈੱਸ ਸਕੱਤਰ ਗੈਰੀ ਬੰਡਾਲਾ, ਕੋਰ ਕਮੇਟੀ ਮੈਂਬਰ ਜਸਵੀਰ ਸਿੰਘ ਸੰਧੂ, ਸੂਬਾ ਮੀਤ ਪ੍ਰਧਾਨ ਲਖਵਿੰਦਰ ਸਿੰਘ ਕਰਮੂਵਾਲਾ, ਜ਼ਿਲ੍ਹਾ ਫ਼ਰੀਦਕੋਟ ਪ੍ਰਧਾਨ ਰਾਜਵੀਰ ਸਿੰਘ ਗਿੱਲ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਪੇਂਡੂ ਵਿਕਾਸ ਸਕੀਮਾਂ ਦਾ ਲਿਆ ਜਾਇਜ਼ਾ

**ਬਠਿੰਡਾ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹਦੂਦ ਅੰਦਰ ਵੱਖ-ਵੱਖ ਪਾਬੰਦੀਆਂ ਸਬੰਧੀ ਹੁਕਮ ਜਾਰੀ ਕੀਤੇ ਹਨ।

ਜਾਰੀ ਹੁਕਮ ਅਨੁਸਾਰ ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹੇ ਅੰਦਰ ਉਲਾਈਵ ਗਰੀਨ ਰੰਗ ਦੀ ਮਿਲਟਰੀ ਵਰਦੀ ਤੇ ਉਲਾਈਵ ਗਰੀਨ ਰੰਗ (ਮਿਲਟਰੀ ਰੰਗ) ਦੀਆਂ ਜੀਪਾਂ/ਮੋਟਰਸਾਈਕਲਾਂ/ਮੋਟਰ ਗੱਡੀਆਂ ਦੀ ਵਰਤੋਂ ਦੀ ਮਨਾਹੀ ਕੀਤੀ ਹੈ।

ਇੱਕ ਹੋਰ ਹੁਕਮ ਅਨੁਸਾਰ ਜ਼ਿਲ੍ਹੇ ਅੰਦਰ ਪਿੰਡ, ਰੇਲਵੇ ਟਰੈਕ, ਸੂਏ ਤੇ ਨਹਿਰਾਂ ਦੇ ਪੁਲ, ਨਹਿਰਾਂ, ਜਨ-ਨਿਕਾਸ ਦੇ ਨਾਲਿਆਂ ਅਤੇ ਸੂਏ/ਰਜਵਾਹੇ, ਆਇਲ ਪਾਈਪ ਲਾਈਨਜ਼ ਆਦਿ ਨਾਲ ਲਗਦੇ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਸਾਰੇ ਬਾਲਗ ਆਦਮੀ ਸਾਰੇ ਪਿੰਡਾਂ, ਰੇਲ ਪਟੜੀਆਂ, ਜਲ ਸਪਲਾਈ ਸਕੀਮਾਂ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ ਅਤੇ ਸੂਏ ਟੁੱਟਣ ਤੋਂ ਬਚਾਉਣ ਲਈ ਠੀਕਰੀ ਪੈਰਾ ਰਾਖੀ ਦੀ ਡਿਊਟੀ ਨਿਭਾਉਣਗੇ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹੇ 'ਚ ਮੌਜੂਦ ਹਵਾਈ ਅੱਡੇ ਦੇ ਘੇਰੇ ਤੋਂ ਦੋ ਕਿਲੋਮੀਟਰ ਅੰਦਰ ਲਾਲਟੇਨ ਪਤੰਗਾਂ, ਇੱਛਾ ਪਤੰਗਾਂ ਆਦਿ ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰੀ ਹਵਾਬਾਜ਼ੀ ਮੰਤਰਾਲਾ, ਭਾਰਤ



ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਲਾਲਟੇਨ ਪਤੰਗਾਂ, ਇੱਛਾ ਪਤੰਗਾਂ ਦੀ ਵਰਤੋਂ ਹਵਾਈ ਜਹਾਜ਼ਾਂ ਦੇ ਉਤਰਨ ਅਤੇ ਚੜਨ ਸਮੇਂ ਦੌਰਾਨ ਕੰਮ-ਕਾਜ ਅਤੇ ਸੁਰੱਖਿਆ ਲਈ ਖਤਰਾ ਪੈਦਾ ਕਰਦੀਆਂ ਹਨ।

ਅਗਲੇ ਹੁਕਮ ਅਨੁਸਾਰ ਟ੍ਰੈਫ਼ਿਕ ਦੀ ਸਮੱਸਿਆ ਨੂੰ ਵੇਖਦਿਆਂ ਹੋਇਆ ਤੰਗ ਥਾਵਾਂ 'ਤੇ ਟਰੱਕ ਖੜਾ ਕਰਨ ਦੀ ਸਖ਼ਤ ਮਨਾਹੀ ਕੀਤੀ ਹੈ। ਜਾਰੀ ਆਦੇਸ਼ਾਂ 'ਚ ਉਨਾਂ ਕਿਹਾ ਕਿ ਬਹੁ-ਮੰਤਵੀ ਖੇਡ ਸਟੇਡੀਅਮ ਕੋਲ ਟਰੱਕ ਖੜੇ ਹੋਣ ਕਾਰਨ ਐਮ.ਐਸ.ਡੀ. ਸਕੂਲ ਅਤੇ ਗੁਰੂ ਹਰਕਿਸ਼ਨ ਪਬਲਿਕ ਸਕੂਲ ਦੇ ਬੱਚਿਆਂ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨਾਂ ਟਰੱਕਾਂ ਕਰਕੇ ਸਕੂਲਾਂ ਦੀਆਂ ਵੈਨਾ, ਬੱਸਾਂ, ਰਿਕਸ਼ੇ ਆਦਿ ਦਾ ਐਕਸੀਡੈਂਟ ਹੋਣ ਦਾ ਖਦਸਾ ਰਹਿੰਦਾ ਹੈ। ਇਨਾਂ ਗੱਲਾਂ ਨੂੰ ਧਿਆਨ 'ਚ ਰੱਖਦੇ ਹੋਏ ਹਨੂੰਮਾਨ ਚੌਂਕ ਦੇ ਆਸ ਪਾਸ ਗੋਨਿਆਣਾ ਰੋਡ ਅਤੇ ਖੇਡ ਸਟੇਡੀਅਮ ਰੋਡ 'ਤੇ ਟਰੱਕ ਖੜਾ ਕਰਨ ਦੀ ਸਖ਼ਤ ਮਨਾਹੀ ਕੀਤੀ ਹੈ। ਇਨਾਂ ਇਲਾਕਿਆਂ 'ਚ ਸਵੇਰੇ 6 ਵਜੇ ਤੋਂ 9 ਵਜੇ ਤੱਕ ਅਤੇ ਦੁਪਹਿਰ 1 ਤੋਂ 3 ਵਜੇ ਤੱਕ ਕਿਸੇ ਵੀ ਟਰੱਕ ਨੂੰ ਚਲਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਉਨਾਂ ਐਮ.ਐਸ.ਡੀ. ਸਕੂਲ ਅਤੇ ਸ੍ਰੀ ਗੁਰੂ ਹਰਕਿਸ਼ਨ ਪਬਲਿਕ ਸਕੂਲ ਦੇ ਪ੍ਰਿੰਸੀਪਲ ਨੂੰ ਨਿਰਦੇਸ਼ ਦਿੱਤੇ ਕਿ ਛੁੱਟੀ ਸਮੇਂ ਆਪਣੇ ਵਿਦਿਆਰਥੀਆਂ ਨੂੰ ਸਕੂਲ ਦੇ ਕੰਪਾਉਂਡ ਵਿਚੋਂ ਹੀ ਰਿਕਸ਼ਾ, ਗੱਡੀ ਆਦਿ ਵਿਚ ਸੁਰੱਖਿਅਤ ਰੂਪ ਵਿਚ ਚੜਾਉਣਗੇ। ਉਨਾਂ ਕਿਹਾ ਕਿ ਸਕੂਲ ਤੋਂ ਛੁੱਟੀ ਸਮੇਂ ਬੱਚਿਆਂ ਨੂੰ ਲੈਣ ਆਉਣ ਵਾਲੇ ਰਿਕਸ਼ਾ ਅਤੇ ਗੱਡੀਆਂ ਸਕੂਲ ਦੇ ਬਾਹਰ ਸੜਕ ਜਾਂ ਸੜਕ ਦੇ ਕਿਨਾਰੇ ਪਾਰਕ ਨਹੀਂ ਕੀਤੇ ਜਾਣਗੇ।

ਇੱਕ ਹੋਰ ਹੁਕਮ ਅਨੁਸਾਰ ਪੰਜਾਬ ਜੇਲ੍ਹ ਰੂਲਜ਼, 2022 ਤਹਿਤ ਜੇਲ੍ਹਾ ਵਿੱਚ ਲਾਗੂ ਹੋਣ ਵਾਲੇ ਕਿਸੇ ਹੋਰ ਕਾਨੂੰਨ ਦੇ ਅਧੀਨ ਕੇਂਦਰੀ ਜੇਲ੍ਹ ਬਠਿੰਡਾ ਅੰਦਰ ਗੈਰ ਕਾਨੂੰਨੀ ਅਪਰਾਧਿਕ ਗਤੀਵਿਧੀਆਂ ਅਤੇ ਅਜਿਹੀਆਂ ਪਾਬੰਦੀਸ਼ੁੱਦਾ ਵਸਤੂਆਂ ਰੱਖਣ 'ਤੇ ਪੂਰਨ ਰੋਕ ਲਗਾਈ ਜਾਂਦੀ ਹੈ। ਇਸੇ ਤਰ੍ਹਾਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਜਾਰੀ ਹੋਰ ਹੁਕਮਾਂ ਮੁਤਾਬਿਕ ਜ਼ਿਲੇ 'ਚ ਅਮਨ ਤੇ ਕਾਨੂੰਨ ਦੀ ਕਾਇਮੀ ਲਈ ਵਿਆਹਾਂ, ਸ਼ਾਦੀਆਂ ਅਤੇ ਹੋਰ ਸਮਾਗਮਾਂ ਆਦਿ 'ਤੇ ਪਟਾਕੇ, ਆਤਿਸ਼ਬਾਜ਼ੀ ਚਲਾਉਣ ਤੇ ਆਰਮ ਫਾਇਰ ਦੀ ਵਰਤੋਂ ਕਰਨ ਉੱਪਰ ਮੁਕੰਮਲ ਪਾਬੰਦੀ ਲਗਾਈ ਗਈ ਹੈ।

ਜਾਰੀ ਹੁਕਮਾਂ ਅਨੁਸਾਰ ਉਕਤ ਦੇ ਮੱਦੇਨਜ਼ਰ ਕਾਨੂੰਨ ਅਤੇ ਵਿਵਸਥਾ ਨੂੰ ਸੰਚਾਰੂ ਰੂਪ ਨਾਲ ਚਲਾਉਣ ਲਈ ਕਿਸੇ ਵੀ ਵਿਅਕਤੀ ਦੇ ਪਾਣੀ ਦੀਆਂ ਟੈਕੀਆਂ 'ਤੇ ਚੜਣ ਜਾਂ ਅਜਿਹੀਆਂ ਉਚੀਆਂ ਥਾਵਾਂ 'ਤੇ ਪਾਬੰਦੀ ਲਗਾਈ ਜਾਂਦੀ ਹੈ। ਜਾਰੀ ਹੁਕਮ ਅਨੁਸਾਰ ਜ਼ਿਲ੍ਹੇ ਦੀ ਹਦੂਦ ਅੰਦਰ ਅਣ-ਅਧਿਕਾਰਤ ਸੀਮਨ ਦਾ ਭੰਡਾਰ ਕਰਨ,, ਟਰਾਂਸਪਰਟੇਸ਼ਨ ਕਰਨ, ਵਰਤਣ ਜਾਂ ਵੇਚਣ 'ਤੇ ਪਾਬੰਦੀ ਲਗਾਈ ਜਾਂਦੀ ਹੈ।

ਹੁਕਮ ਰਾਹੀਂ ਜ਼ਿਲੇ ਦੇ ਪੇਂਡੂ/ਸ਼ਹਿਰੀ ਖੇਤਰਾਂ ਵਿਚ ਲਿਖਤੀ ਪ੍ਰਵਾਨਗੀ ਤੋਂ ਬਗੈਰ ਕੱਚੀਆਂ ਖੂਹੀਆਂ ਪੁੱਟਣ 'ਤੇ ਪਾਬੰਦੀ ਲਗਾਈ ਜਾਂਦੀ ਹੈ। ਕੋਈ ਵੀ ਵਿਅਕਤੀ ਕਾਰਜਕਾਰੀ ਇੰਜੀਨੀਅਰ, ਜਨ ਸਿਹਤ ਮੰਡਲ, ਬਠਿੰਡਾ ਜਾਂ ਕਾਰਜਕਾਰੀ ਇੰਜੀਨੀਅਰ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਬਠਿੰਡਾ ਦੀ ਲਿਖਤੀ ਪ੍ਰਵਾਨਗੀ ਅਤੇ ਦੇਖ-ਰੇਖ ਤੋਂ ਬਗੈਰ ਕੱਚੀਆਂ ਖੂਹੀਆਂ ਨਹੀਂ ਪੁੱਟੇਗਾ/ਪੁਟਾਏਗਾ।

ਹੁਕਮ ਅਨੁਸਾਰ ਜ਼ਿਲ੍ਹੇ ਅੰਦਰ ਅਮਨ ਕਾਨੂੰਨ ਵਿਵਸਥਾ ਅਤੇ ਸਮਾਜਿਕ ਸ਼ਾਂਤੀ ਨੂੰ ਮੁੱਖ ਰੱਖਦੇ ਹੋਏ ਹਰ ਪੀ.ਜੀ. ਮਾਲਕ ਆਪਣੀ ਪੀ.ਜੀ. ਨੂੰ ਰਜਿਸਟਰ ਕਰਵਾਉਂਦੇ ਹੋਏ ਪੀ.ਜੀ. 'ਚ ਰਹਿਣ ਵਾਲੇ ਬੱਚਿਆਂ/ਕਿਰਾਏਦਾਰਾਂ ਦੀ ਸਬੰਧਤ ਪੁਲਿਸ ਥਾਣੇ/ਸਾਂਝ ਕੇਂਦਰ ਰਾਹੀਂ ਰਜਿਸਟ੍ਰੇਸ਼ਨ/ਵੈਰੀਫ਼ਿਕੇਸ਼ਨ ਕਰਵਾਉਣ ਦਾ ਜ਼ਿੰਮੇਵਾਰ ਹੋਵੇਗਾ। ਹੁਕਮ ਮੁਤਾਬਕ ਪੀ.ਜੀ. ਮਾਲਕਾਂ ਨੂੰ ਇਹ ਵੀ ਹੁਕਮ ਦਿੱਤਾ ਹੈ ਕਿ ਉਹ ਆਪਣੇ ਪੀ.ਜੀ. ਵਿਚ ਰਹਿਣ ਵਾਲੇ ਵਿਦਿਆਰਥੀਆਂ, ਕਿਰਾਏਦਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅੱਗ ਬੁਝਾਊ ਯੰਤਰ ਅਤੇ ਸੀ.ਸੀ.ਟੀ.ਵੀ. ਕੈਮਰੇ ਜ਼ਰੂਰ ਲਗਾਉਣ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਵਿਦਿਆਰਥੀ/ਕਿਰਾਏਦਾਰ ਦੀ ਆੜ ਵਿਚ ਸਮਾਜਿਕ ਸ਼ਾਂਤੀ ਭੰਗ ਨਾ ਕਰ ਸਕੇ।

# ਹਰਭਜਨ ਸਿੰਘ ਈ ਟੀ ਓ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਮੋਹਾਲੀ ਵਿਖੇ ਦਫ਼ਤਰਾਂ ਦਾ ਅਚਨਚੇਤ ਦੌਰਾ

**ਮੁਹਾਲੀ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ ਟੀ ਓ ਨੇ ਅੱਜ ਐਸ.ਏ.ਐਸ. ਨਗਰ, ਮੋਹਾਲੀ ਦੇ ਇੰਡਸਟਰੀਅਲ ਏਰੀਆ ਵਿੱਚ ਸਥਿਤ ਲੋਕ ਨਿਰਮਾਣ ਵਿਭਾਗ ਕੰਪਲੈਕਸ ਵਿਚ ਵਿਭਾਗੀ ਕੁਆਲਿਟੀ ਕੰਟਰੋਲ ਸੈਲ, ਪ੍ਰਾਂਤਕ ਮੰਡਲ, ਉਸਾਰੀ ਮੰਡਲ, ਬਾਗਵਾਨੀ ਉਪਮੰਡਲ ਮੋਹਾਲੀ ਦਫਤਰਾਂ ਦਾ ਨਿਰੀਖਣ ਕੀਤਾ ਗਿਆ।

ਇਸ ਨਿਰੀਖਣ ਦੌਰਾਨ ਲੋਕ ਨਿਰਮਾਣ ਮੰਤਰੀ ਵੱਲੋਂ ਇਨ੍ਹਾਂ ਦਫ਼ਤਰਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਗਿਆ ਅਤੇ ਮੁਲਾਜ਼ਮਾਂ ਨੂੰ ਸਮੇਂ ਸਿਰ ਦਫ਼ਤਰ ਵਿਚ ਹਾਜ਼ਰ ਹੋ ਕੇ ਸਮਾਂਬੱਧ ਤਰੀਕੇ ਨਾਲ ਸਰਕਾਰੀ ਕੰਮਕਾਜ ਨਿਪਟਾਉਣ ਦੀ ਹਦਾਇਤ ਕੀਤੀ ਗਈ। ਉਨ੍ਹਾਂ ਨੇ ਆਮ ਸ਼ਹਿਰੀਆਂ ਵੱਲੋਂ ਗ੍ਰੀਵਾਂਸ ਪੋਰਟਲ ਤੇ ਭੇਜੀਆਂ ਜਾਂਦੀਆਂ ਤਕਲੀਫ਼ਾਂ ਬਾਰੇ ਸਹੀ ਅਤੇ ਸਟੀਕ ਜਾਣਕਾਰੀ ਦੇਣ ਦੀ ਹਦਾਇਤ ਕੀਤੀ।



ਇਸ ਨਿਰੀਖਣ ਦੌਰਾਨ ਕੁੱਝ ਕਰਮਚਾਰੀਆਂ ਦੀ ਵਿਭਾਗੀ ਕਾਰਗੁਜ਼ਾਰੀ ਦੀ ਕੈਬਨਿਟ ਮੰਤਰੀ ਵੱਲੋਂ ਸ਼ਲਾਘਾ ਕੀਤੀ ਗਈ ਅਤੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹਨਾਂ ਕਰਮਚਾਰੀਆਂ ਦਾ ਯੋਗ ਸਨਮਾਨ ਕੀਤਾ ਜਾਵੇ। ਉਹਨਾਂ ਲੋਕ ਨਿਰਮਾਣ ਵਿਭਾਗ ਦੇ ਸਾਰੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਮਿਆਰੀ ਅਤੇ ਸਮੇਂ ਸਿਰ ਕੰਮ ਮੁਕੰਮਲ ਕਰਨ ਦੀ ਹਦਾਇਤ ਵੀ ਕੀਤੀ।

ਇਸ ਦੌਰਾਨ ਮੁਲਾਜ਼ਮਾਂ ਵੱਲੋਂ ਸਰਕਾਰੀ ਕੰਮ ਦੌਰਾਨ ਦਰਪੇਸ਼ ਆਉਂਦੀਆਂ ਔਕੜਾਂ ਬਾਰੇ ਵੀ ਕੈਬਨਿਟ ਮੰਤਰੀ ਜਾਣੂ ਕਰਵਾਇਆ ਗਿਆ, ਜਿਹਨਾਂ ਨੂੰ ਜਲਦ ਦੂਰ ਕਰਨ ਦਾ ਕੈਬਨਿਟ ਮੰਤਰੀ ਨੇ ਭਰੋਸਾ ਦਿੱਤਾ। ਨਿਰੀਖਣ ਦੌਰਾਨ ਇੰਜੀਨੀਅਰ ਇਨ ਚੀਫ਼ ਸ਼੍ਰੀ ਗਗਨਦੀਪ ਸਿੰਘ, ਨਿਗਰਾਨ ਇੰਜੀਨੀਅਰਜ਼ ਸ੍ਰੀ ਆਰ ਪੀ ਸਿੰਘ, ਸ਼੍ਰੀ ਅਨੀਲ ਕੁਮਾਰ ਸ਼ਰਮਾ, ਕਾਰਜ਼ਕਾਰੀ ਇੰਜੀਨੀਅਰਜ਼ ਸ਼੍ਰੀ ਵਿਵੇਕ ਦੁਰੇਜਾ ਅਤੇ ਸ਼੍ਰੀ ਸ਼ਿਵਪ੍ਰੀਤ ਸਿੰਘ ਸਣੇ ਮਹਿਕਮੇ ਦੇ ਅਧਿਕਾਰੀ ਵੀ ਸ਼ਾਮਿਲ ਸਨ।

# ਪੰਜਾਬ ਸਰਕਾਰ ਵੱਲੋਂ ਕੁਲੈਕਟਰ ਰੇਟਾਂ 'ਚ ਵਾਧਾ ਨਾ ਕਰਨ ਦਾ ਫ਼ੈਸਲਾ

## ਲੈਂਡ ਪੂਲਿੰਗ ਨੀਤੀ ਮਗਰੋਂ ਸਰਕਾਰ ਨਵੇਂ ਵਿਵਾਦ ਤੋਂ ਬਚਣ ਲੱਗੀ

**ਚੰਡੀਗੜ੍ਹ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਹੁਣ ਸਮੁੱਚੇ ਪੰਜਾਬ 'ਚ ਕੁਲੈਕਟਰ ਰੇਟਾਂ 'ਚ ਵਾਧੇ ਦੀ ਤਜਵੀਜ਼ ਨੂੰ ਫ਼ਿਲਹਾਲ ਰੋਕ ਦਿੱਤਾ ਗਿਆ ਹੈ। ਲੈਂਡ ਪੂਲਿੰਗ ਨੀਤੀ ਦੀ ਵਾਪਸੀ ਮਗਰੋਂ ਸੂਬੇ ਵਿੱਚ ਬਣੇ ਮਾਹੌਲ ਦੇ ਮੱਦੇਨਜ਼ਰ 'ਆਪ' ਸਰਕਾਰ ਨੇ ਹਾਲ ਦੀ ਘੜੀ ਸਾਰੇ ਸੂਬੇ ਵਿੱਚ ਕੁਲੈਕਟਰ ਰੇਟਾਂ 'ਚ ਵਾਧਾ ਕਰਨ ਤੋਂ ਟਾਲਾ ਵੱਟਿਆ ਹੈ। ਪੰਜਾਬ ਸਰਕਾਰ ਨੇ ਮਾਲੀਏ ਵਿਚ ਵਾਧੇ ਦੇ ਮੱਦੇਨਜ਼ਰ ਸਾਰੇ ਜ਼ਿਲ੍ਹਿਆਂ ਵਿੱਚ ਕੁਲੈਕਟਰ ਰੇਟਾਂ ਵਿੱਚ ਵਾਧਾ ਕਰਨ ਦੀ ਯੋਜਨਾ ਬਣਾਈ ਸੀ ਅਤੇ ਦਰਜਨ ਜ਼ਿਲ੍ਹਿਆਂ ਵਿੱਚ ਇਸ ਸਕੀਮ ਨੂੰ ਅਮਲ ਵਿੱਚ ਵੀ ਲਿਆਂਦਾ ਜਾ ਚੁੱਕਾ ਹੈ। ਇਸੇ ਦੌਰਾਨ ਹੁਣ ਪੰਜਾਬ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਵਾਪਸ ਲੈਣੀ ਪਈ ਹੈ। ਪੰਜਾਬ ਸਰਕਾਰ ਦੇ ਉੱਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਡਿਪਟੀ ਕਮਿਸ਼ਨਰਾਂ ਤੋਂ ਪ੍ਰਾਪਤ ਹੋਏ ਕੁਝ ਪ੍ਰਸਤਾਵਾਂ ਨੂੰ ਹਾਲੇ ਮੁਲਤਵੀ ਕੀਤਾ ਗਿਆ ਹੈ।

ਪੰਜਾਬ ਸਰਕਾਰ ਨੇ ਚਾਲੂ ਵਿੱਤੀ ਵਰ੍ਹੇ ਦੌਰਾਨ ਸਟੈਂਪ ਅਤੇ ਰਜਿਸਟਰੇਸ਼ਨ ਤੋਂ ਸੱਤ ਹਜ਼ਾਰ ਕਰੋੜ ਦਾ ਮਾਲੀਆ ਇਕੱਠਾ ਕਰਨ ਦਾ ਟੀਚਾ ਮਿਥਿਆ ਹੈ ਜੋ ਕਿ ਪਿਛਲੇ ਵਿੱਤੀ ਸਾਲ ਦੌਰਾਨ 5750 ਕਰੋੜ ਰੁਪਏ ਸੀ। ਕਈ ਜ਼ਿਲ੍ਹਿਆਂ ਵਿੱਚ ਕੁਲੈਕਟਰ ਰੇਟਾਂ ਵਿੱਚ ਵਾਧਾ ਕੀਤੇ ਜਾਣ ਮਗਰੋਂ ਕਾਫ਼ੀ ਰੌਲਾ ਰੱਪਾ ਵੀ ਪਿਆ ਸੀ। ਪਤਾ ਲੱਗਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਕੁਲੈਕਟਰ ਰੇਟਾਂ ਵਿੱਚ 25 ਤੋਂ 40 ਫ਼ੀਸਦੀ ਤੱਕ ਵਾਧੇ ਦਾ ਪ੍ਰਸਤਾਵ ਪੰਜਾਬ ਸਰਕਾਰ ਨੂੰ ਭੇਜਿਆ ਹੋਇਆ ਹੈ ਜਿਸ ਨੂੰ ਫ਼ਿਲਹਾਲ ਸਰਕਾਰ ਨੇ ਪ੍ਰਵਾਨਗੀ ਨਹੀਂ ਦਿੱਤੀ ਹੈ। ਲੈਂਡ ਪੂਲਿੰਗ ਨੀਤੀ ਦੇ ਵਿਰੋਧ ਦਾ ਮੁੱਖ ਕੇਂਦਰ ਵੀ ਲੁਧਿਆਣਾ ਹੀ ਬਣਿਆ ਰਿਹਾ ਹੈ ਕਿਉਂਕਿ ਇਸ ਜ਼ਿਲ੍ਹੇ ਵਿੱਚ ਹੀ ਸਭ ਤੋਂ ਵੱਧ ਜ਼ਮੀਨ ਹਾਸਲ ਕੀਤੀ ਜਾਣੀ ਸੀ। ਸਰਕਾਰ ਫ਼ੌਰੀ ਕੋਈ ਨਵਾਂ ਰੱਫੜ ਸਹੇੜਨਾ ਨਹੀਂ ਚਾਹੁੰਦੀ ਹੈ ਕਿਉਂਕਿ ਲੈਂਡ ਪੂਲਿੰਗ ਨੀਤੀ ਕਾਰਨ ਹੀ ਸੱਤਾਧਾਰੀ ਧਿਰ ਦੀ ਕਾਫ਼ੀ ਕਿਰਕਿਰੀ ਹੋਈ ਹੈ।ਬਠਿੰਡਾ ਪ੍ਰਸ਼ਾਸਨ ਵੱਲੋਂ ਕੁਝ ਖੇਤਰਾਂ ਵਿੱਚ ਕੁਲੈਕਟਰ ਰੇਟਾਂ ਵਿਚ ਪੰਜ ਫ਼ੀਸਦੀ ਵਾਧਾ ਕੀਤਾ ਜਾ ਚੁੱਕਾ ਹੈ ਜਦਕਿ ਪੌਸ਼ ਇਲਾਕਿਆਂ ਦੇ ਕੁਲੈਕਟਰ ਰੇਟਾਂ ਵਿੱਚ ਵਾਧਾ ਕੀਤਾ ਜਾਣਾ ਪੈਂਡਿੰਗ ਪਿਆ ਹੈ ਜਿਸ ਨੂੰ ਹਾਲੇ ਪੰਜਾਬ ਸਰਕਾਰ ਦੀ ਪ੍ਰਵਾਨਗੀ ਦੀ ਉਡੀਕ ਹੈ। ਇਸ ਤੋਂ ਪਹਿਲਾਂ ਸੂਬਾ ਸਰਕਾਰ ਵੱਲੋਂ 12 ਜ਼ਿਲ੍ਹਿਆਂ ਵਿਚ ਪੰਜ ਤੋਂ ਪੰਜਾਹ ਫ਼ੀਸਦੀ ਤੱਕ ਕੁਲੈਕਟਰ ਰੇਟ ਵਿਚ ਵਾਧਾ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿੱਚ ਫ਼ਾਜ਼ਿਲਕਾ, ਬਰਨਾਲਾ, ਅੰਮ੍ਰਿਤਸਰ, ਪਠਾਨਕੋਟ, ਰੋਪੜ, ਨਵਾਂ ਸ਼ਹਿਰ, ਸੰਗਰੂਰ, ਮੋਗਾ, ਕਪੂਰਥਲਾ, ਮਾਲੇਰਕੋਟਲਾ, ਜਲੰਧਰ ਤੇ ਫ਼ਰੀਦਕੋਟ ਸ਼ਾਮਲ ਹਨ। ਪਟਿਆਲਾ ਜ਼ਿਲ੍ਹੇ ਵਿੱਚ ਕੁਲੈਕਟਰ ਰੇਟ ਪਿਛਲੇ ਸਾਲ ਹੀ ਵਧਾ ਦਿੱਤੇ ਗਏ ਸਨ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕੁਲੈਕਟਰ ਦਰਾਂ ਵਿੱਚ ਪੰਜ ਤੋਂ ਸੌ ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਅੰਮ੍ਰਿਤਸਰ ਸ਼ਹਿਰ ਦੇ ਕੁਝ ਇਲਾਕਿਆਂ ਵਿੱਚ ਇਹ ਵਾਧਾ ਜ਼ਿਆਦਾ ਹੈ ਤੇ ਪੇਂਡੂ ਖੇਤਰਾਂ ਵਿੱਚ ਘੱਟ ਹੈ। ਇਸੇ ਤਰ੍ਹਾਂ ਜਲੰਧਰ ਸ਼ਹਿਰ ਵਿਚ ਕੁਲੈਕਟਰ ਰੇਟ ਵਿੱਚ ਪੰਜ ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ ਅਤੇ ਬਾਹਰਲੇ ਇਲਾਕਿਆਂ ਵਿੱਚ 20 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੁਸ਼ਿਆਰਪੁਰ ਸ਼ਹਿਰ ਵਿਚ ਕੁਲੈਕਟਰ ਰੇਟ 20 ਫ਼ੀਸਦੀ ਵਧਾਏ ਗਏ ਹਨ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਮਾਲ ਮਹਿਕਮੇ ਵੱਲੋਂ ਤਹਿਸੀਲਾਂ ਨੂੰ ਭ੍ਰਿਸ਼ਟਾਚਾਰ ਮੁਕਤ ਕੀਤੇ ਜਾਣ ਦੇ ਦਾਅਵੇ 'ਤੇ ਸੁਆਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜੇ 'ਈਜ਼ੀ ਰਜਿਸਟਰੀ' ਨਾਲ ਸੂਬੇ ਦੀਆਂ ਤਹਿਸੀਲਾਂ ਵਿੱਚ ਭ੍ਰਿਸ਼ਟਾਚਾਰ ਖ਼ਤਮ ਹੋ ਗਿਆ ਹੈ ਤਾਂ ਇਸ ਨਾਲ ਸਰਕਾਰੀ ਮਾਲੀਏ ਵਿੱਚ ਆਪਣੇ ਆਪ ਹੀ ਵਾਧਾ ਹੋ ਗਿਆ ਹੋਵੇਗਾ ਤਾਂ ਫਿਰ ਕੁਲੈਕਟਰ ਰੇਟਾਂ ਵਿਚ ਵਾਧੇ ਦੀ ਕੀ ਤੁਕ ਬਣਦੀ ਹੈ।

**ਫੰਡ ਜੁਟਾਉਣ ਲਈ ਸਰਕਾਰ ਦੀ ਗਮਾਡਾ 'ਤੇ ਅੱਖ**

ਚੰਡੀਗੜ੍ਹ (ਰਾਜਮੀਤ ਸਿੰਘ): ਲੈਂਡ ਪੂਲਿੰਗ ਨੀਤੀ ਵਾਪਸ ਲੈਣ ਮਗਰੋਂ ਪੰਜਾਬ ਸਰਕਾਰ ਹੁਣ ਆਪਣੀਆਂ ਲੋਕ-ਲੁਭਾਊ ਸਕੀਮਾਂ ਵਾਸਤੇ ਪੈਸੇ ਜੁਟਾਉਣ ਲਈ ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੀ 20,000 ਕਰੋੜ ਰੁਪਏ ਦੀ ਜਾਇਦਾਦ ਗਹਿਣੇ ਰੱਖ ਕੇ ਕਰਜ਼ਾ ਲੈਣ ਬਾਰੇ ਵਿਚਾਰ ਕਰ ਰਹੀ ਹੈ। ਵਿੱਤ ਵਿਭਾਗ ਨਾਲ ਸਲਾਹ-ਮਸ਼ਵਰੇ ਮਗਰੋਂ ਹਾਊਸਿੰਗ ਤੇ ਸ਼ਹਿਰੀ ਵਿਕਾਸ ਵਿਭਾਗ ਨੂੰ ਮੁਹਾਲੀ ਵਿੱਚ ਹਾਊਸਿੰਗ, ਵਪਾਰਕ ਅਤੇ ਉਦਯੋਗਿਕ ਥਾਵਾਂ ਸਮੇਤ ਗਮਾਡਾ ਦੀ ਜਾਇਦਾਦ (ਨਿਲਾਮ ਕੀਤੀ ਜਾਣ ਵਾਲੀ ਜਾਇਦਾਦ) ਦੀ ਸੂਚੀ ਤਿਆਰ ਕਰਨ ਲਈ ਕਿਹਾ ਗਿਆ ਹੈ। ਇਸ ਮੁੱਦੇ 'ਤੇ ਹਾਲ ਹੀ ਵਿੱਚ ਮੁੱਖ ਸਕੱਤਰ ਕੇਏਪੀ ਸਿਨਹਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਚਰਚਾ ਕੀਤੀ ਗਈ ਹੈ। ਹਾਲਾਂਕਿ, ਜਦੋਂ ਇਸ ਸਬੰਧੀ ਮੁੱਖ ਸਕੱਤਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਫ਼ੋਨ ਕਾਲ ਦਾ ਕੋਈ ਜਵਾਬ ਨਹੀਂ ਦਿੱਤਾ। ਸੂਤਰਾਂ ਨੇ ਦੱਸਿਆ ਕਿ ਅੱਠ ਹਾਊਸਿੰਗ ਡਿਵੈਲਪਮੈਂਟ ਅਥਾਰਿਟੀਆਂ ਵਿੱਚੋਂ ਛੇ (ਅੰਮ੍ਰਿਤਸਰ, ਬਠਿੰਡਾ, ਪਟਿਆਲਾ, ਜਲੰਧਰ, ਸ੍ਰੀ ਆਨੰਦਪੁਰ ਸਾਹਿਬ (ਸ਼ਹਿਰੀ) ਅਤੇ ਡੇਰਾ ਬਾਬਾ ਨਾਨਕ) ਆਪਣੇ ਪ੍ਰਸ਼ਾਸਨਿਕ ਖਰਚੇ ਪੂਰੇ ਕਰਨ ਲਈ ਜੂਝ ਰਹੀਆਂ ਹਨ। ਸਿਰਫ਼ ਗਮਾਡਾ ਅਤੇ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਿਟੀ ਹੀ ਵਿੱਤੀ ਤੌਰ 'ਤੇ ਮਜ਼ਬੂਤ ਹਨ। ਇਸ ਸਮੇਂ ਗਮਾਡਾ ਉੱਤੇ ਵਿੱਤੀ ਸੰਸਥਾਵਾਂ ਦਾ ਲਗਪਗ 5,000 ਕਰੋੜ ਰੁਪਏ ਦਾ ਕਰਜ਼ਾ ਬਕਾਇਆ ਹੈ। ਸੂਤਰਾਂ ਨੇ ਦੱਸਿਆ ਕਿ ਕੁੱਲ ਜਾਇਦਾਦ ਦਾ ਇੱਕ ਹਿੱਸਾ ਵਿੱਤੀ ਸੰਸਥਾਵਾਂ ਤੋਂ ਕਰਜ਼ਾ ਲੈਣ ਲਈ ਵਰਤਿਆ ਜਾ ਸਕਦਾ ਹੈ ਤਾਂ ਜੋ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1,100 ਰੁਪਏ ਪ੍ਰਤੀ ਮਹੀਨਾ ਦੇਣ ਵਰਗੀ ਲੋਕ-ਲੁਭਾਊ ਯੋਜਨਾਵਾਂ ਲਈ ਪੈਸੇ ਜੁਟਾਏ ਜਾ ਸਕਣ। ਇਸ ਕਦਮ ਦਾ ਬਚਾਅ ਕਰਦਿਆਂ ਅਧਿਕਾਰੀਆਂ ਨੇ ਕਿਹਾ ਕਿ ਇਸ ਕਵਾਇਦ ਵਿੱਚ ਕੁਝ ਵੀ ਨਵਾਂ ਨਹੀਂ ਹੈ। ਪਿਛਲੀਆਂ ਸਰਕਾਰਾਂ ਨੇ ਨਾ ਸਿਰਫ਼ ਕਰਜ਼ੇ ਲੈਣ ਲਈ ਸੂਬੇ ਦੀਆਂ ਜਾਇਦਾਦਾਂ ਗਿਰਵੀ ਰੱਖੀਆਂ ਸਨ, ਸਗੋਂ ਸਰੋਤ ਜੁਟਾਉਣ ਲਈ ਭਵਿੱਖ ਦੀ ਆਮਦਨ ਨੂੰ ਵੀ ਗਿਰਵੀ ਰੱਖ ਦਿੱਤਾ ਸੀ।

**ਸਰਕਾਰ ਦੇ ਫ਼ੈਸਲੇ ਖ਼ਿਲਾਫ਼ ਮੁਲਾਜ਼ਮਾਂ**

# ਸਤਲੁਜ ਪਾਰ ਖੇਤੀ ਕਰਨ ਜਾਂਦੇ ਕਿਸਾਨਾਂ ਦੀ ਬੇੜੀ ਪਾਕਿਸਤਾਨ ਵੱਲ ਰੁੜਨ ਤੋਂ ਬਚੀ

**ਮਮਦੋਟ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤਲੁਜ ਦਰਿਆ ਵਿੱਚ ਪਾਣੀ ਦਾ ਵਹਾਅ ਅਚਾਨਕ ਵਧਣ ਕਾਰਨ ਦਰਿਆ ਤੋਂ ਪਾਰ ਖੇਤੀ ਕਰਦੇ ਕਿਸਾਨ ਇੱਕ ਕਿਸ਼ਤੀ ਰਾਹੀਂ ਵਾਪਸ ਆਪਣੇ ਘਰਾਂ ਨੂੰ ਆ ਰਹੇ ਸਨ ਤਾਂ ਪਾਣੀ ਦਾ ਵਹਾਅ ਤੇਜ਼ੀ ਨਾਲ ਵਧਣ ਕਾਰਨ 50 ਦੇ ਕਰੀਬ ਕਿਸਾਨ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਸਨ, ਪਾਕਿਸਤਾਨ ਵਾਲੇ ਪਾਸੇ ਨੂੰ ਰੁੜਦੇ ਬੜੀ ਮੁਸ਼ਕਲ ਨਾਲ ਬਚੇ। ਬੇੜਾ ਪਾਣੀ ਦੇ ਤੇਜ਼ ਵਹਾਅ ਕਾਰਨ ਕਾਫੀ ਦੂਰ ਤੱਕ ਦਰਿਆ ਵਿੱਚ ਚਲਿਆ ਗਿਆ ਜਿਸ ਨੂੰ ਕੁਝ ਹਿੰਮਤੀ ਕਿਸਾਨਾਂ ਨੇ ਛੋਟੀ ਬੇੜੀ ਰਾਹੀਂ ਰੱਸੇ ਦੀ ਮਦਦ ਨਾਲ ਕਿਨਾਰੇ 'ਤੇ ਲਿਆਂਦਾ।

ਜਾਣਕਾਰੀ ਅਨੁਸਾਰ ਪਿੰਡ ਗਜਨੀਵਾਲਾ ਦੇ ਕਿਸਾਨਾਂ ਦੀ ਜ਼ਮੀਨ ਸਤਲੁਜ ਦਰਿਆ ਤੋਂ ਪਾਰ ਹੋਣ ਕਰਕੇ ਉਨ੍ਹਾਂ ਨੂੰ ਰੋਜ਼ਾਨਾ ਖੇਤੀ ਕਰਨ ਲਈ ਆਪਣੀਆਂ ਜ਼ਮੀਨਾਂ ਵਿੱਚ ਬੇੜੇ ਰਾਹੀਂ ਦਰਿਆ ਤੋਂ ਪਾਰ ਜਾਣਾ ਪੈਂਦਾ ਹੈ ਅਤੇ ਸ਼ਾਮ ਨੂੰ ਰੋਜ਼ਾਨਾ ਆਪਣੇ ਘਰ ਵੀ ਵਾਪਸ ਆਉਣਾ ਪੈਂਦਾ ਹੈ।

# ਰਾਜਧਾਨੀ ਦਿੱਲੀ ਵਿਖੇ ਹੋਣ ਵਾਲੇ ਸੁਤੰਤਰਤਾ ਦਿਵਸ ਸਮਾਗਮ ਲਈ ਅਮਨਦੀਪ ਕੌਰ ਨੂੰ ਆਇਆ ਸੱਦਾ



**ਰੂਪ ਨਗਰ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਹੋਣ ਵਾਲੇ ਸੁਤੰਤਰਤਾ ਦਿਵਸ ਸਮਾਗਮ ਲਈ ਜ਼ਿਲ੍ਹਾ ਰੂਪਨਗਰ ਦੇ ਪਿੰਡ ਬਹਾਦਰਪੁਰ ਦੇ ਪਾਣੀ ਦੀ ਕਮੇਟੀ ਵਿਚੋਂ ਸ਼੍ਰੀਮਤੀ ਅਮਨਦੀਪ ਕੌਰ ਨੂੰ ਸਮਾਗਮ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੀ ਪੰਚਾਇਤ ਨੇ ਪਾਣੀ ਦੀ ਟੈਂਕੀ ਦਾ ਵਧੀਆਂ ਰੱਖ ਰਖਾਅ ਅਤੇ ਸੇਵਾਵਾਂ ਦੇਣ ਵਜੋਂ ਸਮਾਗਮ ਵਿੱਚ ਸੱਦਾ ਦਿੱਤਾ ਗਿਆ।

ਇਸ ਸਬੰਧੀ ਸ਼੍ਰੀਮਤੀ ਅਮਨਦੀਪ ਕੌਰ ਨੇ ਦੱਸਿਆ ਕਿ ਪਿੰਡ ਦੀ ਜਲ ਸਪਲਾਈ ਸਕੀਮ ਸੁਚਾਰੂ ਢੰਗ ਨਾਲ ਚਲਾਈ ਜਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਿੰਡ ਵਿੱਚ ਘਰਾਂ ਦੀ ਗਿਣਤੀ ਲਗਭਗ 125 ਅਤੇ 620 ਦੇ ਕਰੀਬ ਅਬਾਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਿੰਡ ਦੇ ਸਰਪੰਚ ਅਤੇ ਕਮੇਟੀ ਵਲੋਂ ਅਣਥਕ ਯਤਨ ਕੀਤੇ ਗਏ ਹਨ ਤਾਂ ਜੋ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪਿੰਡ ਵਿੱਚ ਮਹੀਨਾਵਾਰ ਮੀਟਿੰਗ ਵੀ ਕੀਤੀ ਜਾਂਦੀ ਹੈ।

ਇਸ ਮੌਕੇ ਸ਼੍ਰੀਮਤੀ ਅਮਨਦੀਪ ਕੌਰ ਨੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਧੰਨਵਾਦੀ ਹਾਂ ਕਿ ਜਿਹਨਾਂ ਨੇ ਮੈਨੂੰ ਵੱਡਾ ਮਾਣ ਬਖਸ਼ ਕੇ 15 ਅਗਸਤ ਸੁਤੰਤਰਤਾ ਦਿਵਸ ਮੌਕੇ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਸ਼ਾਮਿਲ ਹੋਣ ਲਈ ਚੁਣਿਆ ਗਿਆ ਹੈ।

# ਭਾਜਪਾ ਮਾਲੇਰਕੋਟਲਾ ਦੇ ਜ਼ਿਲ੍ਹਾ ਪ੍ਰਧਾਨ ਜਗਤ ਕਥੂਰੀਆ ਵੱਲੋਂ ਮੀਟਿੰਗ ਆਯੋਜਿਤ

**ਮਲੇਰਕੋਟਲਾ, 17 ਅਗਸਤ**
**-ਦਿਲਦਾਰ ਹੁਸੈਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੈਸ ਕਾਨਫਰੰਸ ਨੂੰ ਕਰਨ ਸਮੇਂ ਸਾਰੇ ਜ਼ਿਲ੍ਹੇ 'ਚੋਂ ਭਾਜਪਾ ਦੇ ਮੈਂਬਰ ਸਾਹਿਬਾਨ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਪ੍ਰਧਾਨ ਜੀ ਦੇ ਨਾਲ ਹਾਜ਼ਿਰ ਰਹੇ। ਇਸ ਪ੍ਰੈਸ ਕਾਨਫਰੰਸ ਵਿੱਚ ਪੰਜਾਬ ਸਰਕਾਰ ਵੱਲੋਂ ਬੀਤੇ ਦਿਨੀਂ ਲੈਂਡ ਪੂਲਿੰਗ ਪਾਲਿਸੀ ਵਾਪਸ ਲਏ ਜਾਣ ਸਬੰਧੀ ਵਿਚਾਰ ਪ੍ਰਗਟ ਕੀਤੇ ਗਏ। ਜ਼ਿਲ੍ਹਾ ਪ੍ਰਧਾਨ ਜੀ ਨੇ ਮੌਜੂਦ ਪੱਤਰਕਾਰ ਸਾਹਿਬਾਨ ਨੂੰ ਦੱਸਿਆ ਕਿ ਲੈਂਡ ਪੂਲਿੰਗ ਪਾਲਿਸੀ ਲਾਗੂ ਕਰਕੇ ਕਿਵੇਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਕਿਸਾਨਾਂ ਦੀ ਜ਼ਮੀਨਾਂ ਨੂੰ ਹੜੱਪਣਾ ਚਾਹੁੰਦੀ ਸੀ। ਉਹਨਾਂ ਕਿਹਾ ਕਿ ਇਸ ਪਾਲਿਸੀ ਨੂੰ ਲਾਗੂ ਕਰਨ ਦਾ ਸਾਫ਼ ਮਕਸਦ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਦੀ ਜੇਬਾਂ ਭਰਨ ਤੋਂ ਸੀ। ਉਨ੍ਹਾਂ ਇਹ ਵੀ ਕਿਹਾ ਕਿ ਇਹ ਇੱਕ ਪਾਲਿਸੀ ਨਹੀਂ ਸੀ ਬਲਕਿ ਕਿਸਾਨਾਂ ਨਾਲ ਇੱਕ ਸੋਚੀ ਸਮਝੀ ਸਾਜਿਸ਼ ਰਚੀ ਗਈ ਸੀ। ਜ਼ਿਲ੍ਹਾ ਪ੍ਰਧਾਨ ਸ਼੍ਰੀ ਜਗਤ ਕਥੂਰੀਆ ਨੇ ਦੱਸਿਆ ਕਿ ਇਸ ਪਾਲਿਸੀ ਨੇ ਸੂਬਾ ਸਰਕਾਰ ਦਾ ਕਿਸਾਨ ਵਿਰੋਧੀ ਚਿਹਰਾ ਬੇਨਕਾਬ ਕਰ ਕੇ ਰੱਖ ਦਿੱਤਾ ਹੈ। ਉਹਨਾਂ ਅੱਗੇ ਕਿਹਾ ਕਿ ਇਸ ਔਖੀ ਘੜੀ ਵਿੱਚ ਭਾਰਤੀਯ ਜਨਤਾ ਪਾਰਟੀ ਦੀ ਪੰਜਾਬ ਇਕਾਈ ਹਰ ਸਮੇਂ ਕਿਸਾਨ ਭਰਾਵਾਂ ਨਾਲ ਡੱਟ ਕੇ ਖੜ੍ਹੀ ਰਹੀ। ਪੰਜਾਬ ਦੇ ਕਿਸਾਨਾਂ ਦੇ ਰੋਸ ਅਤੇ ਕਿਸਾਨ ਭਰਾਵਾਂ ਨੂੰ ਮਿਲੇ ਭਾਜਪਾ ਦੇ ਸਾਥ ਨੇ ਸੂਬਾ ਸਰਕਾਰ ਨੂੰ ਇਸ ਪਾਲਿਸੀ ਨੂੰ ਵਾਪਸ ਲੈਣ ਲਈ ਮਜ਼ਬੂਰ ਕਰ ਦਿੱਤਾ। ਭਾਰਤੀਯ ਜਨਤਾ ਪਾਰਟੀ ਪੰਜਾਬ ਵੱਲੋਂ ਸਮੂਹ ਸੂਬੇ ਵਿੱਚ ਅੱਜ ਦਾ ਦਿਹਾੜਾ ਕਿਸਾਨ ਵਿਜੈ ਦਿਵਸ ਵੱਜੋਂ ਮਨਾਇਆ ਜਾ ਰਿਹਾ ਹੈ। ਸ਼੍ਰੀ ਜਗਤ ਕਥੂਰੀਆ ਜੀ ਨੇ ਕਿਹਾ ਕਿ ਭਾਰਤੀਯ ਜਨਤਾ ਪਾਰਟੀ ਹਮੇਸ਼ਾ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਰਹੇਗੀ। ਜ਼ਿਲ੍ਹਾ ਪ੍ਰਧਾਨ ਜੀ ਨੇ ਸੂਬੇ ਦੇ ਸਾਰੇ ਕਿਸਾਨ ਵੀਰਾਂ ਸਹਿਤ ਸਮੂਚੇ ਪੰਜਾਬ ਵਾਸੀਆਂ ਨੂੰ ਇਸ ਮਾਰੂ ਪਾਲਿਸੀ ਦੇ ਵਾਪਸ ਹੋਣ ਤੇ ਵਧਾਈਆਂ ਦਿੱਤੀਆਂ ਅਤੇ ਵਿਸ਼ਵਾਸ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਲੋੜ ਪੈਣ ਤੇ ਭਵਿੱਖ ਵਿੱਚ ਹਮੇਸ਼ਾ ਕਿਸਾਨਾਂ ਅਤੇ ਆਮ ਨਾਗਰਿਕਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਰਹੇਗੀ।

# ਵਿਧਾਇਕ ਲਾਭ ਸਿੰਘ ਉਗੋਕੇ ਦੀ ਪੁਸਤਕ ਤੂੰ ਇਕ ਦੀਵਾ ਬਣ ਆਸਟ੍ਰੇਲੀਆ 'ਚ ਰਿਲੀਜ਼



**ਬਰਨਾਲਾ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਭਦੌੜ ਤੋਂ ਵਿਧਾਇਕ ਲਾਭ ਸਿੰਘ ਉਗੋਕੇ ਦੀ ਪੁਸਤਕ ਤੂੰ ਇਕ ਦੀਵਾ ਬਣ ਅੱਜ ਆਸਟ੍ਰੇਲੀਆ ਦੇ ਟਾਰਨੇਟ 'ਚ ਸਥਿਤ ਪੰਜਾਬ ਕਿਤਾਬ ਘਰ ਵਿਖੇ ਸੀ-ਸੈਵਨ ਆਸਟ੍ਰੇਲੀਆ ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰੀਤਮ ਪ੍ਰਕਾਸ਼ਨ ਮਹਿਲ ਕਲਾਂ ਦੇ ਬਾਨੀ ਪ੍ਰੀਤਮ ਸਿੰਘ ਦਰਦੀ ਨੂੰ ਸਮਰਪਿਤ ਪ੍ਰੋਗਰਾਮ ਦੌਰਾਨ ਲੋਕ ਅਰਪਣ ਕੀਤੀ ਗਈ।

ਇਸ ਮੌਕੇ ਬੋਲਦਿਆਂ ਪੰਜਾਬੀ ਸਹਿਤਕਾਰ ਮਾ: ਬਲਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਰਾਜਨੀਤੀ ਦੇ ਨਾਲ ਨਾਲ ਸਹਿਤਕ ਖੇਤਰ 'ਚ 'ਤੂੰ ਇਕ ਦੀਵਾ ਬਣ' ਪੁਸਤਕ ਨਾਲ ਵਿਧਾਇਕ ਲਾਭ ਸਿੰਘ ਉਗੋਕੇ ਨੇ ਚੰਗੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਆਸ ਹੈ ਕਿ ਪੰਜਾਬ ਦੇ ਹਿੱਤਾਂ ਲਈ ਵਿਧਾਨ ਸਭਾ 'ਚ ਆਵਾਜ਼ ਬੁਲੰਦ ਕਰਨ ਦੇ ਨਾਲ-ਨਾਲ ਉਸਾਰੂ ਰਚਨਾਵਾਂ ਪੰਜਾਬੀ ਸਹਿਤ ਦੀ ਝੋਲੀ ਪਾਉਣਗੇ।

ਪ੍ਰੀਤਮ ਪ੍ਰਕਾਸ਼ਨ ਦੇ ਸੰਚਾਲਕ ਗੁਰਪ੍ਰੀਤ ਸਿੰਘ ਅਣਖੀ ਨੇ ਪੁਸਤਕ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਕਾਵਿ-ਸੰਗ੍ਰਹਿ ਵਿੱਚ ਵਿਧਾਇਕ ਲਾਭ ਸਿੰਘ ਉਗੋਕੇ ਨੇ ਆਪਣੇ ਜੀਵਨ ਦੇ ਸੰਘਰਸ਼ਮਈ ਸਫਰ, ਇੱਕ ਮਜ਼ਦੂਰ ਪਰਿਵਾਰ ਵਿੱਚੋਂ ਉੱਠ ਕੇ ਵਿਧਾਇਕ ਬਣਨ ਤੱਕ ਦੇ ਉਤਰਾਅ-ਚੜ੍ਹਾਅ, ਪੰਜਾਬ ਦੇ ਪਾਣੀਆਂ ਦੀ ਸਮੱਸਿਆ ਅਤੇ ਹੋਰ ਸਮਾਜਿਕ ਮੁੱਦਿਆਂ ਨੂੰ ਉਨ੍ਹਾਂ ਨੇ ਆਪਣੇ ਫ਼ਿਰਕ ਅਤੇ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ ਹੈ। ਇਸ ਮੌਕੇ ਸੀ.ਸੈਵਨ ਆਸਟ੍ਰੇਲੀਆ ਤੋਂ ਤਰਨਦੀਪ ਸਿੰਘ ਬਿਲਾਸਪੁਰ, ਅਵਤਾਰ ਸਿੰਘ ਟਹਿਣਾ, ਲੇਖਕ ਪ੍ਰੀਤ ਕੰਵਲ, ਜਗਦੀਪ ਸਿੰਘ ਅਣਖੀ, ਧਰਵਿੰਦਰ ਸਿੰਘ ਸੰਧੂ, ਮਨਪ੍ਰੀਤ ਕੌਰ, ਰਮਨਦੀਪ ਕੌਰ ਨੇ ਵੀ ਵਿਚਾਰ ਰੱਖੇ।

ਵਿਧਾਇਕ ਸ. ਲਾਭ ਸਿੰਘ ਉਗੋਕੇ ਨੇ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੇਸ਼ਾਂ-ਵਿਦੇਸ਼ਾਂ ਤੋਂ ਉਨ੍ਹਾਂ ਦੀ ਲਿਖਤ ਨੂੰ ਮਿਲ ਰਹੇ ਮਾਣ-ਸਤਿਕਾਰ ਨੇ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਹੋਰ ਵਧਾ ਦਿੱਤਾ ਹੈ। ਜਲਦ ਹੀ ਉਹ ਆਪਣੀ ਨਵੀਂ ਵਾਰਤਕ ਪੁਸਤਕ ਪੰਜਾਬੀ ਪਾਠਕਾਂ ਦੀ ਝੋਲੀ ਪਾਉਣਗੇ।

# ਗੁਰੂ ਨਾਨਕ ਗੱਤਕਾ ਅਕੈਡਮੀ ਲੋਦੀ ਮਾਜਰਾ ਨੇ ਕੀਤਾ ਓਵਰਆਲ ਟਰਾਫੀ ਉੱਤੇ ਕਬਜਾ



**ਰੂਪ ਨਗਰ, 17 ਅਗਸਤ**
**ਗੁਰਵਿੰਦਰ ਸਿੰਘ ਘਨੌਲੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੱਤਕਾ ਐਸੋਸੀਏਸ਼ਨ ਜਿਲ੍ਹਾ ਰੂਪਨਗਰ ਵੱਲੋ ਕਰਵਾਏ ਗਏ ਜਿਲ੍ਹਾ ਪੱਧਰੀ ਗੱਤਕਾ ਟੂਰਨਾਮੈਂਟ ਵਿੱਚ ਗੁਰੂ ਨਾਨਕ ਗੱਤਕਾ ਅਕੈਡਮੀ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਓਵਰਆਲ ਟਰਾਫੀ ਲੜਕਿਆਂ ਆਪਣੇ ਨਾਮ ਕੀਤੀ। ਜਾਣਕਾਰੀ ਦਿੰਦਿਆ ਅਕੈਡਮੀ ਦੇ ਇੰਚਾਰਜ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਤੋਂ ਮਾਨਤਾ ਪ੍ਰਾਪਤ ਤੇ ਗੱਤਕਾ ਐਸੋਸੀਏਸ਼ਨ ਆਫ਼ ਪੰਜਾਬ ਦੀ ਅਗਵਾਈ ਹੇਠ ਗੱਤਕਾ ਐਸੋਸੀਏਸ਼ਨ ਜਿਲ੍ਹਾ ਰੂਪਨਗਰ ਵੱਲੋ 10 ਅਗਸਤ ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਵਿੱਖੇ ਜਿਲ੍ਹਾ ਪੱਧਰੀ ਗੱਤਕਾ ਟੂਰਨਾਮੈਂਟ ਕਰਵਾਇਆ ਗਿਆ। ਇਹਨਾ ਜਿਲ੍ਹਾ ਪੱਧਰੀ ਮੁਕਾਬਲਿਆ ਵਿੱਚ ਅਕੈਡਮੀ ਦੇ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਭਾਗ ਲਿਆ ।ਫਰੀ ਸੋਟੀ ਟੀਮ 14 ਸਾਲ ਲੜਕੀਆ ਵਿੱਚ ਗੁਰੂ ਨਾਨਕ ਗੱਤਕਾ ਅਕੈਡਮੀ ਲੋਧੀ ਮਾਜਰਾ ਨੇ ਪਹਿਲਾ, ਫਰੀ ਸੋਟੀ 14 ਸਾਲ ਲੜਕੀਆ ਵਿਅਕਤੀਗਤ ਵਿੱਚ ਪਹਿਲਾ, ਸਿੰਗਲ ਸੋਟੀ 14 ਸਾਲ ਵਿਅਕਤੀਗਤ ਵਿੱਚ ਦੂਜਾ ,

ਸਿੰਗਲ ਸੋਟੀ ਵਿਅਕਤੀਗਤ 17 ਸਾਲ ਵਿੱਚ ਤੀਜਾ , ਸਿੰਗਲ ਸੋਟੀ ਵਿਅਕਤੀਗਤ 19 ਸਾਲ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਮੁਕਾਬਲਿਆਂ ਵਿੱਚ 14 ਸਾਲ ਫਰੀ ਸੋਟੀ ਟੀਮ ਅਤੇ ਫਰੀ ਸੋਟੀ ਵਿਅਕਤੀਗਤ ਵਿੱਚ ਤੀਜਾ ਸਥਾਨ, 17 ਸਾਲ ਸਿੰਗਲ ਸੋਟੀ ਟੀਮ ਵਿੱਚ ਤੀਜਾ, 17 ਸਾਲ ਫਰੀ ਸੋਟੀ ਟੀਮ ਅਤੇ ਫਰੀ ਸੋਟੀ ਵਿਅਕਤੀਗਤ ਵਿੱਚ ਪਹਿਲਾ, 19 ਸਾਲ ਫਰੀ ਸੋਟੀ ਵਿਅਕਤੀਗਤ ਵਿੱਚ ਦੂਜਾ, 19 ਸਾਲ ਸਿੰਗਲ ਸੋਟੀ ਵਿਅਕਤੀਗਤ ਵਿੱਚ ਤੀਜਾ ਸਥਾਨ ਅਤੇ 19 ਸਾਲ ਸਿੰਗਲ ਸੋਟੀ ਟੀਮ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਤੇ ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਡਾਇਰੈਕਟਰ ਗੁਰਬਚਨ ਸਿੰਘ ਜੀ,ਪਿ੍ਰੰਸੀਪਲ ਹਰਦੀਪ ਸਿੰਘ, ਅਕੈਡਮੀ ਇੰਚਾਰਜ ਜਸਪ੍ਰੀਤ ਸਿੰਘ ਅਤੇ ਗੱਤਕਾ ਕੋਚ ਗੁਰਵਿੰਦਰ ਸਿੰਘ ਘਨੌਲੀ ਹਾਜ਼ਰ ਸਨ।

# ਨੌਜਵਾਨ ਲੜਕੀ ਪ੍ਰਨੀਤ ਕੌਰ ਦੀ ਹਾਦਸੇ ਦੌਰਾਨ ਮੌਤ

**ਬਰਨਾਲਾ, 17 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਜ਼ਿਲ੍ਹੇ ਦੇ ਪਿੰਡ ਛੀਨੀਵਾਲ ਕਲਾਂ ਦੇ ਮੌਜੂਦਾ ਸਰਪੰਚ ਨਿਰਭੈ ਸਿੰਘ ਦੀ ਬਹੁਤ ਹੀ ਹੋਣਹਾਰ ਨੌਜਵਾਨ ਬੇਟੀ ਪ੍ਰਨੀਤ ਕੌਰ (21) ਜੋ ਐਸ ਐਸ ਡੀ ਕਾਲਜ ਸੰਘੇੜਾ ਰੋਡ ਬਰਨਾਲਾ ਵਿਖੇ ਬੀਸੀਏ ਦੀ ਪੜ੍ਹਾਈ ਕਰ ਰਹੀ ਸੀ ਦਾ ਬੀਤੀ ਕੱਲ੍ਹ ਪੱਤੀ ਰੋਡ ਤੇ ਸੜਕ ਹਾਦਸੇ ਦੌਰਾਨ ਦੇਹਾਂਤ ਹੋ ਗਿਆ ਹੈ।ਉਹ ਕੱਲ੍ਹ ਆਪਣੇ ਕਿਸੇ ਰਿਸ਼ਤੇਦਾਰ ਨਾਲ ਬਾਅਦ ਦੁਪਿਹਰ ਰਿਸ਼ਤੇਦਾਰੀ ਵਿੱਚ ਪੱਤੀ ਸੇਖਵਾਂ ਪਿੰਡ ਕੋਲ ਕੋਠਿਆਂ ਵਿੱਚ ਗੱਡੀ ਤੇ ਜਾ ਰਹੀ ਸੀ ਕਿ ਪੱਤੀ ਰੋਡ ਤੇ ਡ੍ਰੇਨ ਨਜ਼ਦੀਕ ਗੱਡੀ ਅੱਗੇ ਕੁੱਤਾ ਆਉਣ ਤੇ ਗੱਡੀ ਬੇਕਾਬੂ ਹੋ ਕੇ ਬਿਜਲੀ ਦੇ ਖੰਭੇ ਨਾਲ ਟਕਰਾ ਕੇ ਝੋਨੇ ਦੇ ਖੇਤਾਂ ਵਿੱਚ ਪਲਟ ਗਈ । ਹਾਦਸੇ ਦੌਰਾਨ ਪ੍ਰਨੀਤ ਕੌਰ ਜ਼ਖਮੀ ਹੋ ਗਈ ਤੇ ਉਸ ਨੂੰ ਬੀ ਐਮ ਸੀ ਹਸਪਤਾਲ ਬਰਨਾਲਾ ਲਿਜਾਇਆ ਗਿਆ ਜਿੱਥੇ ਇਲਾਜ਼ ਦੌਰਾਨ ਉਸ ਦੀ ਮੌਤ ਹੋ ਗਈ।

ਕੌਮੀ ਪਤ੍ਰਿਕਾ

# ਬੱਚਿਆਂ ਦੇ ਪਾਲਨ ਪੋਸ਼ਣ ਵਿਚ ਬਜ਼ੁਰਗਾਂ ਦੀ ਭੂਮਿਕਾ

**ਪ੍ਰੋ. ਕੁਲਜੀਤ ਕੌਰ ਅਠਵਾਲ**



ਬੱਚਿਆਂ ਦੀ ਵਧੀਆ ਢੰਗ ਨਾਲ ਪਾਲਨਾ-ਪੋਸ਼ਣਾ ਕਰਨੀ ਹਰ ਮਾਪਿਆਂ ਦੀ ਰੀਝ ਹੁੰਦੀ ਹੈ। ਪਰ ਅਜੋਕੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਮਾਪਿਆਂ ਦੇ ਨੌਕਰੀ ਪੇਸ਼ਾ ਜਾਂ ਵਪਾਰਕ ਕੰਮ ਵਿਚ ਰੁੱਝੇ ਹੋਣ ਕਾਰਨ ਬੱਚਿਆਂ ਨੂੰ ਕਿਸੇ ਹੋਰ ਵੱਡੇ ਦੀ ਅਗਵਾਈ ਅਤੇ ਸਹਾਰੇ ਦੀ ਲੋੜ ਹੁੰਦੀ ਹੈ। ਜੇਕਰ ਘਰ ਵਿਚ ਬਜ਼ੁਰਗ ਦਾਦਾ-ਦਾਦੀ, ਨਾਨਾ-ਨਾਨੀ ਮੌਜੂਦ ਹੋਣ ਤਾਂ ਬੱਚਿਆਂ ਦੀ ਪਾਲਣਾ-ਪੋਸ਼ਣਾ ਮਾਪਿਆਂ ਲਈ ਥੋੜ੍ਹੀ ਸੌਖੀ ਹੋ ਜਾਂਦੀ ਹੈ, ਕਿਉਂ ਜੋ ਉਹ ਬੇਫਿਕਰ ਹੋ ਕੇ ਆਪਣੇ ਕੰਮਕਾਰ ਉੱਪਰ ਜਾ ਸਕਦੇ ਹਨ। ਬੱਚੇ ਦੋ ਪੀੜ੍ਹੀਆਂ ਨੂੰ ਆਪਸ ਵਿਚ ਜੋੜਨ ਲਈ ਪੁਲ ਦਾ ਕੰਮ ਵੀ ਕਰਦੇ ਹਨ। ਇਨ੍ਹਾਂ ਦੋਵਾਂ ਪੀੜ੍ਹੀਆਂ (ਬੱਚੇ ਅਤੇ ਬਜ਼ੁਰਗ) ਲਈ ਇਕ-ਦੂਜੇ ਦਾ ਸਾਥ ਬਹੁਤ ਹੀ ਜ਼ਰੂਰੀ ਹੈ। ਆਓ, ਕੁਝ ਨੁਕਤਿਆਂ ਉੱਪਰ ਵਿਚਾਰ ਕਰੀਏ-

ਚੰਗੇ ਸੰਸਕਾਰਾਂ ਦੀ ਬੁਨਿਆਦ ਬੱਚਿਆਂ ਦੀ ਬਜ਼ੁਰਗਾਂ ਦੇ ਸਾਥ ਨਾਲ ਹੋ ਸਕਦੀ ਹੈ। ਜੇਕਰ ਪਰਿਵਾਰ ਵਿਚ ਦਾਦਾ-ਦਾਦੀ ਰਹਿੰਦੇ ਹਨ ਤਾਂ ਆਪਣੀਆਂ ਪਰੰਪਰਾਵਾਂ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਬੱਚਿਆਂ ਦਾ ਨਾਤਾ ਗੂੜ੍ਹਾ ਹੋ ਜਾਂਦਾ ਹੈ। ਦਾਦਾ-ਦਾਦੀ/ਨਾਨਾ-ਨਾਨੀ ਦੇ ਸਾਥ ਵਿਚ ਬੱਚੇ ਆਪਣੇ ਮਾਤਾ-ਪਿਤਾ ਦੇ ਪਰਿਵਾਰਕ ਰਿਸ਼ਤਿਆਂ ਨੂੰ ਹੋਰ ਬਿਹਤਰ ਢੰਗ ਨਾਲ ਜਾਨਣ ਵਿਚ ਕਾਮਯਾਬ ਹੋ ਸਕਦੇ ਹਨ। ਇਸ ਲਈ ਮਾਪਿਆਂ ਨੂੰ ਬਹੁਤੇ ਯਤਨ ਕਰਨ ਦੀ ਲੋੜ ਨਹੀਂ ਪੈਂਦੀ।

ਮਾਪਿਆਂ ਦੇ ਕੰਮਕਾਜੀ ਹੋਣ ਕਾਰਨ ਬੱਚੇ ਆਪਣੇ ਬਜ਼ੁਰਗਾਂ ਨਾਲ ਖੁੱਲ੍ਹ ਕੇ ਗੱਲ ਕਰਦੇ, ਖੇਡਦੇ, ਘੁੰਮਦੇ ਹਨ, ਜਿਸ ਨਾਲ ਬੱਚਿਆਂ ਦਾ ਤਨਾਓ ਵੀ ਦੂਰ ਰਹਿੰਦਾ ਹੈ। ਬੱਚੇ ਵੀ ਆਪਣੇ ਬਜ਼ੁਰਗਾਂ ਨਾਲ ਭਾਵਾਤਮਕ ਤੌਰ 'ਤੇ ਵਧੇਰੇ ਜੁੜ ਕੇ ਆਪਣੀ ਜ਼ਿੰਦਗੀ ਦੇ ਨਿੱਕੇ-ਨਿੱਕੇ ਤਣਾਓ ਤੇ ਮੁਸ਼ਕਿਲਾਂ ਬਜ਼ੁਰਗਾਂ ਨਾਲ ਸਾਂਝੀਆਂ ਕਰਕੇ ਖ਼ੁਸ਼ੀ ਦਾ ਅਨੁਭਵ ਕਰਦੇ ਹਨ। ਬੱਚਿਆਂ ਦੀ ਸੰਗਤ ਵਿਚ ਬਜ਼ੁਰਗ ਵੀ ਮਾਨਸਿਕ ਤੇ ਸਰੀਰਕ ਤੌਰ 'ਤੇ ਆਪਣੇ-ਆਪ ਨੂੰ ਸੰਤੁਸ਼ਟ ਅਤੇ ਖ਼ੁਸ਼ ਮਹਿਸੂਸ ਕਰਦੇ ਹਨ, ਉਹ ਵੀ ਬੱਚਿਆਂ ਤੋਂ ਸਿੱਖਦੇ ਹਨ।

ਬਜ਼ੁਰਗਾਂ ਦੀ ਛਤਰ-ਛਾਇਆ ਹੇਠ ਪਲਣ ਵਾਲੇ ਬੱਚੇ ਪਰਿਵਾਰ ਅਤੇ ਰਿਸ਼ਤਿਆਂ ਦੇ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਉਹ ਵੱਡਿਆਂ ਦਾ ਸਤਿਕਾਰ ਕਰਨਾ, ਮਿਲਜੁਲ ਕੇ ਰਹਿਣਾ ਸਿੱਖਦੇ ਹਨ। ਉਹ ਵੀ ਇਹ ਜਾਣ ਜਾਂਦੇ ਹਨ ਕਿ ਜਦੋਂ ਉਨ੍ਹਾਂ ਦੇ ਮਾਪੇ ਬਜ਼ੁਰਗ ਹੋਣਗੇ ਤਾਂ ਉਨ੍ਹਾਂ ਨੂੰ ਵੀ ਆਪਣੇ ਮਾਪਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ ਤੇ ਰੱਖਣਾ ਪਵੇਗਾ। ਬਜ਼ੁਰਗਾਂ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਦੇ ਬੱਚਿਆਂ ਦੀਆਂ ਆਦਤਾਂ 'ਤੇ ਨਜ਼ਰ ਰੱਖਣ ਤੇ ਕਿਸੇ ਵੀ ਗ਼ਲਤੀ 'ਤੇ ਉਨ੍ਹਾਂ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨ। ਜੇਕਰ ਬੱਚੇ ਕਿਸ਼ੋਰ ਉਮਰ ਦੇ ਹਨ ਤਾਂ ਬਜ਼ੁਰਗ ਦਾਦਾ-ਦਾਦੀ, ਨਾਨਾ-ਨਾਨੀ ਨੂੰ ਉਨ੍ਹਾਂ ਨਾਲ ਦੋਸਤਾਨਾ ਵਿਹਾਰ ਰੱਖਣਾ ਚਾਹੀਦਾ ਹੈ। ਉਨ੍ਹਾਂ ਦੇ ਤਿਆਰ ਹੋਣ ਦੇ ਢੰਗ-ਤਰੀਕੇ ਨੂੰ ਆਪਣੇ ਸਮੇਂ ਨਾਲ ਤੁਲਨਾ ਦੇ ਕੇ ਉਨ੍ਹਾਂ ਦੀ ਨੁਕਤਾਚੀਨੀ ਕਰਨ ਦੀ ਬਜਾਏ ਉਨ੍ਹਾਂ ਦੇ ਸਮੇਂ ਦੇ ਫੈਸ਼ਨ ਅਤੇ ਲੋੜਾਂ ਮੁਤਾਬਿਕ ਸੋਚੋ। ਬੱਚਿਆਂ ਨੂੰ ਬਹੁਤ ਜ਼ਿਆਦਾ ਝਾੜ-ਝੰਬ ਕਰਕੇ ਰੋਹਬ ਪਾ ਕੇ ਗੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਪਿਆਰ ਭਰੇ ਢੰਗ ਨਾਲ ਸਮਝਾਇਆ ਜਾਣਾ ਚਾਹੀਦਾ ਹੈ।

ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਸ਼ੁਰੂ ਤੋਂ ਹੀ ਬੱਚਿਆਂ ਨੂੰ ਸਮਝਾਉਣ ਕਿ ਉਹ ਉਨ੍ਹਾਂ ਦੇ ਬਜ਼ੁਰਗ ਮਾਪਿਆਂ ਦਾ ਆਦਰ ਕਰਨ। ਮਾਪਿਆਂ ਦੇ ਆਪਣੇ ਵਿਹਾਰ ਵਿਚ ਵੀ ਆਪਣੇ ਬਜ਼ੁਰਗ ਮਾਪਿਆਂ ਲਈ ਸਹਿਜਤਾ ਅਤੇ ਸਤਿਕਾਰ ਹੋਣਾ ਚਾਹੀਦਾ ਹੈ, ਤਾਂ ਹੀ ਬੱਚੇ ਆਪਣੇ ਬਜ਼ੁਰਗਾਂ ਦਾ ਕਿਹਾ ਮੰਨਣਗੇ। ਬੱਚਿਆਂ ਦੀਆਂ ਆਦਤਾਂ ਅਤੇ ਰੁਟੀਨ ਦੀ ਜਾਣਕਾਰੀ ਬਜ਼ੁਰਗਾਂ ਨੂੰ ਦੇਣੀ ਚਾਹੀਦੀ ਹੈ। ਬਜ਼ੁਰਗਾਂ ਦੇ ਕਮਰੇ ਵਿਚ ਆਪਣਾ ਅਲੱਗ ਟੀ. ਵੀ. ਜਾਂ ਹੋਰ ਮਨੋਰੰਜਨ ਦਾ ਸਾਧਨ ਹੋਵੇ ਤਾਂ ਜੋ ਉਹ ਆਪਣੇ ਸਮੇਂ ਅਨੁਸਾਰ ਦੇਖ ਸਕਣ ਅਤੇ ਬੱਚਿਆਂ ਦੀ ਪੜ੍ਹਾਈ ਵਿਚ ਵਿਘਨ ਨਾ ਪਵੇ। ਦਾਦਾ-ਦਾਦੀ, ਨਾਨਾ-ਨਾਨੀ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਜੇਕਰ ਬੱਚੇ ਅਨੁਸ਼ਾਸਨਹੀਣ ਵਿਹਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਟੋਕਿਆ ਜਾਵੇ ਤੇ ਮਾਪਿਆਂ ਨੂੰ ਵੀ ਇਸ ਦੀ ਜਾਣਕਾਰੀ ਦਿੱਤੀ ਜਾਵੇ।

ਅੱਜ ਦੇ ਯੁੱਗ ਦੀਆਂ ਬਦਲਦੀਆਂ ਲੋੜਾਂ ਅਤੇ ਬਦਲਦੇ ਜੀਵਨ ਢੰਗ ਨਾਲ ਮਾਪੇ ਅਤੇ ਬੱਚਿਆਂ ਲਈ ਬਜ਼ੁਰਗਾਂ ਦੇ ਸਾਥ ਅਤੇ ਸਮਰਥਨ ਦੀ ਲੋੜ ਹੈ। ਇਸ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਬੱਚੇ ਬਜ਼ੁਰਗਾਂ ਤੋਂ ਸੇਧ ਲੈਣ ਤੇ ਆਪਣਾ ਸਮਾਂ ਅਤੇ ਸ਼ਕਤੀ ਸਹੀ ਪਾਸੇ ਲਗਾਉਣ।

ਅੱਜ ਦੇ ਦੌਰ ਵਿਚ ਬੱਚੇ ਅਤੇ ਬਜ਼ੁਰਗ ਇਕ-ਦੂਜੇ ਦੇ ਪੂਰਕ ਬਣ ਚੁੱਕੇ ਹਨ ਅਤੇ ਇਨ੍ਹਾਂ ਦੀ ਵਜ੍ਹਾ ਨਾਲ ਹੀ ਪਰਿਵਾਰ ਦਾ ਮਾਹੌਲ ਖ਼ੁਸ਼ਨੁਮਾ ਬਣ ਸਕਦਾ ਹੈ। ਦੋਵਾਂ ਲਈ ਇਕ-ਦੂਜੇ ਦਾ ਸਾਥ ਨਿੱਘ ਅਤੇ ਸ਼ਾਂਤੀ ਭਰਿਆ ਹੋਣਾ ਚਾਹੀਦਾ ਹੈ।

# ਖ਼ੁਦ ਬਣਾਓ ਤੁਸੀਂ ਆਪਣੀ ਪਹਿਚਾਣ

**ਅਮਰਜੀਤ ਬਰਾੜ**



ਅਕਸਰ ਉਹ ਦੁਨੀਆ ਦੀ ਭੀੜ 'ਚ ਗੁਆਚ ਜਾਂਦੇ ਹਨ, ਜਿਨ੍ਹਾਂ ਦੀ ਆਪਣੀ ਕੋਈ ਪਛਾਣ ਨਹੀਂ ਹੁੰਦੀ। ਜ਼ਿੰਦਗੀ ਵਿਚ ਘਾਟ ਮੰਜ਼ਿਲਾਂ ਜਾਂ ਟੀਚਿਆਂ ਦੀ ਨਹੀਂ ਹੁੰਦੀ, ਬਲਕਿ ਘਾਟ ਇਰਾਦੇ ਦੀ ਹੁੰਦੀ ਹੈ। ਮੰਜ਼ਿਲ ਜਾਂ ਮਨੋਰਥ ਭਾਵੇਂ ਇਕ ਹੋਵੇ ਪਰ ਉਸ ਤੱਕ ਪਹੁੰਚਣ ਲਈ ਰਸਤੇ ਬਹੁਤ ਹੁੰਦੇ ਹਨ। ਬਹੁਤ ਸਾਰੀਆਂ ਘਾਟਾਂ, ਮੁਸ਼ਕਿਲਾਂ, ਸਮੱਸਿਆਵਾਂ ਅਤੇ ਬੰਦਸ਼ਾਂ ਦੇ ਬਾਵਜੂਦ ਕਈ ਲੜਕੀਆਂ ਆਪਣੇ ਆਲੇ-ਦੁਆਲੇ ਦੇ ਸਮਾਜ ਲਈ ਪ੍ਰੇਰਨਾ ਸਰੋਤ ਬਣ ਜਾਂਦੀਆਂ ਹਨ। ਆਪਣੇ-ਆਪ ਨੂੰ ਪਛਾਣ ਲੈਣਾ ਹੀ ਤੁਹਾਡੀ ਅਸਲ ਪਹਿਚਾਣ ਹੈ ਅਤੇ ਇਹ ਕੰਮ ਤੁਸੀਂ ਖ਼ੁਦ ਹੀ ਕਰ ਸਕਦੇ ਹੋ। ਤੁਸੀਂ ਆਪਣੇ ਦੋਵਾਂ ਹੱਥਾਂ ਨਾਲ ਕੋਸ਼ਿਸ਼ ਕਰੋਗੇ ਤਾਂ ਹੋਰਾਂ ਦੇ ਕਈ ਹੱਥ ਆਪਣੇ-ਆਪ ਹੀ ਤੁਹਾਡੀ ਮਦਦ ਲਈ ਪਹੁੰਚ ਜਾਂਦੇ ਹਨ। ਆਪਣੇ ਟੀਚੇ ਤੱਕ ਪਹੁੰਚਣ ਲਈ ਸਿਰਫ ਤੁਹਾਡੇ ਪੈਰ ਹੀ ਨਹੀਂ, ਬਲਕਿ ਤੁਹਾਡੀ ਸੋਚ ਅਤੇ ਸਮਝ, ਇਰਾਦਾ ਅਤੇ ਨਿਸ਼ਚਾ ਵੀ ਤੁਹਾਨੂੰ ਅੱਗੇ ਤੋਰਦਾ ਹੈ। ਤੁਹਾਡਾ ਸਰੀਰ ਤੁਹਾਡਾ ਸਹਾਇਕ, ਤੁਹਾਡੀ ਸੋਚ, ਤੁਹਾਡਾ ਸਾਥੀ, ਤੁਹਾਡੀ ਸਮਝ, ਤੁਹਾਡੀ ਸਲਾਹਕਾਰ ਅਤੇ ਤੁਹਾਡਾ ਹੌਸਲਾ ਤੁਹਾਡਾ ਰਸਤਾ ਬਣਦਾ ਹੈ। ਕੁਝ ਸਮਾਂ ਇਕਾਂਤ ਵਿਚ ਵੀ ਰਹਿਣਾ ਸਿੱਖੋ, ਕਿਉਂਕਿ ਇਕਾਂਤ ਤੁਹਾਨੂੰ ਆਪਣੇ-ਆਪ ਨੂੰ ਸਮਝਣ ਦਾ ਮੌਕਾ ਦਿੰਦੀ ਹੈ। ਆਪਣੇ-ਆਪ ਨਾਲ ਵੀ ਗੱਲ ਕਰਨੀ ਸਿੱਖੋ। ਕੁਝ ਆਪਣੇ-ਆਪ ਲਈ ਗਾਓ। ਕੁਝ ਆਪਣੇ-ਆਪ ਲਈ ਚੰਗਾ ਪੜ੍ਹੋ ਅਤੇ ਚੰਗੇ ਦੇਖੋ। ਦੂਜਿਆਂ ਨੂੰ ਸਮਝਾਓ ਅਤੇ ਮੁਆਫ ਕਰੋ ਪਰ ਮੂਰਖ ਕਦੇ ਨਾ ਬਣੋ। ਜੇਕਰ ਇਕੋ ਲਤੀਫੇ ਤੋਂ ਤੁਸੀਂ ਵਾਰ-ਵਾਰ ਹੱਸ ਨਹੀਂ ਸਕਦੇ ਤਾਂ ਤੁਸੀਂ ਇਕੋ ਗੱਲ 'ਤੇ ਵਾਰ-ਵਾਰ ਦੁਖੀ ਵੀ ਨਾ ਹੋਵੋ। ਜ਼ਿੰਦਗੀ ਇਕ ਵੱਡੀ ਕਿਤਾਬ ਦੀ ਤਰ੍ਹਾਂ ਹੈ ਅਤੇ ਇਸ ਦੇ ਸਾਰੇ ਚੈਪਟਰ ਇਕੋ ਜਿਹੇ ਨਹੀਂ ਹੁੰਦੇ। ਇਕ ਬੁਰੇ ਚੈਪਟਰ ਦਾ ਮਤਲਬ ਇਹ ਨਹੀਂ ਕਿ ਤੁਹਾਡੀ ਜ਼ਿੰਦਗੀ ਦੇ ਸਾਰੇ ਚੈਪਟਰ ਹੀ ਬੁਰੇ ਹਨ। ਸਿਰਫ ਤੁਹਾਡੇ ਆਪਣੇ ਵਿਚਾਰ ਹੀ ਹੁੰਦੇ ਹਨ, ਜਿਹੜੇ ਤੁਹਾਨੂੰ ਪ੍ਰੇਸ਼ਾਨ ਕਰਦੇ ਹਨ।

ਕਈ ਗੱਲਾਂ ਨੂੰ ਅਣਦੇਖਿਆਂ ਕਰਨ ਵਿਚ ਹੀ ਤੁਹਾਡੀ ਭਲਾਈ ਹੁੰਦੀ ਹੈ। ਕਿਸੇ ਸਫਲ ਵਿਅਕਤੀ ਨੂੰ ਦੇਖ ਕੇ ਈਰਖਾ ਕਰਨ ਵਾਲੇ ਖ਼ੁਦ ਹੀ ਆਪਣੇ-ਆਪ ਨੂੰ ਜ਼ਖਮੀ ਕਰਦੇ ਹਨ। ਕਿਸੇ ਚੰਗੀ ਪ੍ਰਾਪਤੀ ਵਾਲੇ ਸਫਲ ਵਿਅਕਤੀ ਨੂੰ ਤੁਸੀਂ ਆਪਣਾ ਆਦਰਸ਼ ਬਣਾਓ। ਤੁਹਾਡੇ ਲਈ ਇਕ ਬੇਟੀ ਜਾਂ ਔਰਤ ਹੋਣਾ ਮਾਣ ਦੀ ਗੱਲ ਹੈ, ਕਿਉਂਕਿ ਜੋ ਕੰਮ ਔਰਤ ਕਰ ਸਕਦੀ ਹੈ, ਉਸ ਨੂੰ ਸਮਾਜ ਵਿਚ ਹੋਰ ਕੋਈ ਵੀ ਨਹੀਂ ਕਰ ਸਕਦਾ। ਇਸ ਗੱਲ ਦੀ ਪ੍ਰਵਾਹ ਨਾ ਕਰੋ ਕਿ ਲੋਕ ਤੁਹਾਡੇ ਬਾਰੇ ਕੀ ਸੋਚਦੇ ਹਨ। ਤੁਸੀਂ ਆਪਣੀ ਜ਼ਿੰਦਗੀ ਦਾ ਇਕ ਟੀਚਾ ਮਿੱਥੋ ਅਤੇ ਤੁਰਦੇ ਜਾਓ ਤੁਹਾਡੇ ਬਾਰੇ ਬੁਰਾ ਸੋਚਣ ਵਾਲੇ ਲੋਕ ਉਹ ਹੁੰਦੇ ਹਨ, ਜੋ ਖ਼ੁਦ ਵੀ ਆਪਣੇ ਬਾਰੇ ਕਦੇ ਚੰਗਾ ਨਹੀਂ ਸੋਚਦੇ। ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਲੋਕਾਂ ਬਾਰੇ ਤੁਹਾਡੀ ਆਪਣੀ ਸੋਚ ਕੀ ਹੈ। ਯਾਦ ਰੱਖੋ, ਜ਼ਿੰਦਗੀ ਦੀਆਂ ਸਾਰੀਆਂ ਰੁਕਾਵਟਾਂ ਤੁਹਾਡੇ ਸਫਲ ਹੋਣ ਦੇ ਜਨੂੰਨ ਤੋਂ ਛੋਟੀਆਂ ਹਨ। ਜ਼ਿੰਦਗੀ ਦੀ ਕੋਈ ਵੀ ਸਮੱਸਿਆ ਤੁਹਾਡੇ ਤੋਂ ਵੱਡੀ ਨਹੀਂ ਹੋ ਸਕਦੀ। ਮਸ਼ਹੂਰ ਹੋਣ ਦੀ ਥਾਂ ਚੰਗੇ ਬਣੋ, ਕਿਉਂਕਿ ਮਸ਼ਹੂਰ ਤਾਂ ਅਪਰਾਧ ਕਰਨ ਵਾਲੇ ਵੀ ਬਹੁਤ ਹੋ ਜਾਂਦੇ ਹਨ। ਕੋਈ ਵੀ ਕੰਮ ਤੁਹਾਡੇ ਹੌਸਲੇ ਅਤੇ ਇਰਾਦੇ ਤੋਂ ਵੱਡਾ ਨਹੀਂ ਹੋ ਸਕਦਾ। ਤੁਹਾਡੀ ਜ਼ਿੰਦਗੀ ਦਾ ਭਵਿੱਖ ਤੁਹਾਡੀ ਅੱਜ ਦੀ ਸੋਚ ਅਤੇ ਤੁਹਾਡੇ ਅੱਜ ਦੇ ਕੰਮ ਹਨ। ਬੇਸ਼ੱਕ ਜ਼ਿੰਦਗੀ ਦੇ ਹੱਥ ਨਹੀਂ ਹੁੰਦੇ ਪਰ ਕਈ ਵਾਰ ਇਹ ਸਾਡੇ ਅਜਿਹਾ ਥੱਪੜ ਮਾਰਦੀ ਹੈ ਕਿ ਇਸ ਨਾਲ ਸਾਨੂੰ ਜ਼ਿੰਦਗੀ ਜਿਊਣ ਦਾ ਢੰਗ-ਤਰੀਕਾ ਆ ਜਾਂਦਾ ਹੈ। ਤੁਸੀਂ ਕੀ ਹੋ, ਇਸ ਨਾਲੋਂ ਇਹ ਜ਼ਿਆਦਾ ਕੀਮਤੀ ਹੈ ਕਿ ਤੁਸੀਂ ਕੀ ਬਣ ਸਕਦੇ ਹੋ।

# ਪਾਕਿਸਤਾਨ ਵਿੱਚ ਬਿਤਾਏ ਉਹ ਦਿਨ

**ਮੀਨਾ ਮੈਨਨ**

ਭਾਰਤ ਤੋਂ ਬਾਹਰ ਇਹ ਮੇਰੀ ਪਹਿਲੀ ਪੋਸਟਿੰਗ ਸੀ। ਮੈਂ ਵਿਦੇਸ਼ੀ ਪੱਤਰਕਾਰ ਸਾਂ ਪਰ ਜਿੱਥੇ ਮੇਰੀ ਪੋਸਟਿੰਗ ਹੋਈ, ਉਹ ਮੇਰੇ ਲਈ ਬਹੁਤਾ ਵਿਦੇਸ਼ੀ ਮੁਲਕ ਨਹੀਂ ਸੀ। ਉੱਥੇ ਕੰਮ ਕਰਨਾ ਆਸਾਨ ਵੀ ਸੀ ਅਤੇ ਔਖਾ ਵੀ। ਮੁੱਢ ਤੋਂ ਹੀ ਲੋਕ ਦੋਸਤਾਨਾ ਸਨ ਅਤੇ ਮੈਂ ਜੋ ਸੋਚਦੀ ਸਾਂ, ਉਸ ਤੋਂ ਮੈਨੂੰ ਕਿਤੇ ਘੱਟ ਔਖਿਆਈ ਹੋਈ। ਤੁਹਾਨੂੰ ਜਿੱਥੇ ਤਕ ਪੁੱਜਣ ਜਾਂ ਜੋ ਕੁਝ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਸੀ, ਉਸ ਲਈ ਤੁਹਾਨੂੰ ਅਧਿਕਾਰੀਆਂ ਦਾ ਸ਼ੁਕਰਗੁਜ਼ਾਰ ਹੋਣਾ ਬਣਦਾ ਸੀ-ਘੱਟੋਘੱਟ ਤੁਹਾਡੇ ਤੋਂ ਤਵੱਕੋ ਤਾਂ ਇਹੋ ਹੀ ਕੀਤੀ ਜਾਂਦੀ ਸੀ। ਨਾਲ ਹੀ ਤੁਹਾਨੂੰ ਇਹ ਵੀ ਸਮਝਣਾ ਤੇ ਮੰਨਣਾ ਪੈਣਾ ਹੀ ਸੀ ਕਿ ਬਹੁਤ ਕੁਝ ਅਜਿਹਾ ਹੈ ਜਿੱਥੇ ਤਕ ਪਹੁੰਚ ਕਰਨ ਦੀ ਤੁਹਾਨੂੰ ਖੁੱਲ੍ਹ ਨਹੀਂ ਦਿੱਤੀ ਗਈ। ਮੇਰੇ ਮਾਮਲੇ ਵਿੱਚ ਤਾਂ ਬਹੁਤ ਛੇਤੀ ਸਮਾਂ ਅਜਿਹਾ ਆ ਗਿਆ ਜਦੋਂ ਪੂਰੇ ਮੁਲਕ (ਪਾਕਿਸਤਾਨ) ਨੂੰ ਹੀ ਮੇਰੀ ਪਹੁੰਚ ਤੋਂ ਬਾਹਰ ਕਰ ਦਿੱਤਾ ਗਿਆ। ਅਜਿਹਾ ਹੋਣ ਤੋਂ ਪਹਿਲਾਂ ਮੇਰੇ ਇੱਕ ਸਾਥੀ ਪੱਤਰਕਾਰ ਨੂੰ ਅਧਿਕਾਰੀਆਂ ਨੇ ਦੱਸ ਦਿੱਤਾ ਸੀ ਕਿ ਮੇਰੀਆਂ ਰਿਪੋਰਟਾਂ ਬਹੁਤ 'ਪਾਕਿਸਤਾਨ-ਵਿਰੋਧੀ' ਹਨ; ਉਨ੍ਹਾਂ ਦੀ ਸੁਰ ਬਹੁਤ ਆਲੋਚਨਾਤਮਕ ਹੈ। ਬਹੁਤੇ ਮੁਲਕਾਂ ਵਿੱਚ ਕਿਸੇ ਨਾ ਕਿਸੇ ਪੱਧਰ 'ਤੇ ਇਹ ਵਤੀਰਾ ਹੁੰਦਾ ਹੀ ਹੈ ਕਿ ਜੇਕਰ "ਤੁਸੀਂ ਸਾਡੇ ਨਾਲ ਨਹੀਂ ਤਾਂ ਤੁਸੀਂ ਸਾਡੇ ਵਿਰੁੱਧ ਹੋ।" ਇਸਲਾਮਾਬਾਦ ਵਿੱਚ ਵੀ ਮੈਨੂੰ ਇਹੋ ਅਹਿਸਾਸ ਕਰਵਾਇਆ ਜਾਣ ਲੱਗਾ। ਇਸਲਾਮਾਬਾਦ ਵੱਲ ਰਵਾਨਾ ਹੋਣ ਤੋਂ ਪਹਿਲਾਂ ਮੈਂ ਆਪਣੀਆਂ ਦੋ ਸਹਿਕਰਮੀਆਂ- ਅਨਿਤਾ (ਪ੍ਰਤਾਪ) ਤੇ ਨਿਰੂਪਮਾ (ਸੁਬਰਾਮਨੀਅਮ) ਨਾਲ ਲੰਬਾ ਵਿਚਾਰ-ਵਟਾਂਦਰਾ ਕੀਤਾ ਸੀ। ਦੋਵੇਂ ਪਾਕਿਸਤਾਨ ਵਿੱਚ ਭਾਰਤੀ ਪੱਤਰਕਾਰ ਰਹਿ ਚੁੱਕੀਆਂ ਸਨ। ਅਜਿਹੀ ਚਰਚਾ ਸਦਕਾ ਪਾਕਿਸਤਾਨ ਵਿੱਚ ਘਰ ਕਿਵੇਂ ਬਣਾਉਣਾ ਹੈ, ਕੀ ਕਿੱਥੋਂ ਖ਼ਰੀਦਣਾ ਹੈ, ਕੀ ਕਰਨਾ ਹੈ ਤੇ ਕੀ ਨਹੀਂ ਕਰਨਾ, ਵਰਗਾ ਬਹੁਤ ਸਾਰਾ ਮੁੱਢਲਾ ਕੰਮ ਕਰਨ ਤੋਂ ਮੇਰਾ ਬਚਾਅ ਹੋ ਗਿਆ। ਹੋਰ ਚਿਤਾਵਨੀਆਂ ਦੇ ਨਾਲ ਨਾਲ ਮੈਨੂੰ ਨਿਮਰਤਾ ਨਾਲ ਬੋਲਣ ਦੀ ਚਿਤਾਵਨੀ ਵੀ ਦਿੱਤੀ ਗਈ। ਮੈਂ ਮੁੰਬਈ ਤੋਂ ਸੀ ਅਤੇ ਸਾਡੀ ਬੰਬਈਆ ਹਿੰਦੀ ਕਿਸੇ ਤਕੱਲੁਫ਼ ਜਾਂ ਸ਼ੁੱਧਤਾ ਲਈ ਨਹੀਂ ਜਾਣੀ ਜਾਂਦੀ ਸੀ। ਹਿੰਦੀ ਵਿੱਚ ਮਰਦਾਵੀਂ ਤੇ ਜ਼ਨਾਨਾ ਭਾਸ਼ਾ ਲਈ ਸਖ਼ਤ ਵਿਆਕਰਣ ਵਰਤੀ ਜਾਂਦੀ ਹੈ। ਇਸ ਦੇ ਉਲਟ ਸਾਡੀ ਅਸ਼ੁੱਧ ਬੋਲੀ ਵਿੱਚ ਅਜਿਹੀ ਕੋਈ ਸੀਮਾ ਨਹੀਂ ਹੈ। ਇੱਕ ਮਹਿਲਾ ਵੀ 'ਮੈਂ ਆਤਾ ਹੂੰ' ਆਦਿ ਕਹਿ ਸਕਦੀ ਹੈ। ਸ਼ਬਦ ਅਤੇ ਵਾਕ ਛੋਟੇ ਹੋਣ ਕਾਰਨ ਇਨ੍ਹਾਂ ਵਿੱਚ ਕੋਈ ਨਜ਼ਾਕਤ ਨਜ਼ਰ ਨਹੀਂ ਆਉਂਦੀ ਸੀ ਅਤੇ ਕੋਈ ਵੀ ਆਪਣੀ ਮਰਜ਼ੀ ਮੁਤਾਬਿਕ ਕੁਰੱਖ਼ਤ ਬੋਲ ਸਕਦਾ ਸੀ। ਕੁਬੋਲ ਬੋਲਣ ਦਾ ਰਿਵਾਜ ਸੀ। ਜ਼ਿਆਦਾਤਰ ਸਮਾਂ ਅਸੀਂ ਅੰਗਰੇਜ਼ੀ ਬੋਲਦੇ, ਪਰ ਹਿੰਦੀ ਜਾਂ ਉਰਦੂ ਵਿੱਚ ਗੱਲਬਾਤ ਕਰਨ ਸਮੇਂ ਮੈਨੂੰ ਸਹੀ ਸ਼ਬਦ ਬੋਲਣ ਦੀ ਗੱਲ ਯਾਦ ਰੱਖਣੀ ਪੈਂਦੀ। ਉਰਦੂ ਦੀ ਜਾਣਕਾਰੀ ਨਾ ਹੋਣਾ ਵੱਡਾ ਅੜਿੱਕਾ ਬਣ ਸਕਦਾ ਹੈ, ਭਾਵੇਂ ਮੈਂ ਗ਼ਜ਼ਲਾਂ ਅਤੇ ਸ਼ਾਇਰੀ ਨੂੰ ਪਸੰਦ ਕਰਦੀ ਸੀ। ਮੇਰਾ ਦੱਖਣ ਭਾਰਤੀ ਹੋਣਾ ਵੀ ਕਿਸੇ ਕੰਮ ਨਾ ਆਇਆ।

ਮਦਰਾਸੀਆਂ (ਭਾਰਤ ਵਿੱਚ ਵੀ ਸਾਰੇ ਦੱਖਣੀ ਭਾਰਤੀਆਂ ਨੂੰ ਮਦਰਾਸੀ ਕਿਹਾ ਜਾਂਦਾ ਹੈ, ਸੋ ਇਹ ਰੁਝਾਨ ਸਿਰਫ਼ ਪਾਕਿਸਤਾਨ ਤਕ ਸੀਮਿਤ ਨਹੀਂ ਹੈ) ਖ਼ਿਲਾਫ਼ ਇੱਕ ਹਾਸੋਹੀਣਾ ਰੁਝਾਨ ਸੀ ਅਤੇ ਇਸ ਵਿੱਚ ਇਹ ਵਿਸ਼ਵਾਸ ਵੀ ਸ਼ਾਮਲ ਸੀ ਕਿ ਅਸੀਂ ਕੁਝ ਅਸਭਿਅਕ, ਕਾਲੇ ਤੇ ਉਜੱਡ ਲੋਕ ਸੀ ਜੋ ਉੱਤਰੀ ਭਾਰਤ ਦੇ ਜਮਾਅ ਦੇਣ ਵਾਲੇ ਮੌਸਮ ਵਿੱਚ ਸੁੰਗੜ ਜਾਂਦੇ ਸੀ। ਦਰਅਸਲ, ਦਿੱਲੀ ਵਿੱਚ ਵੀ ਅਤਿ ਦੀ ਸਰਦੀ ਵਿੱਚ ਸਵੇਰ ਦੀ ਸੈਰ ਸਮੇਂ ਕਿਸੇ ਨੇ ਟਿੱਪਣੀ ਕੀਤੀ ਸੀ ਕਿ ਮੈਂ 'ਮਦਰਾਸੀਆਂ' ਵਰਗੇ ਕੱਪੜੇ ਪਹਿਨੇ ਹੋਏ ਸਨ।

ਮੈਨੂੰ ਮਿਲੇ ਕਈ ਲੋਕਾਂ ਨੇ ਸਾਨੂੰ ਪੰਜਾਬੀ ਘੱਟ ਸਮਝ ਆਉਂਦੀ ਹੋਣ ਦਾ ਮਖੌਲ ਵੀ ਉਡਾਇਆ ਜੋ ਮੈਨੂੰ ਬਿਲਕੁਲ ਵੀ ਨਹੀਂ ਸੀ ਆਉਂਦੀ। ਇੱਕ ਵਾਰ ਇੱਕ ਪਾਰਟੀ ਵਿੱਚ ਜਦੋਂ ਪੰਜਾਬੀ ਸ਼ਾਇਰੀ ਸੁਣਾਈ ਜਾ ਰਹੀ ਸੀ। ਮੈਂ ਇਸ ਦਾ ਮਤਲਬ ਪੁੱਛਿਆ ਤਾਂ ਮੈਨੂੰ ਚੰਗੀ ਝਾੜ ਪਾਈ ਗਈ। ਮੈਂ ਇਹ ਸਿੱਟਾ ਕੱਢਿਆ ਕਿ ਪੰਜਾਬੀ ਅਣਖ ਵੀ ਉਨ੍ਹਾਂ ਦੀ ਮਹਿਮਾਨਨਿਵਾਜ਼ੀ ਜਿੰਨੀ ਮਹਾਨ ਸੀ ਅਤੇ ਮੇਰੇ ਵੱਲੋਂ ਇਸ ਦਾ ਮਲਤਬ ਪੁੱਛੇ ਜਾਣ ਨੇ ਮਹਾਨ ਭਾਸ਼ਾ ਦੀ ਸ਼ਾਇਦ ਇੱਕ ਤਰ੍ਹਾਂ ਬੇਇੱਜ਼ਤੀ ਕੀਤੀ ਸੀ। ਸ਼ਾਇਰੀ ਸੁਣਾ ਰਹੇ ਸਿਆਸਤਦਾਨ ਨੇ ਵੀ ਕੁਝ ਅਜਿਹਾ ਹੀ ਕਿਹਾ ਸੀ। ਨੁਕਸਾਨ ਤਾਂ ਮੇਰਾ ਹੀ ਸੀ!

ਇਸ ਲਈ ਬੋਲਣ ਤੋਂ ਪਹਿਲਾਂ ਮੈਨੂੰ ਚੰਗੀ ਤਰ੍ਹਾਂ ਸੋਚ ਕੇ ਪੂਰੇ ਵਾਕ ਬਣਾਉਣੇ ਪੈਂਦੇ ਸਨ। ਕੋਈ ਵੀ ਗੱਲ ਨਿਮਰਤਾ ਨਾਲ ਆਖਣ ਵਿੱਚ ਮੈਨੂੰ ਦੁੱਗਣਾ ਸਮਾਂ ਲੱਗਿਆ, ਪਰ ਮੈਂ ਇਸ ਦੀ ਜਾਚ ਸਿੱਖ ਲਈ। ਜਦੋਂ ਮੈਂ ਇੱਕ ਵਾਰ ਫੇਸਬੁੱਕ 'ਤੇ ਗ਼ਾਲਿਬ ਦੀ ਸ਼ਾਇਰੀ ਪੋਸਟ ਕੀਤੀ ਤਾਂ ਮੇਰੇ ਇੱਕ ਪੰਜਾਬੀ ਦੋਸਤ ਨੂੰ ਇਹ ਦੇਖ ਕੇ ਝਟਕਾ ਲੱਗਿਆ ਕਿ ਮੈਨੂੰ ਇਸ ਬਾਰੇ ਪਤਾ ਸੀ। ਮੈਂ ਆਪਣੇ ਦੋਸਤ ਨੂੰ ਦੱਸਿਆ ਕਿ ਜਿਵੇਂ 'ਮਦਰਾਸੀਆਂ' ਨੂੰ ਭੰਡਿਆ ਜਾਂਦਾ ਹੈ, ਉਵੇਂ ਹੀ ਪੰਜਾਬੀਆਂ ਨੂੰ ਵੀ ਵਿਆਹ ਉੱਤੇ ਅੰਨ੍ਹਾ ਖ਼ਰਚ ਕਰਕੇ ਦਿਖਾਵਾ ਕਰਨ ਵਾਲੇ ਕੁਚੱਜੇ ਲੋਕ ਮੰਨਿਆ ਜਾਂਦਾ ਹੈ।

ਮੈਨੂੰ ਉਹ ਨਿੱਘੇ ਤੇ ਮਹਿਮਾਨਨਿਵਾਜ਼ ਜਾਪੇ ਜਿਨ੍ਹਾਂ ਨੂੰ ਆਪਣੀ ਭਾਸ਼ਾ ਤੇ ਸਭਿਆਚਾਰ ਉੱਤੇ ਮਾਣ ਹੈ। ਉਹ ਆਪਣੇ ਜਿੰਨੇ ਹੀ ਮਾਣਮੱਤੇ, ਮਹਿਮਾਨਨਿਵਾਜ਼ ਅਤੇ ਛਬੀਲੇ ਪਸ਼ਤੂਨਾਂ ਨਾਲ ਝੜਪਦੇ ਰਹਿੰਦੇ ਸਨ। ਨੁਕਸਾਨ ਰਹਿਤ ਦੋਸਤਾਨਾ ਪੱਧਰ ਉੱਤੇ ਇਹ ਬਹੁਤ ਮਜ਼ਾਹੀਆ ਸੀ, ਪਰ ਕੌਮੀ ਪੱਧਰ 'ਤੇ ਇਹ ਗੰਭੀਰ ਸਿਆਸੀ ਪਾੜੇ ਦਾ ਆਧਾਰ ਸੀ। ਜਦੋਂ ਇੱਕ ਪੰਜਾਬੀ ਵਕੀਲ ਨੇ ਇੱਕ ਪਸ਼ਤੂਨ ਮਿੱਤਰ ਨਾਲ ਪੰਜਾਬੀ ਵਿੱਚ ਗੱਲ ਕੀਤੀ ਤਾਂ ਉਸ ਨੂੰ ਵੱਢ ਖਾਣ ਨੂੰ ਪਈ ਅਤੇ ਉਸ ਨੂੰ ਉਸ ਭਾਸ਼ਾ ਵਿੱਚ ਗੱਲ ਕਰਨ ਲਈ ਕਿਹਾ ਜੋ ਉਹ ਸਮਝ ਸਕਦੀ ਸੀ। ਕਈ ਵਾਰ ਸਾਡੇ ਦੋਸਤਾਂ ਵਿੱਚ ਵੀ ਅਜਿਹੇ ਝਗੜੇ ਹੁੰਦੇ ਸਨ ਜੋ ਕਦੇ ਕਦੇ ਬਹੁਤ ਗੰਭੀਰ ਹੋ ਜਾਂਦੇ ਸਨ। ਇਹ ਗੱਲ ਨਹੀਂ ਸੀ। ਮੈਂ ਕਲਪਨਾ ਵੀ ਨਹੀਂ ਕੀਤੀ ਕਿ ਮੈਂ ਕਦੇ ਪਾਕਿਸਤਾਨ ਵਿੱਚ ਪੱਤਰਕਾਰ ਵਜੋਂ ਜਾਵਾਂਗੀ ਅਤੇ ਇਸ ਲਈ ਮੈਂ ਆਪਣੀ ਨਾਮਜ਼ਦਗੀ ਬਾਰੇ ਸੁਣ ਕੇ ਹੈਰਾਨ ਹੋ ਗਈ ਸੀ। ਜਦੋਂ 'ਦਿ ਹਿੰਦੂ' ਤਤਕਾਲੀ ਸੰਪਾਦਕ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਇਸਲਾਮਾਬਾਦ ਵਿੱਚ ਤਬਾਦਲਾ ਪਸੰਦ ਕਰਾਂਗੀ ਤਾਂ ਮੈਂ ਹਾਂ ਕਹਿਣ ਤੋਂ ਪਹਿਲਾਂ ਦੂਜੀ ਵਾਰ ਵੀ ਨਹੀਂ ਸੋਚਿਆ। 2011 ਵਿੱਚ ਕਰਾਚੀ ਦੇ ਆਪਣੇ ਦੌਰੇ ਤੋਂ ਬਾਅਦ ਹੈਦਰਾਬਾਦ ਵਿੱਚ ਮੈਂ ਰਾਜਧਾਨੀ ਜਾਣ ਲਈ ਉਤਾਵਲੀ ਸੀ, ਭਾਵੇਂ ਇਸ ਦਾ ਮਤਲਬ ਸਫ਼ਰ ਦੀ ਬਹੁਤੀ ਗੁੰਜਾਇਸ਼ ਨਾ ਹੋਣ 'ਤੇ ਉੱਥੇ ਫਸ ਜਾਣਾ ਸੀ। ਮੈਂ ਮਹਿਸੂਸ ਕੀਤਾ ਕਿ ਇਹ ਬਹੁਤ ਹੀ ਰਸ਼ਕ ਵਾਲੀ ਪੋਸਟਿੰਗ ਸੀ। ਇੱਕ ਸਾਬਕਾ ਪੱਤਰਕਾਰ ਅਤੇ ਵਿਦੇਸ਼ੀ ਸਬੰਧਾਂ ਦੀ ਮਾਹਿਰ ਨੇ ਸਭ ਤੋਂ ਯਾਦਗਾਰੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਜੋ ਇੰਨੀ ਉਤਸ਼ਾਹਿਤ ਸੀ ਕਿ ਉਸ ਨੇ ਮੈਨੂੰ ਆਪਣੇ ਸਾਰੇ ਕੱਪੜੇ ਘਰ ਹੀ ਛੱਡ ਜਾਣ ਅਤੇ ਉੱਥੇ ਜਾ ਕੇ ਸਾਰੇ ਕੱਪੜੇ ਬਣਵਾਉਣ ਲਈ ਕਿਹਾ। ਪਾਕਿਸਤਾਨ ਵਿੱਚ ਕੀਤੀ ਜਾਂਦੀ ਉੱਤਮ ਸਿਲਾਈ ਦੀ ਆਪਣੀ ਹੀ ਪ੍ਰਸਿੱਧੀ ਹੈ। ਮੈਂ ਮੰਨਦੀ ਹਾਂ ਕਿ ਮੇਰੇ ਮਨ ਵਿੱਚ ਇਹ ਗੱਲ ਸਭ ਤੋਂ ਆਖ਼ਰੀ ਚੀਜ਼ ਸੀ ਕਿਉਂਕਿ ਮੈਨੂੰ ਆਮ ਤੌਰ 'ਤੇ ਦਰਜ਼ੀਆਂ ਕੋਲ ਗੇੜੇ ਕੱਢਣਾ ਥਕਾਊ ਲੱਗਦਾ ਹੈ। ਭਾਵੇਂ ਮੈਂ ਉੱਥੋਂ ਵੀ ਕੁਝ ਕੱਪੜੇ ਸਿਲਾਏ। ਸ਼ੁਰੂਆਤ ਵਿੱਚ ਲੋਕਾਂ ਦੇ ਨਿੱਘੇ ਸੁਭਾਅ ਅਤੇ ਇਸਲਾਮਾਬਾਦ ਵਿੱਚ ਆਰਾਮ ਨਾਲ ਰਹਿਣ ਕਾਰਨ ਆਪਣੇ ਲਈ ਭਲਾਈ ਵਾਲੀ ਭਾਵਨਾ ਸਦਕਾ ਮੇਰੇ ਮਨ ਨੂੰ ਟਿਕਾਅ ਸੀ। ਗਰਮੀਆਂ ਦੇ ਅੰਤ ਵਿੱਚ ਅਸੀਂ ਉੱਥੇ ਪੁੱਜ ਗਏ ਅਤੇ ਛੇਤੀ ਹੀ ਤਾਪਮਾਨ ਘਟ ਗਿਆ ਅਤੇ ਸਾਨੂੰ ਪੱਖਿਆਂ ਦੀ ਲੋੜ ਵੀ ਨਾ ਰਹੀ। ਜਨਵਰੀ 2014 ਵਿੱਚ ਪਾਖ਼ਾਨੇ ਦੀ ਬਦਬੂ ਨਾਲ ਭਰੇ ਵਰਾਂਡੇ ਵਾਲੇ ਵੀਜ਼ਾ ਦਫ਼ਤਰ ਦੀ ਇੱਕ ਆਮ ਫੇਰੀ ਦੌਰਾਨ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਨਾਲ ਮਾੜੀ ਹੋਈ ਸੀ। ਦੋ ਆਦਮੀ ਇੱਕ ਤਰ੍ਹਾਂ ਮੇਰੇ ਨਾਲ ਟਕਰਾਏ। ਇਹ ਸਬੱਬ ਨਹੀਂ ਹੋ ਸਕਦਾ। ਸਲਵਾਰ ਕਮੀਜ਼ ਪਹਿਨੀ ਦਾੜ੍ਹੀ ਵਾਲਾ ਇੱਕ ਪ੍ਰਾਣੀ ਭੁੱਲ ਹੋਈ ਦਿਖਾਉਣ ਦੀ ਕੋਸ਼ਿਸ਼ ਕਰਦਿਆਂ ਸਾਰਾ ਸਮਾਂ ਲਲਚਾਈਆਂ ਨਜ਼ਰਾਂ ਨਾਲ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਦੂਜਾ, ਉਸ ਤੋਂ ਛੋਟੀ ਉਮਰ ਦਾ ਗੋਭਲਾ ਜਿਹਾ ਆਦਮੀ ਆਪਣੀ ਹਰਕਤ 'ਤੇ ਕਸੂਤੀ ਸਥਿਤੀ ਮਹਿਸੂਸ ਕਰ ਰਿਹਾ ਸੀ। ਉਸੇ ਸ਼ਾਮ ਉਹ ਇੱਕ ਕੈਫ਼ੇ ਵਿੱਚ ਆ ਗਏ, ਜਿੱਥੇ ਮੈਂ ਇੰਟਰਵਿਊ ਲਈ ਕਿਸੇ ਨੂੰ ਮਿਲਣ ਵਾਸਤੇ ਉਡੀਕ ਕਰ ਰਹੀ ਸੀ। ਮੈਂ ਦਰਵਾਜ਼ੇ ਨੇੜੇ ਸੋਫ਼ੇ ਉੱਤੇ ਬੈਠੀ ਸੀ ਕਿ ਦਾੜ੍ਹੀ ਵਾਲੇ ਨੇ ਕੱਚ ਦਾ ਦਰਵਾਜ਼ਾ ਖੋਲ੍ਹਿਆ ਅਤੇ ਮੈਨੂੰ ਦੇਖ ਕੇ ਅਚਾਨਕ ਰੁਕ ਗਿਆ। ਮੈਨੂੰ 'ਖੌਫ਼ਜ਼ਦਾ' ਕਰਨ ਦੀ ਸੰਤੁਸ਼ਟੀ ਹੋਣ ਉੱਤੇ ਉਸ ਨੇ ਦਰਵਾਜ਼ਾ ਇਕਦਮ ਬੰਦ ਕੀਤਾ ਅਤੇ ਬਾਹਰ ਚਲਾ ਗਿਆ। ਮੈਂ ਕਦੇ ਕਦੇ ਸੋਚਦੀ ਸੀ ਕਿ ਇਨ੍ਹਾਂ ਦੀ ਹੁਸ਼ਿਆਰੀ ਕਿਸੇ ਬਿਹਤਰ ਕੰਮ ਲਈ ਵਰਤੀ ਜਾ ਸਕਦੀ ਸੀ। ਮਿਸਾਲ ਵਜੋਂ ਨੌਜਵਾਨਾਂ ਨੂੰ ਖ਼ੁਦ ਨੂੰ ਜਨਤਕ ਥਾਵਾਂ ਉੱਤੇ ਬੰਬਾਂ ਨਾਲ ਉਡਾਉਣ ਜਾਂ ਉਨ੍ਹਾਂ ਨੂੰ ਗਿਰਜਿਆਂ, ਅਦਾਲਤਾਂ ਅਤੇ ਬਾਜ਼ਾਰਾਂ ਵਿੱਚ ਤਬਾਹੀ ਮਚਾਉਣ ਤੋਂ ਰੋਕਣ ਵਿੱਚ। ਜਦੋਂ ਮੈਂ ਪਹਿਲੀ ਵਾਰ ਕਿਸੇ ਸਫ਼ੀਰ ਦੇ ਘਰ ਗਈ ਤਾਂ ਅਸੀਂ ਹਿਚਕਿਚਾਉਂਦਿਆਂ ਕਾਰ ਵਿੱਚੋਂ ਉੱਤਰੇ। ਲਾਲ ਮੁੱਛਾਂ ਵਾਲੇ ਇੱਕ ਹੱਟੇ-ਕੱਟੇ ਆਦਮੀ ਨੇ ਸਾਡਾ ਸੁਆਗਤ ਕੀਤਾ। ਉਸ ਨੇ ਤਸੱਲੀ ਨਾਲ ਮੇਰਾ ਨਾਂ ਬੋਲਿਆ। ਮੈਂ ਪ੍ਰਭਾਵਿਤ ਹੋਈ ਕਿ ਉਹ ਮੈਨੂੰ ਜਾਣਦਾ ਸੀ ਤੇ ਇੰਨਾ ਸੁਆਗਤ ਕਰ ਰਿਹਾ ਸੀ, ਪਰ ਸਫ਼ੀਰ ਨੇ ਹੱਸਦਿਆਂ ਕਿਹਾ ਕਿ ਉਹ ਮਿੱਤਰ ਸਨ। ਪਾਕਿਸਤਾਨ ਦੀ ਕਿਸੇ ਮਿਲਟਰੀ ਯੂਨਿਟ ਵਿੱਚ ਟਰੇਡ ਯੂਨੀਅਨ ਦੀ ਮੌਜੂਦਗੀ ਦੀ ਕੋਈ ਕਲਪਨਾ ਕਰ ਸਕਦਾ ਹੈ? ਅਸਲੀਅਤ ਤਾਂ ਇਹ ਹੈ ਕਿ ਅਜਿਹੀ ਟਰੇਡ ਯੂਨੀਅਨ ਬਣੀ ਅਤੇ ਉਹ ਵੀ 1949 ਵਿੱਚ। ਪਾਕਿਸਤਾਨ ਅਵਾਮੀ ਵਰਕਰਜ਼ ਪਾਰਟੀ ਦੇ ਪ੍ਰਧਾਨ ਮਿੰਟੋ ਨੇ ਮੁਸਕਣੀਆਂ ਲੈਂਦਿਆਂ ਮੈਨੂੰ ਦੱਸਿਆ ਕਿ ਉਸ ਸਾਲ ਉਹ ਕਮਿਊਨਿਸਟ ਪਾਰਟੀ ਆਫ਼ ਪਾਕਿਸਤਾਨ (ਸੀਪੀਪੀ) ਦਾ ਮੈਂਬਰ ਬਣਿਆ ਅਤੇ ਮੈਂਬਰ ਬਣਨ ਤੋਂ ਬਾਅਦ ਉਸ ਨੇ ਪਹਿਲਾ ਕੰਮ ਮਿਲਟਰੀ ਇੰਜਨੀਅਰਿੰਗ ਸਰਵਿਸ (ਐੱਮਈਐੱਸ) ਵਿੱਚ ਟਰੇਡ ਯੂਨੀਅਨ ਦੀ ਸਥਾਪਨਾ ਦੇ ਰੂਪ ਵਿੱਚ ਕੀਤਾ। ਇਸ ਤੋਂ ਅਗਲੀ ਯੂਨੀਅਨ ਅੱਟਕ ਦੀ ਇੱਕ ਬਹੁਕੌਮੀ ਤੇਲ ਕੰਪਨੀ ਵਿੱਚ ਕਾਇਮ ਕੀਤੀ ਗਈ। ਪਾਕਿਸਤਾਨ ਵਿੱਚ ਕਮਿਊਨਿਸਟ ਲਹਿਰ ਨੂੰ ਭਾਵੇਂ ਦੇਸ਼ ਦੀ ਵਸੋਂ ਦੇ ਬਹੁਤ ਛੋਟੇ ਜਿਹੇ ਹਿੱਸੇ ਤੋਂ ਹੀ ਹੁੰਗਾਰਾ ਮਿਲਦਾ ਰਿਹਾ, ਫਿਰ ਵੀ 1990ਵਿਆਂ ਵਿੱਚ ਸੋਵੀਅਤ ਸੰਘ ਦੀ ਟੁੱਟ-ਭੱਜ ਤੋਂ ਖੱਬੇ-ਪੱਖੀਆਂ ਨੂੰ ਵੱਡਾ ਝਟਕਾ ਲੱਗਿਆ ਅਤੇ ਇਹ ਲਹਿਰ ਬਿਖ਼ਰ ਗਈ। ਹੁਣ ਇਸ ਨੂੰ ਨਵੇਂ ਸਿਰਿਉਂ ਜਥੇਬੰਦ ਕਰਨ ਦੇ ਯਤਨ ਜਾਰੀ ਹਨ ਅਤੇ ਤਿੰਨ ਪਾਰਟੀਆਂ (ਲੇਬਰ, ਅਵਾਮੀ ਪਾਰਟੀ ਅਤੇ ਵਰਕਰਜ਼ ਪਾਰਟੀ) ਦਾ ਰਲੇਵਾਂ ਖੱਬੇ-ਪੱਖੀ ਲਹਿਰ ਨੂੰ ਸੁਰਜੀਤ ਕਰਨ ਦੇ ਯਤਨਾਂ ਦਾ ਹਿੱਸਾ ਹੈ। ਕੁਝ ਖੱਬੇ-ਪੱਖੀਆਂ ਨੂੰ ਮਿਲਣ ਦਾ ਮੌਕਾ ਮੈਨੂੰ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪੀ.ਡਬਲਿਊ.ਏ) ਦੀ ਮੀਟਿੰਗ ਦੌਰਾਨ ਮਿਲਿਆ। ਐਸੋਸੀਏਸ਼ਨ ਦੇ ਕਮਿਊਨਿਸਟ ਸਿਧਾਂਤਕਾਰ ਪ੍ਰੋ. ਸੱਜਾਦ ਜ਼ਹੀਰ ਦੀ ਬੇਟੀ, ਨੂਰ ਜ਼ਹੀਰ ਨਾਲ ਮੁਲਾਕਾਤ ਦੇ ਨਾਮ 'ਤੇ ਇਹ ਪ੍ਰੋਗਰਾਮ ਕਰਵਾਇਆ। ਉਹ ਆਪਣੀਆਂ ਕਿਤਾਬਾਂ ਬਾਰੇ ਬੋਲਣ ਲਈ ਨਵੀਂ ਦਿੱਲੀ ਤੋਂ ਇਸਲਾਮਾਬਾਦ ਆਈ ਸੀ।



# ਪੰਜਾਬੀ ਸੱਭਿਅਤਾ ਉੱਤੇ ਮੰਡਰਾ ਰਿਹਾ ਖ਼ਤਰਾ

**ਡਾ. ਹਰਸ਼ਿੰਦਰ ਕੌਰ**



ਖ਼ਤਮ ਹੋ ਚੁੱਕੀਆਂ ਕੁਝ ਸੱਭਿਅਤਾਵਾਂ ਵੱਲ ਝਾਤ ਮਾਰੀਏ ਤਾਂ ਬਹੁਤ ਕੁਝ ਪਤਾ ਲੱਗਦਾ ਹੈ। ਨਾਲ ਹੀ ਇਹ ਜਾਣਕਾਰੀ ਮਿਲਦੀ ਹੈ ਕਿ ਉਨ੍ਹਾਂ ਦਾ ਅੰਤ ਕਿਉਂ ਤੇ ਕਿਵੇਂ ਹੋਇਆ। ਪਹਿਲਾਂ ਗੱਲ ਕਰੀਏ ਮਾਇਆ ਸੱਭਿਅਤਾ ਦੀ। ਮੈਕਸਿਕੋ ਤੋਂ ਗੁਟਮਲਾ ਤਕ ਫੈਲੇ ਕਮਾਲ ਦੇ ਪੱਕੇ ਪਿਰਾਮਿਡ ਬਣਾਉਣ ਵਾਲੇ, ਉਸ ਸਮੇਂ ਤੇ ਹਿਸਾਬ ਦੇ ਚੋਟੀ ਦੇ ਮਾਹਿਰ, ਲਿਖਾਰੀ, ਕੈਲੰਡਰ ਬਣਾਉਣ ਵਿੱਚ ਮਾਹਿਰ, ਪੌੜੀਦਾਰ ਫਾਰਮ ਬਣਾਉਣ ਵਿੱਚ ਕਮਾਲ ਕਰਨ ਵਾਲੇ, ਸਲੀਕੇ ਨਾਲ ਰਹਿਣ ਸਹਿਣ ਵਾਲੇ ਅਤੇ ਆਪਣੀ ਮਾਤ ਭਾਸ਼ਾ ਨੂੰ ਪਿਆਰ ਕਰਨ ਵਾਲੇ ਆਖ਼ਿਰ ਸਾਲ 900 ਵਿੱਚ ਪੂਰੀ ਤਰ੍ਹਾਂ ਖਿੰਡ ਪੁੰਡ ਕਿਉਂ ਗਏ? ਉਸ ਸਮੇਂ ਦੀਆਂ ਲਿਖਤਾਂ ਮੌਜੂਦ ਹਨ ਕਿਉਂਕਿ ਉਸ ਸਮੇਂ ਲੋਕ ਲਿਖਣ ਦਾ ਸ਼ੌਕ ਰੱਖਦੇ ਸਨ। ਗਜ਼ਬ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਬੋਲੀ ਹਾਲੇ ਤਕ ਕਿਤੇ ਨਾ ਕਿਤੇ ਬੋਲੀ ਜਾ ਰਹੀ ਹੈ ਜਿਸ ਸਦਕਾ ਉਨ੍ਹਾਂ ਬਾਰੇ ਕੁਝ ਕੁ ਚਾਨਣਾ ਹਾਲੇ ਤਕ ਪਾਇਆ ਜਾ ਸਕਦਾ ਹੈ। ਜੋ ਸੱਭਿਅਤਾ ਦੇ ਮਰ ਮੁੱਕ ਜਾਣ ਦੇ ਅਨੁਮਾਨ ਲਾਏ ਗਏ, ਉਹ ਸਨ : 1. ਮੌਸਮ ਵਿੱਚ ਬਹੁਤ ਜ਼ਿਆਦਾ ਤਬਦੀਲੀ; 2. ਲੜਾਈਆਂ; 3. ਸੋਕਾ ਅਤੇ 4. ਲੋਕਾਂ ਦਾ ਦੂਜੀ ਥਾਂ ਕਮਾਈ ਲਈ ਚਲੇ ਜਾਣਾ ਤੇ ਉੱਥੋਂ ਦਾ ਸੱਭਿਆਚਾਰ ਅਪਣਾ ਕੇ ਉੱਥੇ ਦਾ ਹੀ ਬਣ ਕੇ ਰਹਿ ਜਾਣਾ।

ਬਹੁਤੇ ਇਤਿਹਾਸਕਾਰ ਇਸ ਤੱਥ ਨਾਲ ਸਹਿਮਤ ਹਨ ਕਿ ਏਨੀ ਅਗਾਂਹ-ਵਧੂ ਸੱਭਿਅਤਾ ਜੋ ਸੋਕਿਆਂ ਨਾਲ ਲੜੀ, ਖ਼ੁਰਾਕ ਦੀ ਕਮੀ ਕਾਰਨ ਬਹੁਤੇ ਲੋਕਾਂ ਦੇ ਹੋਰ ਥਾਵਾਂ ਵਲ ਚਲੇ ਜਾਣ ਦੇ ਰੁਝਾਨ ਨੂੰ ਵੀ ਬਰਦਾਸ਼ਤ ਕਰਦੀ ਰਹੀ, ਅਖ਼ੀਰ ਲੜਾਈ-ਝਗੜਿਆਂ ਤੋਂ ਔਖੀ ਹੋ ਕੇ ਪੂਰਨ ਰੂਪ ਵਿੱਚ ਉਸ ਥਾਂ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਈ। ਇੱਕ ਗੱਲ ਜੋ ਖਿੱਚ ਪਾਉਂਦੀ ਹੈ, ਉਹ ਹੈ ਇੰਨੀਆਂ ਸਦੀਆਂ ਬਾਅਦ ਵੀ ਜ਼ੁਬਾਨ ਦਾ ਬਚੇ ਰਹਿਣਾ। ਕਾਰਨ ਸੀ-ਬਹੁਗਿਣਤੀ ਲੋਕ ਆਪਣੀ ਜ਼ੁਬਾਨ ਲਿਖਣ ਤੇ ਪੜ੍ਹਨ ਨੂੰ ਤਰਜੀਹ ਦਿੰਦੇ ਰਹੇ। ਪਿੰਡਾਂ ਵਿੱਚ ਇਹ ਜ਼ੁਬਾਨ ਬੋਲਣ ਵਾਲੇ ਬਚੇ ਰਹਿ ਗਏ। ਸ਼ਹਿਰੀ ਤਾਂ ਦੂਜੀਆਂ ਜ਼ੁਬਾਨਾਂ ਵਿੱਚ ਰਚ ਮਿਚ ਗਏ। ਸਿੰਧ ਘਾਟੀ ਦੀ ਸੱਭਿਅਤਾ ਦੀ ਗੱਲ। ਹਜ਼ਾਰਾਂ ਸਾਲ ਪਹਿਲਾਂ ਹੜੱਪਾ ਸੱਭਿਅਤਾ ਨਾਲ ਜੁੜੇ 50 ਲੱਖ ਬੰਦੇ, ਜੋ ਮੌਜੂਦਾ ਭਾਰਤ, ਪਾਕਿਸਤਾਨ, ਇਰਾਨ ਤੇ ਅਫ਼ਗਾਨਿਸਤਾਨ ਜਿੰਨੀ ਥਾਂ ਉੱਤੇ ਫੈਲੇ ਹੋਏ ਸਨ, ਉਸ ਸਮੇਂ ਦੇ ਕਮਾਲ ਦੇ ਘਰ-ਬਾਰ ਬਣਾ ਕੇ ਅਤੇ ਵੱਡੀਆਂ ਦੁਕਾਨਾਂ ਦੀ ਉਸਾਰੀ ਤੋਂ ਇਲਾਵਾ ਪਾਣੀ ਦੀ ਨਿਕਾਸੀ ਦੇ ਵਧੀਆ ਪ੍ਰਬੰਧ ਕਰਨ ਦੇ ਬਾਵਜੂਦ ਲਗਭਗ 3000 ਸਾਲ ਪਹਿਲਾਂ ਸੋਕੇ ਕਾਰਨ ਢਿੱਡ ਭਰਨ ਤੋਂ ਔਖੇ, ਹੋਰ ਥਾਵਾਂ ਵੱਲ ਤੁਰ ਜਾਣ ਨੂੰ ਮਜਬੂਰ ਹੋ ਗਏ। ਖੇਤੀਬਾੜੀ ਵਿੱਚ ਕਈ ਹੋਰ ਚੀਜ਼ਾਂ ਸ਼ਾਮਿਲ ਕੀਤੀਆਂ ਗਈਆਂ ਜਿਨ੍ਹਾਂ ਲਈ ਘੱਟ ਪਾਣੀ ਲੋੜੀਂਦਾ ਸੀ, ਪਰ ਫਿਰ ਵੀ ਮਿੱਟੀ ਦੇ ਸੈਂਪਲ ਦੱਸਦੇ ਹਨ ਕਿ ਪਾਣੀ ਦੀ ਘਾਟ ਹੀ ਅਖ਼ੀਰ ਏਨੀ ਵੱਡੀ ਸੱਭਿਅਤਾ ਨੂੰ ਖ਼ਾਤਮੇ ਵੱਲ ਲੈ ਗਈ। ਜਦੋਂ ਹੇਠਲੀ ਪੱਧਰ ਦੇ ਲੋਕ ਨਿਕਲੇ ਤਾਂ ਵੱਡੇ ਵਪਾਰੀ ਵੀ ਖਾਣ ਪੀਣ ਨੂੰ ਤਰਸਦੇ ਮਹਿੰਗਾਈ ਤੇ ਸੋਕੇ ਨੂੰ ਵੇਖਦੇ ਉਹ ਥਾਂ ਛੱਡ ਗਏ। ਫਿਰ ਰਾਜੇ ਕਿਨ੍ਹਾਂ ਉੱਤੇ ਰਾਜ ਕਰਦੇ? ਅਮੀਰ ਤਬਕਾ ਵੀ ਹੌਲੀ-ਹੌਲੀ ਇਹ ਥਾਂ ਤਿਆਗ ਗਿਆ। ਈਸਟਰ ਸੱਭਿਅਤਾ ਵੀ 700 ਤੋਂ 1200 ਸਾਲ ਤਕ ਵਧਦੀ ਫੁਲਦੀ ਰਹੀ ਤੇ ਅਖ਼ੀਰ ਸਾਰੇ ਦਰੱਖ਼ਤ ਵੱਢਣ, ਪਾਣੀ ਦਾ ਸੋਮਾ ਮੁਕਾਉਣ ਤੇ ਖੇਤੀਬਾੜੀ ਵਿੱਚ ਪਾਣੀ ਦੀ ਘਾਟ ਕਾਰਨ ਹੌਲੀ-ਹੌਲੀ ਅੰਨਦਾਤਿਆਂ ਵੱਲੋਂ ਇਸ ਥਾਂ ਨੂੰ ਤਿਆਗਣ ਸਦਕਾ ਇਹ ਸੱਭਿਅਤਾ ਵੀ ਹੌਲੀ-ਹੌਲੀ ਖ਼ਤਮ ਹੋ ਗਈ। ਤੁਰਕੀ ਵਿੱਚ ਵੀ 9000 ਸਾਲ ਪਹਿਲਾਂ ਦੀ ਸੱਭਿਅਤਾ ਅਜਿਹੇ ਕਾਰਨਾਂ ਕਰ ਕੇ ਖ਼ਤਮ ਹੋ ਗਈ। ਇਲੀਨੋਇ ਵਿਚਲੇ ਮਿੱਸੀਸਿੱਪੀ ਵੀ ਬਹੁਤ ਵਧੀਆ ਕਾਰੀਗਰ ਸਨ। ਖੇਤੀਬਾੜੀ ਤੋਂ ਇਲਾਵਾ, ਭਾਂਡੇ, ਘਰ ਬਾਰ ਤੇ ਵੱਡੇ ਮਕਾਨ ਵੀ ਸਾਲ 600 ਤੋਂ 1400 ਈਸਵੀ ਤਕ ਉਨ੍ਹਾਂ ਨੇ ਸਾਂਭੀ ਰੱਖੇ। ਪਰ, ਅਖ਼ੀਰ ਕੰਮ ਕਾਰ ਦੀ ਤਲਾਸ਼ ਵਾਸਤੇ ਨੌਜਵਾਨ ਤਬਕਾ ਹੋਰ ਥਾਈਂ ਨਿਕਲ ਗਿਆ। ਪਾਣੀ ਦੀ ਘਾਟ ਤੇ ਬਿਮਾਰੀਆਂ ਕਰਕੇ 40,000 ਲੋਕਾਂ ਨੂੰ ਇਹ ਥਾਂ ਹਮੇਸ਼ਾਂ ਲਈ ਛੱਡਣ ਉੱਤੇ ਮਜਬੂਰ ਕਰ ਗਈ।

ਇਨ੍ਹਾਂ ਤੋਂ ਇਲਾਵਾ ਵੀ ਬਹੁਤ ਹੋਰ ਸੱਭਿਅਤਾਵਾਂ ਹਨ ਜੋ ਖ਼ਤਮ ਹੋਈਆਂ, ਉਨ੍ਹਾਂ ਦੇ ਵੱਡੇ ਕਾਰਨ ਇਹੋ ਲੱਭੇ ਗਏ ਹਨ : ਸੋਕਾ ਤੇ ਧਰਤੀ ਹੇਠਲੇ ਪਾਣੀ ਦੀ ਕਮੀ; ਬਿਮਾਰੀਆਂ; ਹੋਰ ਥਾਵਾਂ ਵੱਲ ਕੰਮ ਕਾਰ ਦੀ ਭਾਲ ਵਾਸਤੇ ਚਲੇ ਜਾਣਾ; ਮੌਸਮ ਦੀ ਤਬਦੀਲੀ ਅਤੇ ਕੁਦਰਤੀ ਕਹਿਰ।

ਧਿਆਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਸਿਰਫ਼ ਉਸ ਸੱਭਿਅਤਾ ਦੀ ਜ਼ੁਬਾਨ ਬਚੀ ਹੈ ਜਿਸ ਵਿੱਚ ਹੇਠਲੇ ਪੱਧਰ ਦੇ ਲੋਕ, ਕਾਰੀਗਰ ਜਾਂ ਖੇਤੀਬਾੜੀ ਨਾਲ ਜੁੜੇ ਲੋਕਾਂ ਨੇ ਇਸ ਜ਼ੁਬਾਨ ਨੂੰ ਬੋਲਣਾ ਜਾਰੀ ਰੱਖਿਆ ਅਤੇ ਥਾਂ ਬਦਲਣ ਤੋਂ ਬਾਅਦ ਵੀ ਇੱਕ ਗੁੱਟ ਵਿੱਚ ਜੁੜੇ ਰਹਿ ਕੇ ਆਪਸੀ ਸਾਂਝ ਬਣਾਈ ਰੱਖੀ। ਯਾਨੀ ਰਹਿਣ ਸਹਿਣ ਬਦਲਣ ਬਾਅਦ ਵੀ ਬੱਚਿਆਂ ਨਾਲ ਤੇ ਰਿਸ਼ਤੇਦਾਰੀ ਨਾਲ ਸੱਭਿਆਚਾਰ ਤੇ ਜ਼ੁਬਾਨ ਦੀ ਸਾਂਝ ਦੀ ਤੰਦ ਟੁੱਟਣ ਨਾ ਦਿੱਤੀ। ਅਮੀਰ ਤਬਕਾ ਤੇ ਪੜ੍ਹੇ ਲਿਖੇ ਨੌਜਵਾਨ ਆਪਣੀ ਮਾਂ ਬੋਲੀ ਨੂੰ ਤਿਲਾਂਜਲੀ ਦੇ ਕੇ ਹਮੇਸ਼ਾਂ ਲਈ ਕਿਸੇ ਹੋਰ ਸੱਭਿਅਤਾ ਵਿੱਚ ਗੁੰਮ ਹੋ ਗਏ।

ਬਾਕੀ ਸਾਰੀਆਂ ਸੱਭਿਅਤਾਵਾਂ ਥਾਂ ਦੀ ਤਬਦੀਲੀ ਨਾਲ ਰਹਿਣ ਸਹਿਣ ਦਾ ਢੰਗ ਬਦਲ ਕੇ ਦੂਜੀ ਸੱਭਿਅਤਾ ਨੂੰ ਪੂਰੀ ਤਰ੍ਹਾਂ ਅਪਣਾ ਕੇ, ਆਪਣਾ ਅਸਲ ਰੂਪ, ਜ਼ੁਬਾਨ ਤੇ ਸੱਭਿਆਚਾਰ ਦਾ ਭੋਗ ਪਾ ਗਈਆਂ। ਉਨ੍ਹਾਂ ਸਾਰੇ ਥਾਂ ਤਬਦੀਲ ਕਰ ਕੇ ਜਾਣ ਵਾਲਿਆਂ ਨੇ ਦੂਜਾ ਸੱਭਿਆਚਾਰ ਤੇ ਜ਼ੁਬਾਨ ਅਪਣਾਈ ਅਤੇ ਉਨ੍ਹਾਂ ਦੇ ਬੱਚਿਆਂ ਨੇ ਅੱਗੋਂ ਆਪਣੀ ਮਾਂ ਬੋਲੀ ਦੇ ਅੱਧੇ ਸ਼ਬਦ ਛੱਡ ਕੇ ਦੂਜੀ ਸੱਭਿਅਤਾ ਦੇ ਸ਼ਾਮਲ ਕੀਤੇ ਤੇ ਤੀਜੀ ਪੁਸ਼ਤ ਤਕ ਜ਼ੁਬਾਨ ਹੌਲੀ-ਹੌਲੀ ਦਫ਼ਨ ਹੋ ਗਈ। ਉਸ ਵਿੱਚ ਨਾਂ ਤਾਂ ਅੱਗੋਂ ਸਾਹਿਤ ਰਚਿਆ ਗਿਆ ਤੇ ਨਾ ਹੀ ਕੋਈ ਪੜ੍ਹਨ ਵਾਲਾ ਬਚਿਆ। ਉਨ੍ਹਾਂ ਦੀ ਜ਼ੁਬਾਨ ਬੋਲਣ ਵਾਲਿਆਂ ਦਾ ਖੁਰਾ ਖੋਜ ਹੁਣ ਇਸ ਧਰਤੀ ਉੱਤੇ ਨਹੀਂ ਮਿਲਦਾ। ਸਿਰਫ਼ ਖੰਡਰ ਹੀ ਬਚੇ ਹਨ।

ਪੰਜਾਬ ਅੰਦਰ ਝਾਤ ਮਾਰੀਏ ਤਾਂ ਪੁਰਾਣੇ ਸਮੇਂ ਤੋਂ ਹੁਣ ਤਕ ਇਸ ਦੇ ਇੰਨੇ ਟੋਟੇ ਹੋ ਚੁੱਕੇ ਹਨ ਕਿ ਆਕਾਰ ਵਜੋਂ ਇਹ ਬਹੁਤ ਛੋਟਾ ਰਹਿ ਗਿਆ ਹੈ। ਇਸ ਦੀ ਸੱਭਿਅਤਾ ਉੱਤੇ ਅਸਰ ਪਿਆ ਗੁਰੂਆਂ, ਪੀਰਾਂ, ਪੈਗੰਬਰਾਂ ਦੀਆਂ ਸਿੱਖਿਆਵਾਂ ਦਾ। ਮਨੁੱਖ ਨੂੰ ਉੱਚਾ ਆਚਰਣ ਰੱਖ ਕੇ, ਹੱਕ ਹਲਾਲ ਦੀ ਕਮਾਈ ਕਰਨ, ਦੂਜਿਆਂ ਦਾ ਹੱਕ ਨਾ ਮਾਰਨ, ਪਿਆਰ ਮੁਹੱਬਤ ਦੀਆਂ ਧੁਨਾਂ, ਔਰਤ ਦਾ ਸਤਿਕਾਰ, ਬੱਚਿਆਂ ਦਾ ਮਾਪਿਆਂ ਦੇ ਆਖੇ ਲੱਗਣਾ, ਖੁੱਲ੍ਹਾ ਡੁੱਲ੍ਹਾ ਸੁਭਾਅ, ਮਹਿਮਾਨ ਦਾ ਸਤਿਕਾਰ, ਖੁੱਲ੍ਹਾ ਖਾਣਾ, ਵੰਡ ਕੇ ਖਾਣਾ ਤੇ ਕਿਸੇ ਇੱਕ ਦੇ ਘਰ ਦੇ ਵਿਆਹ ਵੇਲੇ ਪੂਰੇ ਪਿੰਡ ਵੱਲੋਂ ਜਸ਼ਨ ਮਨਾਉਣਾ ਆਦਿ ਅੰਗ ਪੰਜਾਬੀ ਸੱਭਿਅਤਾ ਦੇ ਅਹਿਮ ਅੰਸ਼ ਰਹੇ ਹਨ। ਕੀ ਇਹ ਸਾਰੇ ਤੱਤ ਪੰਜਾਬੀ ਸੱਭਿਅਤਾ ਦੇ ਵਿਗਾੜ ਤੇ ਵਿਨਾਸ਼ ਵੱਲ ਇਸ਼ਾਰਾ ਨਹੀਂ ਕਰ ਰਹੇ? ਇਹੋ ਜਿਹੀਆਂ ਅਨੇਕ ਤਬਦੀਲੀਆਂ ਜੋ ਕਾਫ਼ੀ ਸਮੇਂ ਤੋਂ ਲਗਾਤਾਰ ਦਿਸ ਰਹੀਆਂ ਹਨ, ਇਹ ਸਪੱਸ਼ਟ ਕਰ ਰਹੀਆਂ ਹਨ ਕਿ ਪੰਜਾਬੀ ਸੱਭਿਅਤਾ ਨੂੰ ਸੰਭਾਲ ਦੇ ਰੱਖਣ ਵਾਲੇ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ। ਜੇ ਇਹੀ ਹਾਲ ਰਿਹਾ ਤਾਂ ਪੰਜਾਬੀਆਂ ਦੀ ਗਿਣਤੀ ਪੰਜਾਬ ਅੰਦਰੋਂ ਘੱਟ ਕੇ ਹੋਰਨਾਂ ਮੁਲਕਾਂ ਵਿੱਚ ਵੱਧ ਹੋ ਜਾਵੇਗੀ ਤੇ ਪਾਣੀ ਵਿਹੂਣਾ, ਕੈਂਸਰ ਪੀੜਤ, ਨਸ਼ੇ ਦੀ ਮਾਰ ਝੱਲਦਾ ਪੰਜਾਬ ਆਪਣੀ ਮਾਤ ਭਾਸ਼ਾ ਨੂੰ ਤਿਲ-ਤਿਲ ਮਰਦਾ ਵੇਖ ਹੌਲੀ-ਹੌਲੀ ਇਸ ਨਾਲ ਜੁੜੀ ਸੱਭਿਅਤਾ ਦਾ ਅੰਤ ਵੀ ਵੇਖ ਲਵੇਗਾ ਕਿਉਂਕਿ ਕੁੱਖਾਂ ਖ਼ਤਮ ਕਰ ਕੇ ਪੰਜਾਬੀਆਂ ਦਾ ਜੀਨ ਵੀ ਸਾਬਤ ਨਹੀਂ ਬਚਣ ਲੱਗਿਆ।

ਉਹ ਸੱਭਿਆਤਾਵਾਂ, ਜੋ ਖ਼ਤਮ ਹੋ ਗਈਆਂ, ਵਿੱਚੋਂ ਲੱਭੇ ਕਾਰਨ ਅੱਜ ਸਾਨੂੰ ਅਗਾਊਂ ਖ਼ਤਰਿਆਂ ਬਾਰੇ ਸਪੱਸ਼ਟ ਕਰ ਰਹੇ ਹਨ। ਮੌਜੂਦਾ ਵਿਗੜੇ ਹਾਲਾਤ ਜੇ ਵੇਲੇ ਸਿਰ ਨਾ ਸੰਭਾਲੇ ਗਏ ਤਾਂ ਅਗਲੇ 50 ਸਾਲ ਪੰਜਾਬੀ ਸੱਭਿਅਤਾ ਤੇ ਜ਼ੁਬਾਨ ਉੱਤੇ ਭਾਰੇ ਸਾਬਤ ਹੋਣਗੇ।

# ਬੰਦ ਅੱਖਾਂ ਨਾਲ ਇਹ 15 ਸਾਲਾ ਬੱਚਾ ਕਰਦਾ ਹੈ ਹੈਰਾਨੀਜਨਕ ਕੰਮ



ਗੁਜਰਾਤ ਦੇ ਭਾਵਨਗਰ ਵਿਚ ਰਹਿਣ ਵਾਲੇ 15 ਸਾਲ ਦੇ ਜੀਤ ਤ੍ਰਿਵੇਦੀ ਆਪਣੇ ਇਕ ਹੈਰਾਨੀਜਨਕ ਕਾਰਨਾਮੇ ਨੂੰ ਲੈ ਕੇ ਅਕਸਰ ਚਰਚਾ ਵਿਚ ਰਹਿੰਦਾ ਹੈ। ਉਹ ਸੋਸ਼ਲ ਮੀਡੀਆ ਤੇ ਵੀ ਅਕਸਰ ਛਾਇਆ ਰਹਿੰਦਾ ਹੈ।ਜੀਤ ਤ੍ਰਿਵੇਦੀ ਵੈਸੇ ਤਾਂ ਆਮ ਬੱਚਿਆਂ ਵਾਗ ਹੈ ਪਰ ਅੱਖਾਂ ਦੇ ਮਾਮਲੇ ਵਿਚ ਉਹ ਸਭ ਤੋਂ ਅਲੱਗ ਹੈ। ਉਹ ਬੰਦ ਅੱਖਾਂ ਨਾਲ ਸਾਰੇ ਕੰਮ ਕਰਦਾ ਹੈ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਜੀਤ ਅੱਖਾਂ ਤੇ ਪੱਟੀ ਬੰਨ੍ਹ ਕੇ ਆਸਾਨੀ ਨਾਲ ਪੜ੍ਹਨ-ਲਿਖਣ ਅਤੇ ਖ਼ੂਬਸੂਰਤ ਪੇਟਿੰਗ ਵੀ ਕਰਦਾ ਹੈ। ਇੰਨਾ ਹੀ ਨਹੀਂ ਉਹ ਅੱਖਾਂ ਤੇ ਪੱਟੀ ਬੰਨ੍ਹ ਕੇ ਗੱਡੀ ਚਲਾਉਣ, ਸੂਈ ਨਾਲ ਧਾਗਾ ਪਾਉਣ ਅਤੇ ਸ਼ਤਰੰਜ ਵੀ ਖੇਡਦਾ ਹੈ। ਜਿਸ ਕਰਕੇ ਅਕਸਰ ਲੋਕ ਉਸ ਨੂੰ ਕੁਦਰਤੀ ਦੀ ਦਿੱਤੀ ਐਕਸ ਰੇਅ ਸ਼ਕਤੀ ਮੰਨਦੇ ਹਨ, ਇਸੇ ਕਰਕੇ ਬੰਦ ਅੱਖਾਂ ਨਾਲ ਇਹ ਸਾਰੇ ਕੰਮ ਕਾਫੀ ਚੰਗੇ ਤਰੀਕੇ ਨਾਲ ਕਰ ਲੈਂਦਾ ਹੈ। ਜੀਤ ਲੇਹ ਤੋਂ ਖਾਰ ਦੂੰਗ ਲਾ ਤੱਕ ਕਰੀਬ 40 ਕਿਲੋਮੀਟਰ ਬਲਾਈਂਡ ਫੋਲਡਡ ਸਕੂਟਰ ਚਲਾ ਕੇ ਵੀ ਇਕ ਸ਼ਾਨਦਾਰ ਰਿਕਾਰਡ ਬਣਾ ਚੁੱਕਾ ਹੈ। ਜੀਤ ਦੇ ਇਸ ਕਾਰਨਾਮੇ ਨੂੰ ਦੇਖਣ ਲਈ ਅਕਸਰ ਉਸਦੇ ਘਰ ਲੋਕਾਂ ਦੀ ਭੀੜ ਲੱਗੀ ਰਹਿੰਦੀ ਹੈ। ਜੀਤ ਦੇ ਪਰਿਵਾਰ ਵਾਲੇ ਕਹਿੰਦੇ ਹਨ ਕਿ ਉਹਨਾਂ ਦਾ ਬੇਟਾਂ ਬਚਪਨ ਤੋਂ ਹੀ ਅਜਿਹੇ ਕਾਰਨਾਮੇ ਕਰਨ ਦਾ ਸ਼ੌਕੀਨ ਹੈ। ਉਥੇ ਹੀ ਜੀਤ ਦੇ ਟੀਚਰ ਭਰਤ ਪਟੇਲ ਦਾ ਕਹਿਣਾ ਹੈ ਕਿ ਇਹ ਸਭ ਉਹ ਅਲੱਗ ਅਲੱਗ ਕਿਸਮ ਦੀਆਂ ਕਸਰਤਾਂ ਦੇ ਕਾਰਨ ਕਰਦਾ ਹੈ। ਕਸਰਤਾਂ ਦੇ ਕਾਰਨ ਉਹ ਅੱਖਾਂ ਤੇ ਪੱਟੀ ਬੰਨ੍ਹ ਕੇ ਵੀ ਸਾਹਮਣੇ ਵਾਲੇ ਦੀ ਹਲਚਲ ਅਤੇ ਚੀਜ਼ਾਂ ਬਾਰੇ ਆਸਾਨੀ ਨਾਲ ਜਾਣ ਲੈਂਦਾ ਹੈ। ਉਹ ਇਹਨਾਂ ਚੀਜ਼ਾਂ ਨੂੰ ਬੜੇ ਆਨੰਦ ਨਾਲ ਕਰਦਾ ਹੈ।

# ਦੁਨੀਆਂ ਦੀ ਸਭ ਤੋਂ ਉਚੀ ਲਿਫਟ

## 92 ਸਕਿੰਟ ਵਿਚ ਪਹੁੰਚ ਜਾਓਗੇ ਉਪਰ



ਦੁਨੀਆ ਵਿਚ ਅੱਜ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ। ਚੀਨ ਵੀ ਆਪਣੇ ਨਵੇਂ-ਨਵੇਂ ਕਿਾਸ ਨਾਲ ਇਸ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਚੀਨ ਵਿਚ ਬਣੀ ਦੁਨੀਆਂ ਦੀ ਸਭ ਤੋਂ ਉਚੀ ਲਿਫਟ ਚਰਚਾ ਦਾ ਵਿਸ਼ਾ ਹੈ। ਮੰਨਿਆ ਜਾਂਦਾ ਹੈ ਕਿ ਚੀਨ ਦੇ ਹੂਨਾਨ ਸੂਬੇ ਦੀ ਬਾਈਲਾਂਗ ਐਲੀਵੇਟਰ ਦੁਨੀਆਂ ਦੀ ਸਭ ਤੋਂ ਉਚੀ ਆਊਟਡੋਰ ਲਿਫਟ ਹੈ। ਇਸਦੀ ਉਚਾਈ 326 ਮੀਟਰ ਤੋਂ ਉਪਰ ਯਾਨਿ ਕਿ ਕਰੀਬ ਇਕ ਹਜ਼ਾਰ ਫੁੱਟ ਤੋਂ ਵੀ ਜ਼ਿਆਦਾ ਹੈ। ਇਸਦੀ ਚੱਲਣ ਦੀ ਸਮਰੱਥਾ ਵੀ ਕਾਫੀ ਤੇਜ਼ ਹੈ। ਇਹ ਹੇਠਾਂ ਤੋਂ ਉਪਰ ਸਿਰਫ 92 ਸਕਿੰਟ ਵਿਚ ਪਹੁੰਚ ਜਾਂਦੀ ਹੈ। ਇਸਨੂੰ ਬਣਾਉਣ ਵਿਚ ਸੁਰੱਖਿਆ ਦਾ ਖਾਸ ਖਿਆਲ ਰੱਖਿਆ ਗਿਆ ਹੈ। ਇਸ ਲਿਫਟ 'ਤੇ ਤਿੰਨ ਡਬਲ ਡੈਕ ਐਲੀਵੇਟਰ ਲੱਗੇ ਹਨ। ਸਭ ਤੋਂ ਖਾਸ ਗੱਲ ਤਾਂ ਇਹ ਹੈ ਕਿ ਇਸ ਵਿਚ ਲੱਗੇ ਇਹਨਾਂ ਐਲੀਵੇਟਰਾਂ ਦੀ ਭਾਰ ਸਹਿਣ ਕਰਨ ਦੀ ਸਮਰੱਥਾ 4900 ਕਿਲੋਗ੍ਰਾਮ ਹੈ। ਇਹ ਲਿਫਟ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਦੁਨੀਆਂ ਦੀ ਸਭ ਤੋਂ ਉਚੀ ਆਊਟਡੋਰ ਲਿਫਟ ਦੇ ਰੂਪ ਵਿਚ ਸ਼ਾਮਲ ਹੋ ਚੁੱਕੀ ਹੈ। ਇਹ ਲਿਫਟ ਲੋਕਾ ਨੂੰ ਜ਼ਮੀਨ ਤੋਂ ਇਕ ਪਹਾੜੀ ਦੀ ਚੋਟੀ ਤੱਕ ਲਿਜਾਣ ਦਾ ਕੰਮ ਕਰਦੀ ਹੈ। ਇਸ ਦੌਰਾਨ ਇੱਥੇ ਦਿੱਸਣ ਵਾਲੀ ਪ੍ਰਕਿਰਤੀ ਦੇ ਨਜ਼ਰੇ ਵੀ ਖ਼ੂਬਸੂਰਤ ਲੱਗਦੇ ਹਨ। ਲੋਕਾਂ ਵਿਚ ਇਸਦਾ ਕਾਫੀ ਆਕਰਸ਼ਣ ਹੈ।

# ਭੁੱਖੇ ਹਾਥੀ ਨੇ ਟਰੱਕ ਰੋਕਿਆ, ਆਲੂ ਖਾਧੇ ਅਤੇ ਜਾਣ ਦਿੱਤਾ

ਜਨਾਬ ਮਾਮਲਾ ਬੰਗਾਲ ਦਾ ਹੈ। ਪੱਛਮੀ ਬੰਗਾਲ ਦੇ ਗੜਬੇਟਾ ਜੰਗਲ ਵਿਚ ਹਾਥੀ ਬਹੁਤ ਪਾਏ ਜਾਂਦੇ ਹਨ। ਇੱਥੇ ਨੈਸ਼ਨਲ ਹਾਈਵੇ ਤੇ ਜੰਗਲ ਵਿਚਕਾਰੋਂ ਦੀ ਸੜਕ ਲੰਘਦੀ ਹੈ। ਇਕ ਹਾਥੀ ਨੂੰ ਜਦੋਂ ਭੁੱਲ ਲੱਗੀ ਤਾਂ ਖਾਣਾ ਲੱਭਣ ਹਾਈਵੇ ਤੇ ਪਹੁੰਚ ਗਿਆ। ਹਾਈਵੇ ਤੇ ਬਹੁਤ ਸਾਰੇ ਵਹੀਕਲ ਲੰਘ ਰਹੇ ਸਨ ਪਰ ਹਾਥੀ ਨੇ ਸਿਰਫ ਉਸ ਟਰੱਕ ਨੂੰ ਰੋਕਿਆ ਜੋ ਆਲੂਆਂ ਦਾ ਭਰਿਆ ਸੀ। ਆਲੂ ਦੀ ਮਹਿਕ ਸੁੰਘ ਕੇ ਹਾਥੀ ਨੂੰ ਪਤਾ ਲੱਗ ਗਿਆ ਕਿ ਟਰੱਕ ਵਿਚ ਖਾਣ ਵਾਲੀ ਚੀਜ਼ ਹੈ।



ਹਾਥੀ ਦੇ ਅਚਾਨਕ ਹਾਈਵੇ ਤੇ ਆ ਜਾਣ ਕਾਰਨ ਸਮੱਸਿਆ ਆ ਗਈ। ਹਾਥੀ ਨੇ ਜਿਵੇਂ ਹੀ ਟਰੱਕ ਨੂੰ ਰੋਕਿਆ ਡ੍ਰਾਈਵਰ ਦੇ ਚਿਹਰੇ ਦੀਆਂ ਹਵਾਈਆਂ ਉਡ ਗਈਆਂ। ਹਾਥੀ ਨੂੰ ਰੋਕਣ ਲਈ ਪਟਾਕੇ ਅਤੇ ਧੂੰਆ ਵੀ ਕੀਤਾ ਪਰ ਉਹ ਨਹੀਂ ਹਿੱਲਿਆ।

ਨੈਸ਼ਨਲ ਹਾਈਵੇ ਤੇ ਲੰਘਦੇ ਹੋਰ ਟਰੱਕ ਡਰਾਈਵਰ ਇਸ ਨੂੰ ਆਪਣੇ ਕੈਮਰੇ ਵਿਚ ਰਿਕਾਰਡ ਕਰ ਰਹੇ ਸਨ। ਹਾਥੀ ਨੇ ਪਹਿਲਾਂ ਰੱਜ ਕੇ ਆਲੂ ਖਾਧੇ ਅਤੇ ਇਸ ਤੋਂ ਬਾਅਦ ਟਰੱਕ ਨੂੰ ਉਥੋਂ ਜਾਣ ਦਿੱਤਾ। ਹਾਥੀ ਨੂੰ ਭਜਾਉਣ ਲਈ ਉਸਦੇ ਪੈਰਾਂ ਤੇ ਪਟਾਕੇ ਅਤੇ ਧੂੰਆ ਛੱਡਿਆ। ਭੁੱਖ ਕਾਰਨ ਉਸ ਨੇ ਕਿਸੇ ਦੀ ਪਰਵਾਹ ਨਾ ਕੀਤੀ। ਜਦੋਂ ਤੱਕ ਉਸਨੇ ਰੱਜ ਕੇ ਆਲੂ ਨਾ ਖਾ ਲਏ, ਉਹ ਹਿੱਲਿਆ ਨਹੀਂ। ਜੰਗਲ ਵਿਚਕਾਰੋਂ ਲੰਘਦੇ ਟਰੱਕ ਉਥੇ ਹਾਰਨ ਵਜਾਉਂਦੇ ਨਿਕਲੇ, ਜਿਸ ਕਾਰਨ ਜੰਗਲੀ ਜਾਨਵਰਾਂ ਨੂੰ ਤਾਂ ਦਿੱਕਤ ਹੋਈ। ਪਹਿਲਾਂ ਵੀ ਹਾਥੀ ਹਾਈਵੇ ਤੇ ਆ ਜਾਂਦੇ ਹਨ, ਇਸ ਤੋਂ ਪਹਿਲਾਂ ਵੀ ਕਈ ਵਾਰ ਹਾਥੀਆਂ ਦਾ ਝੂੰਡ ਹਾਈਵੇ ਤੇ ਜਾ ਕੇ ਤੋੜ ਭੰਨ ਕਰ ਚੁੱਕਾ ਹੈ।

# ਮੁੱਠੀ ਵਿਚ ਅੰਡਾ ਲੈ ਕੇ ਭੰਨ ਦਿੱਤੇ 29 ਕੇਨ, ਅੰਡਾ ਵੀ ਸਲਾਮਤ



ਸੋਸ਼ਲ ਮੀਡੀਆ ਵਿਚ ਅੱਜਕਲ੍ਹ ਇਕ ਪਾਕਿਸਤਾਨ ਦਾ ਇਕ ਲੜਕਾ ਕਾਫੀ ਛਾਇਆ ਹੋਇਆ ਹੈ। ਪਾਕਿਸਤਾਨ ਅਕੈਡਮੀ ਆਫ ਮਾਰਸ਼ਲ ਆਰਟਸ ਦੇ ਸੰਸਥਾਪਕ ਅਤੇ ਪ੍ਰਧਾਨ ਮੁਹੰਮਦ ਰਾਸ਼ਿਦ ਦੇ ਕਾਰਨਾਮੇ ਨੂੰ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਸ਼ਾਮਲ ਕੀਤਾ ਗਿਆ ਹੈ। ਕਰਾਚੀ ਵਿਚ ਰਹਿਣ ਵਾਲੇ ਰਾਸ਼ਿਦ ਨੇ ਹੱਥ ਵਿਚ ਅੰਡੇ ਨੂੰ ਰੱਖ ਕੇ 30 ਸਕਿੰਟ ਦੇ ਅੰਦਰ ਸਭ ਤੋਂ ਜ਼ਿਆਦਾ ਡ੍ਰਿੰਕ ਕੇਨ ਤੋੜਨ ਦਾ ਰਿਕਾਰਡ ਬਣਾਇਆ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਸ ਦੌਰਾਨ ਉਸਦੇ ਹੱਥ ਵਿਚ ਰੱਖਿਆ ਅੰਡਾ ਵੀ ਸਹੀ ਸਲਾਮਤ ਰਿਹਾ। ਰਾਸ਼ਿਦ ਨੇ ਇਸ ਦੌਰਾਨ 29 ਕੇਨ ਤੋੜੇ।

ਮੁਹੰਮਦ ਰਾਸ਼ਿਦ ਨੇ ਮੁੱਠੀ ਵਿਚ ਅੰਡਾ ਲੈ ਕੇ ਕੇਨ ਨੂੰ ਤੋੜਨ ਦਾ ਕਾਰਨਾਮਾ ਕੀਤਾ, ਜਿੰਨੇ ਦਬਾਅ ਨਾਲ ਉਹਨਾਂ ਨੇ ਕੇਨ ਨੂੰ ਤੋੜਿਆ ਮੁੱਠੀ ਵਿਚ ਅੰਡੇ ਦਾ ਬਚਣਾ ਅਸੰਭਵ ਸੀ। ਉਹਨਾਂ ਨੇ ਮੁੱਠੀ ਵਿਚ ਰੱਖੇ ਅੰਡੇ ਨੂੰ ਬਚਾ ਕੇ ਸਾਰੇ ਕੇਨ ਆਸਾਨੀ ਨਾਲ ਤੋੜਨ ਦੀ ਅਨੋਖੀ ਉਪਲਬਧੀ ਹਾਸਲ ਕੀਤੀ। ਰਾਸ਼ਿਦ ਦੇ ਨਾਂ ਹੋਰ ਵੀ ਕਈ ਉਪਲਬਧੀਆਂ ਹਨ। ਰਾਸ਼ਿਦ ਨੇ ਇਸ ਤੋਂ ਪਹਿਲਾਂ ਇਕ ਮਿੰਟ ਵਿਚ ਕੂਹਣੀ ਨਾਲ ਸਭ ਤੋਂ ਜ਼ਿਆਦਾ ਡ੍ਰਿੰਕ ਕੇਨ ਤੋੜਨ ਦੇ ਨਾਲ ਨਾਲ 1 ਮਿੰਟ ਵਿਚ ਸਿਰ ਦੇ ਸਹਾਰੇ ਬੋਤਲ ਨਾਲ ਸਭ ਤੋਂ ਜ਼ਿਆਦਾ ਕੈਪ ਕੱਢਣ ਦਾ ਰਿਕਾਰਡ ਵੀ ਆਪਨਾ ਨਾਂ ਕੀਤਾ ਹੈ। ਇਕ ਮਿੰਟ ਵਿਚ ਸਿਰ ਦੇ ਸਹਾਰੇ ਸਭ ਤੋਂ ਜ਼ਿਆਦਾ ਕੱਚੀ ਨਾਰੀਅਲ ਤੋੜਨ ਦੀ ਵੀ ਉਪਲਬਧੀ ਉਹ ਹਾਸਲ ਕਰ ਚੁੱਕਾ ਹੈ।

# ਗਧਿਆਂ ਦੀ ਹੋ ਰਹੀ ਹੈ ਸਮਗਲਿੰਗ



ਦੱਖਣੀ ਅਫਰੀਕਾ ਵਿਚ ਇਕ ਅਜੀਬੋ ਗਰੀਬ ਮਾਮਲਾ ਸਾਹਮਣੇ ਆਇਆ ਹੈ, ਹੁਣ ਉਥੋਂ ਦੀ ਪੁਲਿਸ ਨੇ ਗਧਿਆਂ ਨੂੰ ਲਗਜ਼ਰੀ ਕਾਰ ਨਦੀ ਪਾਰ ਕਰਕੇ ਜਿੰਮਬਾਵੇ ਵਿਚ ਸਮਗਲਿੰਗ ਕਰਕੇ ਲਿਜਾਂਦੇ ਪਕੜਿਆ ਹੈ। ਹਾਲਾਂਕਿ ਸਮਗਲਿੰਗ ਕਰਨ ਦੀ ਇਹ ਕੋਸ਼ਿਸ਼ ਨਾਕਾਮ ਕਰ ਦਿੱਤੀ ਗਈ ਹੈ। ਦੱਖਣੀ ਅਫਰੀਕਾ ਦੀ ਪੁਲਿਸ ਦਾ ਕਹਿਣਾ ਹੈ ਕਿ ਪੁਲਿਸ ਦੇ ਹਮਲੇ ਨੂੰ ਦੇਖ ਕੇ ਕਾਰ ਵਿਚ ਸਮਗਲਿੰਗ ਕਰਨ ਵਾਲੇ ਸ਼ੱਕੀ ਚੋਰ ਜਿੰਮਬਾਵੇ ਭੱਜ ਗਏ ਹਨ। ਵੈਸੇ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਅਜਿਹੀ ਕੋਈ ਘਟਨਾ ਹੋਈ ਹੈ। ਇਸ ਤੋਂ ਪਹਿਲਾਂ ਵੀ ਪਿਛਲੇ ਸਾਲ ਦਸੰਬਰ ਵਿਚ ਡਰਬਨ ਸ਼ਹਿਰ ਤੋਂ ਚੋਰੀ ਕਰਕੇ ਇਕ ਕਾਰ ਨੂੰ ਇਸ ਨਦੀ ਤੋਂ ਬਰਾਮਦ ਕੀਤਾ ਗਿਆ ਸੀ। ਇਸ ਕਾਰ ਨੂੰ ਵੀ ਗਧਿਆਂ ਦੀ ਮਦਦ ਨਾਲ ਨਦੀ ਪਾਰ ਲਿਜਾਇਆ ਗਿਆ ਸੀ। ਫਿਲਹਾਲ ਸਥਾਨਕ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹੁਣ ਤੱਕ ਪਤਾ ਨਹੀਂ ਲੱਗਿਆ ਕਿ ਇਸ ਤਰੀਕੇ ਨਾਲ ਕਿਹੜਾ ਅਪਰਾਧਿਕ ਗਿਰੋਹ ਸਰਗਰਮ ਹੈ।

# ਜਹਾਜ਼ ਵਿਚ ਸ਼ਹਿਦ ਦੀਆਂ ਮੱਖੀਆਂ ਦਾ ਹਮਲਾ

ਛੋਟਾ ਜਿਹਾ ਜੀਵ ਕਿੰਨਾ ਵੱਡਾ ਨੁਕਸਾਨ ਕਰ ਸਕਦਾ ਹੈ। ਇਸਦਾ ਅੰਦਾਜ਼ਾ ਇਕ ਹਫਤੇ ਪਹਿਲਾਂ ਹੋਇਆ। ਜਦੋਂ ਸ਼ਹਿਦ ਦੀਆਂ ਮੱਖੀਆਂ ਦੇ ਇਕ ਝੁੰਡ ਨੇ ਅਚਾਨਕ ਹਵਾਈ ਜਹਾਜ਼ ਤੇ ਹਮਲਾ ਬੋਲ ਦਿੱਤਾ। ਇਹ ਘਟਨਾ 26 ਜੁਲਾਈ ਦੀ ਹੈ। ਅਲਾਇੰਸ ਏਅਰਦੀ ਫਲਾਈਟ ਹੈਦਰਾਬਾਦ ਤੋਂ ਪੁਣੇ ਦੀ ਉਡਾਣ ਭਰਨ ਲਈ ਤਿਆਰ ਸੀ। ਪਾਇਲਟ ਜਹਾਜ਼ ਨੂੰ ਉਡਾਉਣ ਹੀ ਵਾਲਾ ਸੀ ਕਿ ਅਚਾਨਕ ਰਨ ਵੇਅ ਤੇ ਸ਼ਹਿਦ ਦੀਆਂ ਮੱਖੀਆਂ ਦਾ ਝੁੰਡ ਦਿਖਾਈ ਦਿੱਤਾ। ਇਹ ਮੱਖੀਆਂ ਸਿੱਧੀਆਂ ਵਿੰਡ ਸਕ੍ਰੀਨ ਤੇ ਚਿੰਬੜ ਗਈਆਂ, ਜਿਸ ਕਾਰਨ ਪਾਇਲਟ ਨੂੰ ਕੁਝ ਵੀ ਦਿਖਾਈ ਨਾ ਦਿੱਤਾ। ਮਜਬੂਰਨ ਉਸਨੂੰ ਫਲਾਈਟ ਰੋਕਣੀ ਪਈ।



ਇਸ ਫਲਾਈਟ ਵਿਚ 65 ਯਾਤਰੀ ਸਵਾਰ ਸਨ। ਪਾਇਲਟ ਨੇ ਸਾਰੇ ਯਾਤਰੀਆਂ ਦੀ ਜਾਨ ਖਤਰੇ ਵਿਚ ਨਾ ਪਾਉਂਦੇ ਹੋਏ ਫਲਾਈਟ ਨੂੰ ਉਦੋਂ ਤੱਕ ਰੋਕੀ ਰੱਖਿਆ, ਜਦੋਂ ਤੱਕ ਮੱਖੀਆਂ ਉਡ ਨਾ ਗਈਆਂ। ਕੁਝ ਯਾਤਰੀਆਂ ਨੇ ਇਸਦੀ ਇਕ ਵੀਡੀਓ ਵੀ ਬਣਾ ਲਈ ਸੀ। ਜਿਸ ਤੋਂ ਸਾਫ ਸਾਫ ਨਜ਼ਰ ਆ ਰਿਹਾ ਸੀ ਕਿ ਮੱਖੀਆਂ ਜਹਾਜ਼ ਦੇ ਫਿਊਲ ਟੈਂਕ ਦੇ ਕੋਲ ਮੌਜੂਦ ਸਨ। ਏਅਰ ਇੰਡੀਆ ਦੇ ਸਪੋਕਸਪਰਸਨ ਧਨੰਜੇ ਕੁਮਾਰ ਨੇ ਕਿਹਾ ਕਿ ਸੁਰੱਖਿਆ ਸਾਡੇ ਲਈ ਸਭ ਤੋਂ ਉਪਰ ਹੈ। ਇਸ ਕਰਕੇ ਪਾਇਲਟ ਨੂੰ ਉਡਾਣ ਭਰਨ ਤੋਂ ਪਹਿਲਾਂ ਚੌਕਸੀ ਵਰਤਣ ਲਈ ਕਿਹਾ ਗਿਆ। ਏਅਰ ਇੰਡੀਆ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਕਿ ਫਲਾਈਟ ਦੀ ਉਡਾਣ ਦਾ ਵਕਤ 6.35 ਸੀ, ਜੋ ਦੇਰੀ ਨਾਲ ਰਵਾਨਾ ਹੋਈ।

# ਜੰਪਿੰਗ ਜ਼ੋਨ ਰੋਮਾਂਚ ਦੇ ਦੀਵਾਨਿਆਂ ਵਾਸਤੇ ਖਿੱਚ ਦਾ ਕੇਂਦਰ





**ਹਰਮਨਦੀਪ ਸਿੰਘ**

ਕੁਦਰਤ ਦੀ ਬੁੱਕਲ 'ਚ ਵੱਸੇ ਰਿਸ਼ੀਕੇਸ਼ ਵਿੱਚ ਹਰ ਸਾਲ ਲੱਖਾਂ ਸੈਲਾਨੀ ਪਹਾੜਾਂ ਅਤੇ ਗੰਗਾ ਦੀ ਛੋਹ ਦਾ ਆਨੰਦ ਮਾਣਨ ਪਹੁੰਚਦੇ ਹਨ। ਕੁਦਰਤੀ ਨਜ਼ਾਰਿਆਂ ਦੇ ਨਾਲ ਨਾਲ ਰਿਸ਼ੀਕੇਸ਼ ਰੋਮਾਂਚਕ ਅਤੇ ਸਾਹਸੀ ਖੇਡਾਂ ਦੇ ਮੈਦਾਨ ਵਜੋਂ ਵੀ ਜਾਣਿਆ ਜਾਣ ਲੱਗਿਆ ਹੈ। ਰਿਸ਼ੀਕੇਸ਼ ਤੋਂ 50 ਕਿਲੋਮੀਟਰ ਦੀ ਦੂਰੀ 'ਤੇ ਵੱਸੇ ਪਿੰਡ ਮੋਹਨ ਚਾਟੀ ਵਿੱਚ ਸਥਿਤ 'ਜੰਪਿੰਗ ਜ਼ੋਨ' ਰੋਮਾਂਚ ਦੇ ਦੀਵਾਨਿਆਂ ਵਾਸਤੇ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਸ ਜੰਪਿੰਗ ਜ਼ੋਨ ਵਿੱਚ ਉਚਾਈ ਤੋਂ ਛਾਲ ਮਾਰਨ ਵਾਸਤੇ ਪਲੇਟਫਾਰਮ ਬਣਿਆ ਹੋਇਆ। ਹਰ ਦਿਨ ਲਗਭਗ 90 ਦੇ ਕਰੀਬ ਲੋਕ ਇੱਥੇ ਉਚਾਈ ਤੋਂ ਛਾਲ ਮਾਰ ਕੇ ਆਪਣੇ ਸਾਹਸ ਅਤੇ ਹਿੰਮਤ ਨੂੰ ਪਰਖਦੇ ਹਨ।

ਇਸ 'ਜੰਪਿੰਗ ਜ਼ੋਨ' ਨੂੰ 'ਜੰਪਿਗ ਹਾਈਟਸ' ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਅਸਲ ਵਿੱਚ 'ਜੰਪਿਗ ਹਾਈਟਸ' ਇੱਕ ਕੰਪਨੀ ਦਾ ਨਾਂ ਹੈ ਜੋ ਇਸ ਜੰਪਿੰਗ ਜ਼ੋਨ ਵਿੱਚ ਸਾਹਸੀ ਅਤੇ ਰੋਮਾਂਚਕ ਖੇਡਾਂ ਦਾ ਸੰਚਾਲਨ ਕਰਦੀ ਹੈ।

ਇਸ ਜ਼ੋਨ ਵਿੱਚ 'ਬੰਜੀ ਜੰਪਿੰਗ' ਰੋਮਾਂਚਪਸੰਦ ਲੋਕਾਂ ਖ਼ਾਸ ਕਰਕੇ ਨੌਜਵਾਨਾਂ ਦੀ ਮਨਭਾਉਂਦੀ ਖੇਡ ਹੈ। ਬੰਜੀ ਜੰਪਿੰਗ ਅਜਿਹੀ ਸਾਹਸੀ ਖੇਡ ਹੈ ਜਿਸ ਵਿੱਚ ਲੋਕ ਨਿਯਮਿਤ ਉਚਾਈ ਤੋਂ ਰੋਮਾਂਚ ਵਾਸਤੇ ਛਾਲ ਮਾਰਦੇ ਹਨ। ਬੰਜੀ ਜੰਪਿੰਗ ਪਲੇਟਫਾਰਮ ਦੀ ਉਚਾਈ 83 ਮੀਟਰ ਹੈ। ਉਚਾਈ ਤੋਂ ਛਾਲ ਮਾਰਨ ਵਾਸਤੇ ਇਹ ਭਾਰਤ ਦਾ ਪਹਿਲਾ ਅਤੇ ਸਭ ਤੋਂ ਉੱਚਾ ਪਲੇਟਫਾਰਮ ਹੈ।

83 ਮੀਟਰ ਦੀ ਉਚਾਈ ਤੋਂ ਕੁੱਦਣਾ ਇੱਕ ਵੱਖਰੀ ਕਿਸਮ ਦਾ ਤਜਰਬਾ ਹੈ। ਰੋਮਾਂਚ ਦੇ ਦੀਵਾਨਿਆਂ ਨੂੰ ਇਹ ਤਜਰਬਾ ਆਨੰਦ ਦੀ ਸਿਖਰ ਤਕ ਲੈ ਜਾਂਦਾ ਹੈ। ਛਾਲ ਮਾਰਨ ਤੋਂ ਪਹਿਲਾਂ ਸੈਲਾਨੀਆਂ ਦੇ ਅੰਦਰ ਆਨੰਦ ਅਤੇ ਡਰ ਦੀ ਭਾਵਨਾ ਵਿੱਚ ਲੜਾਈ ਚੱਲਦੀ ਹੈ। ਛਾਲ ਮਾਰਨ ਤੋਂ ਕੁਝ ਸਕਿੰਟ ਪਹਿਲਾਂ ਤਕ ਡਰ ਦਾ ਕੋਈ ਅਹਿਸਾਸ ਨਹੀਂ ਹੁੰਦਾ, ਪਰ ਛਾਲ ਮਾਰਨ ਦੇ ਅਖ਼ੀਰਲੇ ਬਿੰਦੂ 'ਤੇ ਇੰਨੀ ਜ਼ਿਆਦਾ ਉਚਾਈ ਇੱਕ ਵਾਰੀ ਮਨ ਵਿੱਚ ਡਰ ਜ਼ਰੂਰ ਲਿਆਉਂਦੀ ਹੈ।

ਭਾਰਤ ਵਿੱਚ ਰੋਮਾਂਚਕ ਅਤੇ ਸਾਹਸੀ ਖੇਡਾਂ ਦਾ ਪਸਾਰ ਕਰਨ ਦੇ ਉਦੇਸ਼ ਨਾਲ ਸੇਵਾਮੁਕਤ ਕੈਪਟਨ ਰਾਹੁਲ ਸ਼ਰਮਾ ਨੇ 2010 ਵਿੱਚ ਇਸ ਦੀ ਸ਼ੁਰੂਆਤ ਕੀਤੀ ਸੀ। ਕੈਪਟਨ ਰਾਹੁਲ ਸ਼ਰਮਾ ਕਈ ਹੋਰ ਸਾਬਕਾ ਫ਼ੌਜੀ ਅਫ਼ਸਰਾਂ ਨਾਲ ਮਿਲ ਕੇ ਇਨ੍ਹਾਂ ਸਾਹਸੀ ਖੇਡਾਂ ਦਾ ਸੰਚਾਲਨ ਕਰਦੇ ਹਨ। ਉਚਾਈ ਤੋਂ ਛਾਲ ਮਾਰਨ ਵਾਲੇ ਇਸ ਪਲੇਟਫਾਰਮ ਨੂੰ ਨਿਊਜ਼ੀਲੈਂਡ ਦੀ ਇੱਕ ਟੀਮ ਵੱਲੋਂ ਤਿਆਰ ਕੀਤਾ ਗਿਆ। ਸਾਹਸੀ ਖੇਡਾਂ ਵਾਸਤੇ ਇਹ ਪੂਰੀ ਤਰ੍ਹਾਂ ਸੁਰੱਖਿਅਤ ਪਲੇਟਫਾਰਮ ਹੈ। ਲੋਕਾਂ ਦੀ ਸੁਰੱਖਿਆ ਵਾਸਤੇ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਸੁਰੱਖਿਆ ਪੈਮਾਨਿਆਂ ਨੂੰ ਅਪਣਾਇਆ ਜਾਂਦਾ ਹੈ।

ਦਮੇ ਤੋਂ ਪੀੜਤ, ਵੱਧ ਭਾਰ ਅਤੇ ਹਿੱਲੇ ਜਾਂ ਦੁਖਦੇ ਜੋੜਾਂ ਵਾਲੇ ਵਿਅਕਤੀਆਂ ਨੂੰ ਛਾਲ ਮਾਰਨ ਦੀ ਮਨਾਹੀ ਹੈ। ਸਭ ਤੋਂ ਪਹਿਲਾਂ ਮੋਹਨ ਚਾਟੀ ਪਿੰਡ ਵਿੱਚ ਸਥਿਤ 'ਜੰਪਿੰਗ ਜ਼ੋਨ' ਦੇ ਦਫ਼ਤਰ ਵਿੱਚ ਇਨ੍ਹਾਂ ਸਰੀਰਕ ਮਾਪਦੰਡਾਂ ਦੀ ਪਰਖ ਕੀਤੀ ਹੈ। ਵੀਡੀਓ ਅਤੇ ਆਡੀਓ ਜ਼ਰੀਏ ਜੰਪ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਫਿਰ ਉਨ੍ਹਾਂ ਦਾ ਭਾਰ ਤੋਲਿਆ ਜਾਂਦਾ ਹੈ। ਮਾਹਿਰਾਂ ਵੱਲੋਂ ਵੱਧ ਅਤੇ ਘੱਟ ਭਾਰ ਸਬੰਧੀ ਕਈ ਪੈਮਾਨੇ ਨਿਸ਼ਚਿਤ ਕੀਤੇ ਹੋਏ ਹਨ। ਇਨ੍ਹਾਂ ਪੈਮਾਨਿਆਂ 'ਤੇ ਖ਼ਰਾ ਨਾ ਉਤਰਨ ਵਾਲੇ ਨੂੰ ਜੰਪ ਮਾਰਨ ਤੋਂ ਵਰਜ ਦਿੱਤਾ ਜਾਂਦਾ ਹੈ।

ਇਨ੍ਹਾਂ ਮਾਪਦੰਡਾਂ ਉੱਤੇ ਖ਼ਰਾ ਉਤਰਨ ਤੋਂ ਬਾਅਦ ਚਾਹਵਨ ਵਿਅਕਤੀ ਨੂੰ ਦਫ਼ਤਰ ਦੇ ਬਿਲਕੁਲ ਨੇੜੇ ਲੋਹੇ ਦੇ ਬਣੇ ਪਲੇਟਫਾਰਮ 'ਤੇ ਲਿਜਾਇਆ ਜਾਂਦਾ ਹੈ। ਇਸ ਪਲੇਟਫਾਰਮ ਉੱਤੇ ਕੁਝ ਚਿਰ ਇੰਤਜ਼ਾਰ ਕਰਨ ਤੋਂ ਬਾਅਦ ਛਾਲ ਮਾਰਨ ਦੀ ਵਾਰੀ ਆ ਜਾਂਦੀ ਹੈ। ਉਚਾਈ ਤੋਂ ਛਾਲ ਮਾਰਨ ਤੋਂ ਪਹਿਲਾਂ ਮਾਹਿਰਾਂ ਦੀਆਂ ਤਿੰਨ ਟੀਮਾਂ ਵਾਰੋ-ਵਾਰੀ ਸੁਰੱਖਿਆ ਸਬੰਧੀ ਜਾਂਚ ਕਰਦੀਆਂ ਹਨ। ਪਹਿਲੀ ਟੀਮ ਵੱਲੋਂ ਰੱਸੇ ਨਾਲ ਵਿਅਕਤੀ ਨੂੰ ਮੋਢਿਆਂ, ਲੱਕ ਅਤੇ ਪੈਰਾਂ ਨੂੰ ਲੌਕ ਕਰ ਦਿੱਤਾ ਜਾਂਦਾ ਹੈ।

ਇਸ ਤੋਂ ਪਹਿਲਾਂ ਦੂਜੀ ਵਾਰ ਵਿਅਕਤੀ ਦੇ ਭਾਰ ਨੂੰ ਤੋਲਿਆ ਜਾਂਦਾ ਹੈ। ਫਿਰ ਦੂਜੀ ਟੀਮ ਵਿਅਕਤੀ ਦੇ ਸਰੀਰ ਨੂੰ ਲੱਗੇ ਲੌਕ ਨੂੰ ਪਰਖਦੀ ਹੈ। ਮਗਰਲੀਆਂ ਦੋਵੇਂ ਟੀਮਾਂ ਜਾਂਚ ਕਰਦੀਆਂ ਹਨ ਕਿ ਸੁਰੱਖਿਆ ਪੱਖੋਂ ਕੋਈ ਕਮੀ ਤਾਂ ਨਹੀਂ ਰਹਿ ਗਈ। 'ਰਿਵਰ ਰਾਫਟਿੰਗ', 'ਬੰਜੀ ਜੰਪਿੰਗ', 'ਫਲਾਇੰਗ ਫੌਕਸ' ਅਤੇ 'ਜਾਇੰਟ ਸਵਿੰਗ' ਇੱਥੇ ਹੋਣ ਵਾਲੀਆਂ ਪ੍ਰਮੁੱਖ ਸਾਹਸੀ ਖੇਡਾਂ ਹਨ। ਹਰ ਸਾਲ ਐੱਸਐੱਸਬੀ ਕਮਾਂਡੋ ਅਤੇ ਕੌਮੀ ਪੁਲੀਸ ਅਕੈਡਮੀ ਦੇ ਜਵਾਨ ਸਿਖਲਾਈ ਵਾਸਤੇ ਇੱਥੇ ਆਉਂਦੇ ਹਨ।

# ਲੱਕੜ ਦੀ ਰੇਲਵੇ



18ਵੀਂ ਸਦੀ ਦੀ ਇਹ ਰੇਲ ਟ੍ਰੈਕ ਕੋਇਲੇ ਨੂੰ ਇੱਧਰ ਤੋਂ ਉਧਰ ਭੇਜਣ ਲਈ ਵਰਤੋਂ ਵਿਚ ਲਿਆਂਦੀ ਗਈ ਹੈ। ਇਸ ਲੱਕੜੀ ਦੀ ਰੇਲਵੇ ਟ੍ਰੈਕ ਤੇ ਟ੍ਰੇਨਦੀ ਜਗ੍ਹਾ ਘੋੜੇ ਦੌੜਿਆ ਕਰਦੇ ਸਨ। ਇਸ ਰੇਲਵੇ ਟ੍ਰੈਕ ਨੂੰ ਨਿਊਕਾਸਟਲ ਦੇ ਕੋਲ 2013 ਵਿਚ ਲੱਭਿਆ ਗਿਆ ਸੀ। ਇੱਥੇ ਹੁਣ ਤੱਕ ਮਿਲੀ ਇਹ ਇਕਲੌਤੀ ਲੱਕੜੀ ਦੀ ਪਟੜੀ ਹੈ, ਜਿਸ ਤੋਂ ਬਾਅਦ ਇਸ ਰੇਲਵੇ ਟ੍ਰੈਕ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ। ਇਹ ਰੇਲਵੇ ਟ੍ਰੈਕ ਨੈਪਟਯੂਨ ਸ਼ਿਪਯਾਰਡ ਦੇ ਕੋਲ ਬਣੀ ਹੋਈ ਹੈ। ਸਭ ਤੋਂ ਪਹਿਲਾਂ ਘੋੜਿਆਂ ਦੇ ਜ਼ਰੀਏ ਹੀ ਭਾਰੀ ਸਮਾਨ ਇਕ ਤੋਂ ਦੂਜੀ ਥਾਂ ਲਿਜਾਇਆ ਕਰਦੇ ਸਨ। ਲੱਕੜੀ ਦੇ ਰੇਲਵੇ ਟ੍ਰੈਕ ਨੇ ਇਸ ਕੰਮ ਨੂੰ ਹੋਰ ਵੀ ਆਸਾਨ ਬਣਾ ਦਿੱਤਾ ਸੀ।ਆਰਕਿਆਲੌਜਿਸਟ ਇਸ ਟ੍ਰੈਕ ਦੇ ਮਿਲਣ ਤੇ ਹੈਰਾਨ ਹਨ। ਉਸ ਦੌਰਾਨ ਇਸ ਤਕਨੀਕ ਨੂੰ ਵਰਤ ਕੇ ਲੱਕੜੀ ਦੇ ਰੇਲਵੇ ਟ੍ਰੈਕ ਦਾ ਨਿਰਮਾਣ ਸਾਰਿਆਂ ਨੂੰ ਹੈਰਾਨੀ ਵਿਚ ਪਾ ਰਿਹਾ ਹੈ। ਇਹ ਪਹਿਲੀ ਲੱਕੜੀ ਦੀ ਰੇਲ ਟ੍ਰੈਕ ਹੈ, ਜਿਸਨੂੰ ਵਿਗਿਆਨੀਆਂ ਨੇ ਲੱਭਿਆ ਹੈ। ਲੱਕੜੇ ਦੇ ਵੱਡੇ ਵੱਡੇ ਲੱਠਿਆਂ ਨਾਲ ਇਸ ਟ੍ਰੈਕ ਨੂੰ ਤਿਆਰ ਕੀਤਾ ਗਿਆ ਸੀ। ਲੱਠਿਆਂ ਨੂੰ ਚਕੋਰ ਵਿਚ ਕੱਟਿਆ ਗਿਆ ਸੀ। ਇਸ ਤੋਂ ਬਾਅਦ ਨਟ ਬੋਲਟ ਦੀ ਮਦਦ ਨਾਲ ਉਹਨਾਂ ਨੂੰ ਆਪਸ ਵਿਚ ਕਸਿਆ ਗਿਆ ਸੀ। ਤਾਂ ਜੋ ਵਜਨ ਪੈਣ ਤੇ ਟ੍ਰੈਕ ਇੱਧਰ-ਉਧਰ ਨਾ ਜਾਵੇ। 1700 ਈਸਾ ਵਿਚ ਰੇਲਵੇ ਇਹਨਾਂ ਟ੍ਰੈਕਾਂ ਤੇ ਘੋੜਿਆਂ ਦੇ ਵੈਗਨ ਵਿਚ ਕੋਇਲੇ ਦੀ ਸਪਲਾਈ ਕਰਿਆ ਕਰਦਾ ਸੀ। ਇਹ ਆਪਣੇ ਆਪ ਵਿਚ ਇਕ ਅਜੂਬਾ ਹੈ।

# ਪਾਓਗੇ ਤੁਸੀਂ ! ਰੋਲਰ ਸਕੇਟ ਵਾਲੇ ਸੈਂਡਲ, ਕੀਮਤ 1.65 ਲੱਖ ਰੁਪਏ

ਪੈਰਿਸ ਦੇ ਇਕ ਫੈਸ਼ਨ ਹਾਊਸ ਯੁਵੇਸ ਸੇਂਟ ਲਾਰਿਟ ਨੇ ਰੋਲਰ ਸਕੇਟ ਸਟੀਲੇਟੋ ਲਾਂਚ ਕੀਤੀ ਹੈ। ਹਾਈ ਹੀਲ ਦੇ ਨਾਲ ਇਸ ਵਿਚ ਹੇਠਾਂ ਪਹੀਏ ਲੱਗੇ ਹਨ। ਇਹ ਇਸ ਫੈਸ਼ਨ ਹਾਊਸ ਦੀ ਨਿਊ ਕਲੈਕਸ਼ਨ ਹੈ। ਇਸ ਦੀ ਕੀਮਤ ਲੱਖਾਂ ਵਿਚ ਹੈ। ਇਹ ਕਲਾਸਿਕ ਰੋਲਰ ਸਕੇਟਰ ਤੋਂ ਥੋੜ੍ਹਾ ਹਟ ਕੇ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਲਾਰੈਂਟ ਨੇ ਸਕੇਟਰ ਨੂੰ ਡਿਜਾਇਨ ਕੀਤਾ ਹੈ। 2013 ਵਿਚ ਕੰਪਨੀ ਨੇ ਸਟਾਰ ਐਂਡ ਸਟ੍ਰਿਪਸ ਦਾ ਇਕ ਡਿਜਾਇਨ ਲਾਂਚ ਕੀਤਾ ਸੀ। ਕੰਪਨੀ ਨੇ ਸਟੋਲੇਟੋ ਨੂੰ ਸਿੰਗਲ ਕਲਰ ਦੇ ਨਾਲ ਵੀ ਅਤੇ ਮਲਟੀ ਵਰਾਇਟੀ ਵਿਚ ਵੀ ਉਤਾਰਿਆ ਹੈ। ਕੰਪਨੀ ਨੇ ਸਟੇਲਿਟੋ ਨੂੰ ਬਹੁਤ ਹੀ ਖ਼ੂਬਸੂਰਤੀ ਦੇ ਨਾਲ ਡਿਜਾਇਨ ਕੀਤਾ ਹੈ। ਟਵਿਟਰ ਤੇ ਯੂਜ਼ਰਸ ਇਸਨੂੰ ਸ਼ੇਅਰ ਕਰ ਰਹੇ ਹਨ। ਕੰਪਨੀ ਨੇ ਇਕ ਰੋਲਰ ਸਕੇਟਰ ਰਿਟਲੇਟੋ ਨੂੰ ਲੱਖਾਂ ਦੀ ਕੀਮਤ ਤੇ ਵੇਚਣ ਦਾ ਫੈਸਲਾ ਕੀਤਾ ਹੈ। ਇਸਨੂੰ ਪਾਉਣ ਤੋਂ ਬਾਅਦ ਤੁਸੀਂ ਵਾਕ ਤਾਂ ਨਹੀਂ ਕਰ ਸਕਦੇ ਪਰ ਸਕੇਟਿੰਗ ਜ਼ਰੂਰ ਕਰ ਸਕੋਗੇ। ਕੰਪਨੀ ਨੇ ਸਕੇਟ ਸਟਿਲੇਟੋ ਦੇ ਕਈ ਡਿਜਾਇਨ ਲਾਂਚ ਕੀਤੇ ਹਨ। ਇਸਨੂੰ ਲੜਕਿਆਂ ਦੇ ਲਈ ਵੀ ਸ਼ੂਅ ਦੇ ਨਾਲ ਲਾਂਚ ਕੀਤਾ ਗਿਆ ਹੈ।

## ਕੌੜਾ ਸੱਚ

ਘਰਦਿਆਂ ਨੇ ਨਾਂ ਤਾਂ ਉਸ ਦਾ ਚਾਨਣ ਸਿੰਘ ਰੱਖਿਆ ਸੀ, ਪਰ ਉਸ ਨੇ ਪਿੰਡ ਵਿੱਚ ਫੈਲਾਇਆ ਹਨੇਰਾ ਹੀ ਸੀ। ਪਹਿਲੀ ਵਾਰ ਮੋਮੋਠਗਣੀਆਂ ਗੱਲਾਂ ਨਾਲ ਤੇ ਦੂਜੀ ਵਾਰ ਪੈਸੇ ਦੇ ਜ਼ੋਰ ਨਾਲ ਉਹ ਪਿੰਡ ਦਾ ਸਰਪੰਚ ਬਣ ਗਿਆ ਸੀ। ਇਸ ਵਾਰ ਪਿੰਡ ਦੇ ਜਾਗਰੂਕ ਲੋਕ ਉਸ ਨੂੰ ਸਰਪੰਚੀ ਤੋਂ ਲਾਹੁਣ ਲਈ ਉਤਾਵਲੇ ਸਨ। ਪਿੰਡ ਵਾਲੇ ਉਸ ਦੀਆਂ ਪਿੰਡ ਮਾਰੂ ਨੀਤੀਆਂ ਤੋਂ ਤੰਗ ਆ ਚੁੱਕੇ ਸਨ। ਹਰੇਕ ਮਾੜੇ ਕੰਮ ਵਿੱਚ ਸਰਪੰਚ ਦਾ ਨਾਂ ਬੋਲਦਾ ਸੀ। ਜਦੋਂ ਕਦੇ ਉਸ ਦਾ ਪੁੱਤਰ ਆਪਣੇ ਨਸ਼ੇੜੀ ਮਿੱਤਰਾਂ ਦੀ ਢਾਣੀ ਵਿੱਚੋਂ ਉੱਠ ਕੇ ਘਰ ਆਉਂਦਾ ਤਾਂ ਆਪਣੇ ਬਾਪੂ ਨੂੰ ਕਹਿੰਦਾ, "ਬਾਪੂ ! ਐਤਕੀਂ ਲੋਕਾਂ ਨੇ ਆਪਾਂ ਨੂੰ ਵੋਟਾਂ ਨਹੀਂ ਦੇਣੀਆਂ। ਮੇਰੇ ਸੂਹੀਏ ਮੈਨੂੰ ਦੱਸਦੇ ਨੇ ਕਿ ਇਸ ਵਾਰ ਪਿੰਡ ਦੇ ਲੋਕ ਆਪਣੇ ਝਾਂਸੇ ਵਿੱਚ ਆਉਣ ਵਾਲੇ ਨਹੀਂ।" ਅੱਗੋਂ ਬਾਪੂ ਗੰਭੀਰ ਹੋਣ ਦੀ ਥਾਂ ਮੁਸਕੁਰਾ ਕੇ ਕਹਿੰਦਾ, "ਚੰਗੇ ਭਲਵਾਨ ਕੋਲ ਕਈ ਦਾਅ-ਪੇਚ ਹੁੰਦੇ ਹਨ। ਤੂੰ ਘਬਰਾਇਆ ਨਾ ਕਰ, ਪੁੱਤਰਾ। ਸਰਪੰਚੀ ਆਪਣੇ ਪਾਸ ਹੀ ਰਹੂ।"

ਵੋਟਾਂ ਦਾ ਨਤੀਜਾ ਆਉਣ 'ਤੇ ਸਰਪੰਚੀ ਤਾਂ ਕੀ, ਉਨ੍ਹਾਂ ਦਾ ਕੋਈ ਬੰਦਾ ਵਿਰੋਧੀ ਧਿਰ ਲਈ ਪੰਚ ਵੀ ਨਾ ਬਣ ਸਕਿਆ। ਸਰਪੰਚੀ ਖੁੱਸਣ ਤੋਂ ਬਾਅਦ ਬਾਪੂ ਤਾਂ ਘਰੋਂ ਹੀ ਨਹੀਂ ਸੀ ਨਿਕਲਿਆ, ਪਰ ਪੁੱਤ ਫਿਰ ਆਪਣੀ ਢਾਣੀ ਜਮਾਉਣ ਲੱਗ ਪਿਆ ਸੀ।

ਇਸੇ ਤਰ੍ਹਾਂ ਇੱਕ ਦਿਨ ਪਿੰਡ ਦੇ ਦਰਵਾਜ਼ੇ ਵਿੱਚ ਬੈਠਾ ਉਹ ਆਪਣੇ ਸਾਥੀਆਂ ਕੋਲ ਦਮਗਜ਼ੇ ਮਾਰ ਰਿਹਾ ਸੀ, "ਪਿੰਡ ਵਿੱਚ ਕੰਮ ਤਾਂ ਆਪਾਂ ਨੇ ਬਹੁਤ ਕੀਤੇ, ਪਰ ਕੁਝ ਮਾੜੇ ਬੰਦਿਆਂ ਦੇ ਕੂੜ-ਪ੍ਰਚਾਰ ਨੇ ਸਾਨੂੰ ਮਾਰ ਦਿੱਤਾ।" ਉਸ ਦੇ ਸਾਥੀ ਉਸ ਦੀ ਹਾਂ ਵਿੱਚ ਹਾਂ ਮਿਲ ਰਹੇ ਸਨ।

ਇੰਨੇ ਨੂੰ ਪਿੰਡ ਦਾ ਇੱਕ ਪੁਰਾਣਾ ਅਮਲੀ, ਜਿਹੜਾ ਇੱਕ ਪਾਸੇ ਬੈਠਾ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ, ਉੱਠਿਆ ਤੇ ਅੱਗੇ ਨੂੰ ਝੁਕ ਕੇ ਪਿੱਠ ਪਿੱਛੇ ਨੂੰ ਬਾਹਾਂ ਦੀ ਕਲਿੰਗੜੀ ਜਿਹੀ ਪਾ ਕੇ ਕਹਿਣ ਲੱਗਿਆ, "ਕਾਕਾ, ਹਰਾਇਆ ਤਾਂ ਤੁਹਾਨੂੰ ਤੁਹਾਡੀਆਂ ਕਰਤੂਤਾਂ ਨੇ ਹੀ ਐ। ਤੁਹਾਡੀ ਸਰਪੰਚੀ ਤੋਂ ਪਹਿਲਾਂ ਮੈਂ ਪਿੰਡ ਵਿੱਚ 'ਕੱਲਾ ਹੀ ਅਮਲੀ ਸੀ ਤੇ ਹੁਣ ਤੁਸੀਂ ਆਪਣੇ ਲਾਲਚਾਂ ਕਰਕੇ ਅੱਧਾ ਪਿੰਡ ਨਸ਼ੇੜੀਆਂ ਦਾ ਬਣਾ ਦਿੱਤਾ। ਪਿੰਡ ਦੀ ਜੱਖਣਾ ਪੱਟ 'ਤੀ।"

ਇੰਨੇ ਨੂੰ ਕਾਕਾ ਜੀ ਦਾ ਕੋਈ ਝੋਲੀ ਚੁੱਕ ਬੋਲ ਪਿਆ, "ਅਮਲੀਆ, ਤੈਨੂੰ ਇੱਥੇ ਕੀਹਨੇ ਬੁਲਾਇਐ ?" ਅਮਲੀ ਇੱਕ ਪਾਸੇ ਨੂੰ ਤੁਰਦਾ ਹੋਇਆ ਕਹਿਣ ਲੱਗਿਆ, "ਮੈਂ ਕਿਹੜਾ ਕਿਸੇ ਦੇ ਵਿਆਹ 'ਚ ਆਇਆਂ, ਜਿਹੜਾ ਕਾਰਡ 'ਤੇ ਆਉਣਾ ਸੀ। ਸਾਂਝੀ ਥਾਂ 'ਤੇ ਕੋਈ ਵੀ ਬੈਠਾ ਬੋਲ ਸਕਦੈ।" ਹੁਣ ਸਾਰੀ ਢਾਣੀ ਨੂੰ ਸੱਪ ਸੁੰਘ ਗਿਆ ਸੀ।

ਚੁੱਪ ਨੂੰ ਤੋੜਦਿਆਂ ਕੋਈ ਹੋਰ ਬੋਲਿਆ, "ਇਸ ਨੂੰ ਤਾਂ ਬੋਲਣ ਦਾ ਪਤਾ ਨਹੀਂ ਤਾਂ ਹੀ ਤਾਂ ਪਿੰਡ ਵਿੱਚ ਇਸ ਨੂੰ ਕੋਈ ਮੂੰਹ ਨਹੀਂ ਲਾਉਂਦਾ।" ਪਰ ਅਮਲੀ ਦਾ ਕਿਹਾ ਕੌੜਾ ਸੱਚ ਕਾਕਾ ਜੀ ਨੂੰ ਹਜ਼ਮ ਕਰਨਾ ਔਖਾ ਹੋ ਰਿਹਾ ਸੀ।

**- ਅਮਰਜੀਤ ਜੋਸ਼ੀ**

# ਧਰਤਿ ਵੰਗਾਰੇ ਤਖ਼ਤ ਨੂੰ ਕਾਵਿ ਪੁਸਤਕ ਨਹੀਂ, ਸੰਘਰਸ਼ ਸ਼ੀਲ ਵਕਤ ਦਾ ਦਸਤਾਵੇਜ਼ ਹੈ : ਪ੍ਰੋ. ਸੁਖਵੰਤ ਸਿੰਘ ਗਿੱਲ



**ਲੁਧਿਆਣਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਧਰਤਿ ਵੰਗਾਰੇ ਤਖ਼ਤ ਨੂੰ ਨਿਰਾ ਸੰਪਾਦਿਤ ਕਾਵਿ ਸੰਗ੍ਰਹਿ ਹੀ ਨਹੀਂ ਸਗੋਂ ਕਿਸਾਨ ਮੋਰਚਾ 2020-21 ਦੌਰਾਨ ਸੰਘਰਸ਼ਸ਼ੀਲ ਵਕਤ ਦਾ ਮਹੱਤਵ ਪੂਰਨ ਦਸਤਾਵੇਜ਼ ਹੈ। ਇਹ ਸ਼ਬਦ ਉੱਘੇ ਸਿੱਖਿਆ ਸ਼ਾਸਤਰੀ, ਲੇਖਕ ਤੇ ਬਟਾਲਾ ਵੱਸਦੇ ਸਮਾਜ ਸੇਵੀ ਪ੍ਰੋ. ਸੁਖਵੰਤ ਸਿੰਘ ਗਿੱਲ ਨੇ ਲੁਧਿਆਣਾ ਵਿੱਚ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਤੇ ਗੁਰਭਜਨ ਗਿੱਲ ਵੱਲੋਂ ਡਾ. ਸ ਪ ਸਿੰਘ, ਸੁਖਵਿੰਦਰ ਕੰਬੋਜ ਤੇ ਕੁਲਵਿੰਦਰ ਦੀ ਸੰਪਾਦਕੀ ਸਲਾਹ ਨਾਲ ਸੰਪਾਦਿਤ ਪੁਸਤਕ ਨੂੰ ਲੋਕ ਅਰਪਨ ਕਰਦਿਆਂ ਰਹੇ। 344 ਪੰਨਿਆਂ ਦੀ ਇਸ ਵੱਡ ਆਕਾਰੀ ਕਿਤਾਬ ਵਿੱਚ 200 ਤੋਂ ਵੱਧ ਪੰਜਾਬੀ ਕਵੀ ਦੇਸ਼ ਬਦੇਸ਼ ਤੋਂ ਸ਼ਾਮਲ ਹਨ।

ਪੁਸਤਕ ਦੇ ਸੰਪਾਦਕ ਗੁਰਭਜਨ ਗਿੱਲ ਨੇ ਦੱਸਿਆ ਕਿ ਦਿੱਲੀ ਬਾਰਡਰ 'ਤੇ ਲੱਗੇ 2020-21 ਕਿਸਾਨ ਮੋਰਚੇ ਦੌਰਾਨ ਵੱਖ-ਵੱਖ ਪੰਜਾਬੀ ਕਵੀਆਂ ਦਾ ਤੱਤ-ਫੱਟ ਪ੍ਰਤੀਕਰਮ ਹੀ ਹੈ ਇਹ ਕਾਵਿ-ਸੰਗ੍ਰਹਿ। ਇਸ ਵਿੱਚ ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ ਸੁਖਵਿੰਦਰ ਅੰਮ੍ਰਿਤ ਤੇ ਜਸਵਿੰਦਰ ਵਰਗੇ ਪ੍ਰੌਢ ਲੇਖਕਾਂ ਦੇ ਲਿਖੇ ਮਹਿੰਗੇ ਮਾਣਕ ਮੋਤੀ ਵੀ ਹਨ ਤੇ ਮੇਰੇ ਵਰਗਿਆਂ ਦੇ ਤੱਤ-ਭੜੱਤੇ ਉੱਘੜ-ਦੁੱਘੜੇ ਮੁੰਜ ਦੀ ਰੱਸੀ ਵਿੱਚ ਪਰੁੱਚੇ ਮਣਕਿਆਂ ਵਰਗੇ ਬੋਲ ਵੀ। ਅਸਲੋਂ ਨਵੇਂ ਕਵੀਆਂ ਦੀ ਵੀ ਬਹੁ ਗਿਣਤੀ ਇਸ ਸੰਗ੍ਰਹਿ ਵਿੱਚ ਸ਼ਾਮਲ ਹੈ। ਭਾਰਤੀ ਬਾਸਕਟਬਾਲ ਟੀਮ ਦੇ ਸਾਬਕਾ ਕਪਤਾਨ ਸੱਜਣ ਸਿੰਘ ਚੀਮਾ ਵੱਲੋਂ ਭਾਰਤ ਸਰਕਾਰ ਨੂੰ ਅਰਜੁਨਾ ਐਵਾਰਡ ਮੋੜਨ ਵੇਲੇ ਕਹੇ ਕਾਵਿ ਬੋਲ ਵੀ ਇਸ ਵਿੱਚ ਸ਼ਾਮਲ ਹਨ।

ਅਸਲ ਵਿੱਚ ਇਹ ਸਾਰੇ ਬੋਲ ਸੰਗ੍ਰਹਿਤ ਕਰਨ ਦਾ ਵਿਚਾਰ ਮੇਰੇ ਮਨ ਵਿੱਚ ਨਾ ਆਉਂਦਾ ਜੇਕਰ ਮੇਰੇ ਗੋਡੇ ਮੈਨੂੰ ਤੰਗੀ ਨਾ ਦੇਂਦੇ। ਮੈਂ ਵੀ ਇਸ ਮੋਰਚੇ ਦੌਰਾਨ ਕੁਝ ਹਿੱਸਾ ਪਾ ਆਉਂਦਾ, ਗੁੱਸਾ ਕੱਢ ਆਉਂਦਾ, ਨਾਅਰੇ ਮਾਰ ਕੇ, ਭਾਸ਼ਨ ਕਰਕੇ ਜਾਂ ਜਥੇਬੰਦੀਆਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕਰਕੇ। ਪਰ ਇਹ ਨਾ ਹੋ ਸਕਿਆ। ਮੈਂ ਵੱਖ ਵੱਖ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਵਿੱਚ ਖਿੱਲਰੇ ਬੋਲ ਸਾਂਭ ਲਏ। ਉਨ੍ਹਾਂ ਵਿੱਚੋਂ ਚੋਣਵੇਂ ਲੇਖਕ ਹੀ ਇਸ ਵਿੱਚ ਸ਼ਾਮਲ ਹੋ ਸਕੇ ਹਨ। ਇਸ ਮੌਕੇ ਹਾਜ਼ਰ ਪ੍ਰਿੰਸੀਪਲ ਕੁਲਵੰਤ ਕੌਰ ਗਿੱਲ ਤੇ ਪੰਜਾਬ ਜੈਨਕੋ ਦੇ ਚੇਅਰਮੈਨ ਤੇ ਉੱਘੇ ਲੋਕ ਢਾਡੀ ਨਵਜੋਤ ਸਿੰਘ ਮੰਡੇਰ (ਜਰਗ) ਨੇ ਵੀ ਸੰਪਾਦਕ ਨੂੰ ਮੁਬਾਰਕ ਦੇਂਦਿਆਂ ਕਿਹਾ ਕਿ ਲਹਿਰਾਂ ਦੇ ਸਾਹਿੱਤ ਦੀ ਸੰਭਾਲ ਵੀ ਬਹੁਤ ਵੱਡਾ ਧਰਮ ਹੁੰਦਾ ਹੈ ਕਿਉਂਕਿ ਘਟਨਾਵਾਂ ਬਾਰੇ ਸਮਾਂ ਪੈਣ ਤੇ ਖੋਟ ਰਲ ਸਕਦਾ ਹੈ ਪਰ ਕਾਵਿ ਪ੍ਰਮਾਣ ਸੱਚੇ ਸੁੱਚੇ ਭਾਵਾਂ ਦੀ ਗਵਾਹੀ ਦੇਂਦੇ ਰਹਿਣਗੇ। ਪੁਸਤਕ ਲੋਕ ਅਰਪਣ ਕਰਨ ਵਿੱਚ ਸਵਰਗੀ ਡਾ. ਸੁਰਜੀਤ ਪਾਤਰ ਦੇ ਵੱਡੇ ਸਪੁੱਤਰ ਅੰਕੁਰ ਸਿੰਘ ਪਾਤਰ, ਲੋਕ ਸੰਗੀਤਕਾਰ ਜਸਕੰਵਰ ਸਿੰਘ ਮੰਡੇਰ , ਨਵਕੰਵਰ ਸਿੰਘ ਮੰਡੇਰ, ਮਨਪ੍ਰੀਤ ਸਿੰਘ ਤੋਂ ਇਲਾਵਾ ਸੰਪਾਦਕ ਦੇ ਪਰਿਵਾਰਕ ਜੀਅ ਵੀ ਸ਼ਾਮਲ ਸਨ।

# ਚੇਅਰਮੈਨ ਰਮਨ ਬਹਿਲ ਨੇ ਪਿੰਡ ਹਰਦਾਨ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ



**ਗੁਰਦਾਸਪੁਰ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਹਰਦਾਨ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।

ਚੇਅਰਮੈਨ ਸ੍ਰੀ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਵੱਲੋਂ ਪਿੰਡ ਹਰਦਾਨ ਵਿਖੇ ਪੰਚਾਇਤ ਘਰ, ਧਰਮਸ਼ਾਲਾ, ਕਮਿਊਨਿਟੀ ਸੈਨੇਟਰੀ ਕੰਪਲੈਕਸ ਬਣਾਏ ਗਏ ਹਨ। ਇਸ ਤੋਂ ਇਲਾਵਾ ਪਿੰਡ ਵਿੱਚ 18 ਸਟਰੀਟ ਲਾਈਟਾਂ ਵੀ ਲਗਾਈਆਂ ਗਈਆਂ ਹਨ।

ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਵਿਕਸਤ ਕੀਤਾ ਜਾ ਰਿਹਾ ਹੈ ਅਤੇ ਸਹੂਲਤਾਂ ਦੇ ਪੱਖ ਤੋਂ ਹੁਣ ਪਿੰਡ ਵੀ ਸ਼ਹਿਰਾਂ ਤੋਂ ਪਿੱਛੇ ਨਹੀਂ ਰਹਿਣਗੇ।

ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਸਹੂਲਤ, ਸਕੂਲ ਆਫ਼ ਐਮੀਨੈਂਸ, ਆਮ ਆਦਮੀ ਕਲੀਨਿਕ, ਨੌਜਵਾਨਾਂ ਨੂੰ ਮੈਰਿਟ ਉੱਪਰ ਸਰਕਾਰੀ ਨੌਕਰੀਆਂ ਤੇ ਰੁਜ਼ਗਾਰ ਦੇ ਮੌਕੇ, ਸੂਬੇ ਵਿੱਚ ਸਨਅਤ ਪੱਖੀ ਮਾਹੌਲ, ਸਰਕਾਰੀ ਦਫ਼ਤਰਾਂ ਵਿੱਚ ਪਾਰਦਰਸ਼ਤਾ, ਖੇਡ ਸੱਭਿਆਚਾਰ ਪੈਦਾ ਕਰਨ ਅਤੇ ਬੁਨਿਆਦੀ ਢਾਂਚੇ ਵਿੱਚ ਕੀਤੇ ਜਾ ਰਹੇ ਵੱਡੇ ਪੱਧਰ 'ਤੇ ਸੁਧਾਰਾਂ ਨੇ ਸੂਬੇ ਨੂੰ ਤਰੱਕੀ ਦੀ ਰਾਹੇ ਤੋਰਿਆ ਹੈ।ਇਸ ਮੌਕੇ ਪਿੰਡ ਹਰਦਾਨ ਦੇ ਸਰਪੰਚ ਅਜੇ ਕੁਮਾਰ, ਪੰਚ ਸ਼ਰਮੀਲਾ, ਨੀਲਮ, ਤਿਲਕ ਰਾਜ, ਤਜਿੰਦਰ ਕੌਰ, ਨੀਲਮ, ਪਰਮਿੰਦਰ ਕੁਮਾਰ, ਰੌਸ਼ਨ ਲਾਲ, ਦੀਪਕ ਕੁਮਾਰ, ਵਿਕਰਮ ਰਾਏ, ਦਵਿੰਦਰ ਫ਼ੌਜੀ, ਰੇਸ਼ਮ ਸਿੰਘ, ਮਨਦੀਪ ਸਿੰਘ ਸਰਪੰਚ, ਬਲਜੀਤ ਸਿੰਘ ਸਰਪੰਚ, ਨਰੇਸ਼ ਕੁਮਾਰ ਸਰਪੰਚ ਤੋਂ ਇਲਾਵਾ ਸੀਨੀਅਰ ਆਪ ਆਗੂ ਸੁੱਚਾ ਸਿੰਘ ਮੁਲਤਾਨੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਮੁਹਤਬਰ ਹਾਜ਼ਰ ਸਨ।

# ਰਾਹੁਲ ਗਾਂਧੀ ਦੀ ਸੋਚ, ਸੱਚਾਈ, ਸਾਹਸ ਅਤੇ ਸਪਸ਼ਟਤਾ ਲਈ ਹਰ ਭਾਰਤੀ ਉਸਦੇ ਨਾਲ, ਬਾਜਵਾ ਵੱਲੋਂ ਵਿਦੇਸ਼ਾਂ ਵਿੱਚ ਜਾ ਕੇ ਪੰਜਾਬੀਆਂ ਨੂੰ ਲਾਮਬੰਦ ਕਰਨ ਦੀ ਮੁਹਿੰਮ ਦੀ ਕੀਤੀ ਪ੍ਰਸ਼ੰਸ਼ਾ



**ਲੁਧਿਆਣਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਓਵਰਸੀਜ਼ ਕਾਂਗਰਸ ਪੰਜਾਬ ਚੈਪਟਰ ਦੀ ਵਿਸ਼ੇਸ਼ ਮੀਟਿੰਗ ਪੰਜਾਬ ਚੈਪਟਰ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਪੈਲਸ ਆਫ ਏਸ਼ੀਆ ਨਿਊਜਰਸੀ ਅਮਰੀਕਾ ਵਿਖੇ ਹੋਈ ਜਿਸ ਵਿੱਚ ਮੁੱਖ ਤੌਰ 'ਤੇ ਪੰਜਾਬ ਤੋਂ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਦੇ ਕੋਆਰਡੀਨੇਟਰ ਇੰਚਾਰਜ ਹਿਮਾਚਲ ਪ੍ਰਦੇਸ਼ ਕ੍ਰਿਸ਼ਨ ਕੁਮਾਰ ਬਾਵਾ, ਰਿਟਾ. ਏ.ਡੀ.ਜੀ.ਪੀ ਪ੍ਰਧਾਨ ਗੁਰਿੰਦਰ ਸਿੰਘ ਢਿੱਲੋਂ ਐਕਸ ਸਰਵਿਸਮੈਨ ਹਾਜ਼ਰ ਹੋਏ।

ਇਸ ਸਮੇਂ ਉਪਰੋਕਤ ਨੇਤਾਵਾਂ ਨੇ ਕਿਹਾ ਕਿ ਵੱਡੀਆਂ ਕੁਰਬਾਨੀਆਂ ਦੇ ਕੇ ਭਾਰਤ ਅੰਦਰ ਸਥਾਪਿਤ ਕੀਤੇ ਲੋਕਤੰਤਰ ਨੂੰ ਸੱਤਾਧਾਰੀ ਪਾਰਟੀਆਂ ਕਲੰਕਿਤ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਜੋ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਹਨ, ਉਹਨਾਂ ਵੱਲੋਂ ਚੋਣ ਕਮਿਸ਼ਨ ਨੂੰ ਚੋਣਾਂ ਦੀ ਪ੍ਰਕਿਰਿਆ ਅੰਦਰ ਕੀਤੀਆਂ ਧਾਂਦਲੀਆਂ ਸਬੰਧੀ ਉਠਾਏ ਸਵਾਲਾਂ 'ਤੇ ਭਾਜਪਾ ਦੇ ਉੱਚ ਨੇਤਾ ਅਤੇ ਚੋਣ ਕਮਿਸ਼ਨ ਕਿਉਂ ਦੰਦਾਂ ਵਿੱਚ ਜੀਭ ਲਈ ਬੈਠੇ ਹਨ..? ਜੇਕਰ ਦਮ ਹੈ ਜਾਂ ਸੱਚਾਈ ਹੈ ਤਾਂ ਰਾਹੁਲ ਗਾਂਧੀ ਵੱਲੋਂ ਸੱਚਾਈ, ਸਾਹਸ, ਸਪਸ਼ਟਤਾ ਨਾਲ ਪੂਰੇ ਵਿਸ਼ਵ ਵਿੱਚ ਉਠਾਏ ਮੁੱਦੇ 'ਤੇ ਅੱਗੇ ਆਉਣ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਨੇ ਭਾਰਤ ਜੋੜੋ ਯਾਤਰਾ ਰਾਹੀਂ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਲਈ 3700 ਕਿਲੋਮੀਟਰ ਦੀ ਯਾਤਰਾ ਕਰਕੇ ਇਤਿਹਾਸ ਰਚਿਆ ਹੈ ਜਿਸ 'ਤੇ ਹਰ ਭਾਰਤੀ ਨੂੰ ਮਾਣ ਹੈ। ਉਹਨਾਂ ਇਸ ਸਮੇਂ ਪੰਜਾਬ ਵਿੱਚ 'ਆਪ' ਪਾਰਟੀ ਦੀ ਸਰਕਾਰ ਵੱਲੋਂ ਲੈਂਡ ਪੂਲਿੰਗ ਰਾਹੀਂ ਕਿਸਾਨਾਂ ਦੀ 65000 ਏਕੜ ਜਮੀਨ ਹਥਿਆਉਣ ਦੇ ਜੋ ਹੱਥਕੰਡੇ ਅਪਣਾਏ ਜਾ ਰਹੇ ਹਨ ਉਸ ਤੋਂ ਦੇਸ਼ ਵਿਦੇਸ਼ ਵਿੱਚ ਬੈਠਾ ਹਰ ਪੰਜਾਬੀ ਚਿੰਤਿਤ ਹੈ। ਇਸ ਸਮੇਂ ਪੰਜਾਬ ਚੈਪਟਰ ਦੇ ਅਹੁਦੇਦਾਰਾਂ ਨੇ ਇੱਕ ਆਵਾਜ਼ ਵਿੱਚ ਕਿਹਾ ਕਿ ਜੇਕਰ ਇਹ ਨੋਟੀਫਿਕੇਸ਼ਨ ਵਾਪਸ ਨਾ ਲਿਆ ਗਿਆ ਤਾਂ ਅਸੀਂ ਵੀ ਜਹਾਜ ਭਰ ਕੇ ਪੰਜਾਬ ਆਵਾਂਗੇ ਅਤੇ ਕਿਸਾਨਾਂ ਦੀਆਂ ਜਮੀਨਾਂ ਬਚਾਉਣ ਲਈ ਸੜਕਾਂ 'ਤੇ ਉਤਰਾਂਗੇ। ਉਨ੍ਹਾਂ ਇਸ ਸਮੇਂ ਮਾਣਯੋਗ ਹਾਈਕੋਰਟ ਵੱਲੋਂ ਲਗਾਈ ਰੋਕ 'ਤੇ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਆਸ ਕੀਤੀ ਕਿ ਅਦਾਲਤ ਹੀ ਕਿਸਾਨਾਂ ਨੂੰ ਰਾਹਤ ਦੇਵੇਗੀ। ਉਹਨਾਂ ਪੰਜਾਬ ਸਰਕਾਰ ਦੇ ਕਿਸਾਨ ਮਾਰੂ ਮਨਸੂਬਿਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਹਨਾਂ ਪੰਜਾਬ ਵਿੱਚ ਲਾਅ ਐਂਡ ਆਰਡਰ ਵਿੱਚ ਆਏ ਨਿਘਾਰ ਲਈ ਭਗਵੰਤ ਮਾਨ ਸਰਕਾਰ ਨੂੰ ਦੋਸ਼ੀ ਠਹਿਰਾਇਆ। ਉਹਨਾਂ ਕਿਹਾ ਕਿ ਪੰਜਾਬ ਨੂੰ ਚੁਟਕਲੇ ਨਹੀਂ ਸਗੋਂ ਸੰਜੀਦਗੀ ਨਾਲ ਪੰਜਾਬ ਦੇ ਹਿੱਤਾਂ ਲਈ ਕੰਮ ਕਰਨ ਵਾਲੀ ਸਰਕਾਰ ਦੀ ਲੋੜ ਹੈ ਜੋ ਕਾਂਗਰਸ ਪਾਰਟੀ ਹੀ ਦੇ ਸਕਦੀ ਹੈ।

ਉਹਨਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਵਿਦੇਸ਼ਾਂ ਵਿੱਚ ਜਾ ਕੇ ਪੰਜਾਬੀਆਂ ਨੂੰ ਲਾਮਬੰਦ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਦੀ ਮਤਾ ਪਾ ਕੇ ਸ਼ਲਾਘਾ ਕੀਤੀ। ਇਸ ਸਮੇਂ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਵੱਲੋਂ ਕੀਤੀਆਂ ਸੰਵਿਧਾਨ ਬਚਾਓ ਰੈਲੀਆਂ ਦੀ ਵੀ ਪ੍ਰਸ਼ੰਸਾ ਕੀਤੀ ਗਈ। ਇਸ ਸਮੇਂ ਮੀਟਿੰਗ ਵਿੱਚ ਉੱਘੇ ਸਮਾਜਸੇਵੀ ਖੇਡ ਪ੍ਰਮੋਟਰ ਜੱਬਰ ਸਿੰਘ ਜਬਰਾ, ਬਹਾਦਰ ਸਿੰਘ ਸਿੱਧੂ, ਮਨਦੀਪ ਸਿੰਘ ਹਾਂਸ, ਹਰਜੀਤ ਸਿੰਘ ਸਿੱਧੂ, ਸੁਨੀਲ ਬਜਾਜ, ਰਵੀ ਪੱਬੀਆਂ, ਵਿੱਕੀ ਗਿੱਲ ਯੂਥ ਨੇਤਾ, ਨਿਰਮਲ ਸਿੰਘ ਗਰੇਵਾਲ, ਪਰਮਿੰਦਰ ਸਿੰਘ ਦਿਓਲ, ਜਸਵਿੰਦਰ ਸਿੰਘ ਕੰਗ ਸਕੱਤਰ ਜਨਰਲ, ਮਨਪ੍ਰੀਤ ਚੀਮਾ ਵਾਈਸ ਪ੍ਰਧਾਨ, ਜੱਗੀ ਕਲਸੀਆਂ ਜਨਰਲ ਸੈਕਟਰੀ, ਸੁੱਖੀ ਸਿੱਧੂ ਮੁੱਖ ਸਲਾਹਕਾਰ, ਲਾਡੀ ਬਾਜਵਾ, ਗੁਰਮੇਲ ਮਾਨ, ਕਮਿੱਕਰ ਸਿੰਘ ਜੰਡੀ, ਕਸ਼ਮੀਰਾ ਸਿੰਘ, ਗੁਰਵਿੰਦਰ ਰਠੌਰ, ਕੁਲਦੀਪ ਕੁਲਾਰ, ਭੋਲਾ ਰਣਜੀਤ ਬੈਨੀਪਾਲ, ਮੇਜਰ ਸਿੰਘ ਢਿੱਲੋਂ ਸੀਨੀਅਰ ਵਾਈਸ ਪ੍ਰਧਾਨ ਆਦਿ ਹਾਜ਼ਰ ਸਨ।

# ਬਟਾਲਾ ਪੁਲਿਸ ਦੇ ਟ੍ਰੈਫਿਕ ਸਟਾਫ਼ ਨੇ ਹੈਲਮਟ ਪਾ ਕੇ ਅਤੇ ਸ਼ੀਟ ਬੈਲਟ ਲਗਾ ਕੇ ਵਾਹਨ ਚਲਾਉਣ ਬਾਰੇ ਕੀਤਾ ਜਾਗਰੂਕ



**ਬਟਾਲਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਸੁਹੇਲ ਕਾਸਿਮ ਮੀਰ, ਐਸ ਐਸ ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਿਸ ਦੇ ਟ੍ਰੈਫਿਕ ਸਟਾਫ਼ ਵੱਲੋਂ ਦੇਸ ਰਾਜ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਖੇ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਸੈਮੀਨਾਰ ਕਰਵਾਇਆ। ਵਿਦਿਆਰਥੀਆਂ ਨੂੰ ਨਾਬਾਲਗ ਬੱਚਿਆਂ ਨੂੰ ਗੱਡੀ ਚਲਾਉਣ ਵਿਰੁੱਧ ਨਵੇਂ ਕਾਨੂੰਨ, ਸੜਕ ਸੁਰੱਖਿਆ ਅਤੇ 112 ਹੈਲਪਲਾਈਨ ਨੰਬਰ ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਸ੍ਰੀਮਤੀ ਜਸਵੰਤ ਕੌਰ, ਐਸ.ਪੀ (ਐੱਚ) ਬਟਾਲਾ ਨੇ ਦੱਸਿਆ ਕਿ ਬਟਾਲਾ ਪੁਲਿਸ ਦੇ ਸਾਂਝ ਸਟਾਫ਼ ਨੇ ਵਿਦਿਆਰਥੀਆਂ ਨੂੰ ਰੋਡ ਲਾਈਨ ਤੇ ਰੋਡ ਸਾਈਨ ਬਾਰੇ ਦੱਸਿਆ ਗਿਆ। ਹੈਲਮਟ, ਸ਼ੀਟ ਬੈਲਟ ਲਗਾਉਣ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਸੜਕ ਸੁਰੱਖਿਆ ਹੈਲਪ ਲਾਈਨ ਨੰਬਰ 112 ਬਾਰੇ ਵੀ ਬੱਚਿਆਂ ਨੂੰ ਦੱਸਿਆ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਟ੍ਰੈਫਿਕ ਇੰਚਾਰਜ ਬਟਾਲਾ ਵੀ ਮੌਜੂਦ ਸਨ।

ਇਸ ਮੌਕੇ ਵਿਦਿਆਰਥੀਆਂ ਨੂੰ ਘੱਟ ਉਮਰ ਵਿੱਚ ਡਰਾਈਵਿੰਗ ਕਰਨ ਉਪਰੰਤ ਹੋਣ ਵਾਲੀ ਕਨੂੰਨੀ ਕਾਰਵਾਈ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਰਾਈਵਿੰਗ ਲਾਇਸੈਂਸ ਦੀ ਅਹਿਮੀਅਤ ਬਾਰੇ ਅਤੇ ਫ਼ਰਿਸ਼ਤੇ ਸਕੀਮ ਬਾਰੇ ਜਾਗਰੂਕ ਕੀਤਾ ਗਿਆ ।

ਇਸ ਮੌਕੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਵੀ ਜਾਗਰੂਕ ਕਤਾ ਗਿਆ। ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਪੌਦਿਆਂ ਦੀ ਸਾਂਭ-ਸੰਭਾਲ ਬਾਰੇ ਪ੍ਰੇਰਿਤ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਅੱਜ ਲੋੜ ਹੈ ਕਿ ਵੱਧ ਤੋਂ ਪੌਦੇ ਲਗਾਏ ਜਾਣ ਤੇ ਉਨਾਂ ਦੀ ਸਾਂਭ-ਸੰਭਾਲ ਕੀਤੀ ਜਾਵੇ।

# ਤਿਲਹਨ ਫਸਲਾਂ ਵਿੱਚ ਉੰਨਤ ਉਤਪਾਦਨ ਤਕਨਾਲੋਜੀਆਂ ਬਾਰੇ ਤਿੰਨ ਦਿਨਾਂ ਦਾ ਸਿਖਲਾਈ ਪ੍ਰੋਗਰਾਮ ਸ਼ੁਰੂ



**ਫਾਜ਼ਿਲਕਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਿਸ਼ੀ ਵਿਗਿਆਨ ਕੇਂਦਰ, ਫਾਜ਼ਿਲਕਾ (ਸੀਫੈਟ ਅਬੋਹਰ) ਵੱਲੋਂ 11 ਤੋਂ 17 ਅਗਸਤ 2025 ਤੱਕ ਤਿਲਹਨ ਫਸਲਾਂ ਵਿੱਚ ਉੱਨਤ ਉਤਪਾਦਨ ਤਕਨਾਲੋਜੀਆਂ ਅਤੇ ਕਲੱਸਟਰ ਫਰਸਟ ਲਾਈਨ ਡੈਮੋਨਸਟ੍ਰੇਸ਼ਨ ਤਕਨੀਕਾਂ ਬਾਰੇ ਤਿੰਨ ਦਿਨਾਂ ਦਾ ਸਿਖਾਈ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ।

ਇਸ ਪ੍ਰੋਗਰਾਮ ਦਾ ਆਯੋਜਨ ਡਾ. ਅਮਿਤ ਨਾਥ ਦੀ ਅਗਵਾਈ ਹੇਠ ਕੀਤਾ ਗਿਆ। ਸਿੱਖਲਾਈ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਪ੍ਰਕਾਸ਼ ਚੰਦ ਗੁਜਰ ਅਤੇ ਕੋ-ਕੋਆਰਡੀਨੇਟਰ ਹਰਿੰਦਰ ਸਿੰਘ ਦਹਿਆ ਹਨ। ਇਸ ਮੌਕੇ 'ਤੇ ਪ੍ਰਥਵੀਰਾਜ ਅਤੇ ਡਾ. ਕਿਸ਼ਨ ਕੁਮਾਰ ਪਟੇਲ ਵੱਲੋਂ ਵੀ ਕਿਸਾਨਾਂ ਨੂੰ ਖੇਤੀਬਾੜੀ ਸੰਬੰਧੀ ਯੰਤਰਾਂ ਅਤੇ ਉਨ੍ਹਾਂ ਦੀ ਸਹੀ ਵਰਤੋਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਸਿਖਲਾਈ ਦੌਰਾਨ ਕਿਸਾਨਾਂ ਨੂੰ ਤਿਲਹਨ ਫਸਲਾਂ ਦੀ ਉੱਚ ਉਤਪਾਦਕ ਕਿਸਮਾਂ, ਬੀਜ ਸੁਰੱਖਿਆ, ਸੰਤੁਲਿਤ ਖਾਦ ਪ੍ਰਬੰਧਨ, ਕੀਟ-ਰੋਗ ਪ੍ਰਬੰਧਨ, ਸਿੰਚਾਈ ਪ੍ਰਣਾਲੀਆਂ ਅਤੇ ਫਸਲਾਂ ਦੀ ਗੁਣਵੱਤਾ ਵਧਾਉਣ ਲਈ ਨਵੀਂ ਵਿਗਿਆਨਕ ਤਕਨੀਕਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।

ਪ੍ਰਦਰਸ਼ਨੀ ਪਲਾਟਾਂ ਦੇ ਲਾਭਾਂ ਬਾਰੇ ਵੀ ਚਰਚਾ ਹੋਈ, ਤਾਂ ਜੋ ਕਿਸਾਨ ਆਪਣੇ ਖੇਤਾਂ ਵਿੱਚ ਨਵੀਂ ਤਕਨਾਲੋਜੀ ਨੂੰ ਲਾਗੂ ਕਰਕੇ ਉਤਪਾਦਨ ਤੇ ਆਮਦਨ ਵਿੱਚ ਵਾਧਾ ਕਰ ਸਕਣ।

ਡਾ. ਅਮਿਤ ਨਾਥ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਕਿਸਾਨਾਂ ਨੂੰ ਨਾ ਸਿਰਫ਼ ਨਵੀਂ ਜਾਣਕਾਰੀ ਦਿੰਦੇ ਹਨ, ਬਲਕਿ ਉਨ੍ਹਾਂ ਨੂੰ ਖੇਤੀ ਵਿੱਚ ਨਵੀਨਤਾ ਲਿਆਉਣ ਲਈ ਪ੍ਰੇਰਿਤ ਵੀ ਕਰਦੇ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਿੱਖੀਆਂ ਤਕਨੀਕਾਂ ਨੂੰ ਆਪਣੇ ਖੇਤਾਂ ਵਿੱਚ ਅਮਲ ਵਿੱਚ ਲਿਆਉਣ।

# ਸਿਹਤ ਸੰਭਾਲ, ਸਿੱਖਿਆ, ਬਿਜਲੀ, ਪਾਣੀ ਅਤੇ ਬੁਨਿਆਦੀ ਢਾਂਚੇ ਵਰਗੇ ਅਹਿਮ ਖੇਤਰ ਸਾਡੀ ਪ੍ਰਮੁੱਖ ਤਰਜੀਹ-ਵਿਧਾਇਕ ਸ਼ੈਰੀ ਕਲਸੀ



**ਬਟਾਲਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਉਦਯੋਗਿਕ ਖੇਤਰ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ ਹੈ ਅਤੇ ਉਦਯੋਗਪਤੀਆਂ ਤੋਂ ਪ੍ਰਾਪਤ ਫੀਡਬੈਕ ਪੰਜਾਬ ਦੇ ਆਰਥਿਕ ਵਿਕਾਸ ਨੂੰ ਹੋਰ ਤੇਜ਼ ਕਰਨ ਦੇ ਉਦੇਸ਼ ਨਾਲ ਨੀਤੀਆਂ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਉਦਯੋਗਿਕ ਵਿਕਾਸ ਰੁਕ ਗਿਆ ਸੀ ਪਰ ਮੌਜੂਦਾ ਸਰਕਾਰ ਉਦਯੋਗਿਕ ਖੇਤਰ ਦੀ ਬਿਹਤਰੀ ਲਈ ਲਗਾਤਾਰ ਯਤਨਸ਼ੀਲ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਉਦਯੋਗਪਤੀਆਂ ਦੀ ਸਖਤ ਮਿਹਨਤ, ਦ੍ਰਿੜ੍ਹਤਾ ਅਤੇ ਸਮਰਪਣ ਭਾਵਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਨੂੰ ਵਿਕਾਸ ਦੀ ਰਾਹ 'ਤੇ ਲਿਜਾਣ ਲਈ ਸਨਅਤਕਾਰਾਂ ਦੀ ਫੀਡਬੈਕ ਦੀ ਅਹਿਮੀਅਤ 'ਤੇ ਜੋਰ ਦਿੱਤਾ ਹੈ। ਉਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਪਿਛਾਂਹ-ਖਿੱਚੂ ਨੀਤੀਆਂ ਨਾਲ ਉਦਯੋਗ ਪੰਜਾਬ ਤੋਂ ਪਲਾਇਨ ਕਰ ਗਏ ਸਨ। ਉਦੋਂ ਵਿਕਾਸ ਨੂੰ ਸੁਚਾਰੂ ਬਣਾਉਣ ਦੀ ਬਜਾਏ ਸਨਅਤਾਂ ਲਈ ਬੇਲੋੜੀਆਂ ਰੁਕਾਵਟਾਂ ਪੈਦਾ ਕੀਤੀਆਂ ਗਈਆਂ ਸਨ।

ਵਿਧਾਇਕ ਸ਼ੈਰੀ ਕਲਸੀ ਨੇ ਸਿਹਤ ਸੰਭਾਲ, ਸਿੱਖਿਆ, ਬਿਜਲੀ, ਪਾਣੀ ਅਤੇ ਬੁਨਿਆਦੀ ਢਾਂਚੇ ਵਰਗੇ ਅਹਿਮ ਖੇਤਰਾਂ ਨੂੰ ਕੌਮੀ ਪੱਧਰ 'ਤੇ ਲਿਆਉਣ ਦਾ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਸਿਹਰਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪੰਜ ਖੇਤਰ ਸਾਡੀਆਂ ਪ੍ਰਮੁੱਖ ਤਰਜੀਹਾਂ ਹਨ ਅਤੇ ਅਸੀਂ ਇਨ੍ਹਾਂ ਖੇਤਰਾਂ ਨੂੰ ਮਜਬੂਤ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ ਹਾਂ।ਉਨਾਂ ਨੇ ਅੱਗੇ ਕਿਹਾ ਕਿ ਸਾਡੇ ਸੁਪਨਿਆਂ ਦਾ ਪੰਜਾਬ ਬਣਾਉਣ ਲਈ ਸਰਕਾਰ, ਉਦਯੋਗ ਅਤੇ ਅਕਾਦਮਿਕ ਸੰਸਥਾਵਾਂ ਦਰਮਿਆਨ ਸਹਿਯੋਗ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਤਾਲਮੇਲ ਸਾਡੇ ਰਾਜ ਅਤੇ ਇਸ ਦੇ ਲੋਕਾਂ ਲਈ ਕਾਫੀ ਲਾਭਦਾਇਕ ਹੋਵੇਗਾ। ਉਨ੍ਹਾਂ ਕਿਹਾ ਕਿ ਸਿੱਖਿਆ, ਸਿਹਤ ਸੰਭਾਲ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਸਾਡੀ ਵਿਕਾਸ ਰਣਨੀਤੀ ਦੇ ਮੁੱਖ ਥੰਮ੍ਹ ਹਨ।

# ਸਹਿਕਾਰੀ ਖੰਡ ਮਿੱਲਾਂ ਨੂੰ ਅਪਗਰੇਡ ਕਰਕੇ ਪੰਜਾਬ ਸਰਕਾਰ ਨੇ ਗੰਨਾ ਕਾਸ਼ਤਕਾਰਾਂ ਨੂੰ ਵੱਡੀ ਰਾਹਤ ਦਿੱਤੀ - ਜਗਰੂਪ ਸਿੰਘ ਸੇਖਵਾਂ



**ਗੁਰਦਾਸਪੁਰ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਗੰਨਾ ਕਾਸ਼ਤਕਾਰਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ।

ਪੰਜਾਬ ਸਰਕਾਰ ਨੇ ਬਟਾਲਾ ਤੇ ਗੁਰਦਾਸਪੁਰ ਦੀਆਂ ਸਹਿਕਾਰੀ ਖੰਡ ਮਿੱਲਾਂ ਨੂੰ ਅਪਗਰੇਡ ਕਰਕੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਕੱਢ ਕੇ ਗੰਨੇ ਦੀ ਕਾਸ਼ਤ ਹੇਠ ਰਕਬੇ ਨੂੰ ਵਧਾਇਆ ਹੈ। ਗੰਨੇ ਦੀ ਕਾਸ਼ਤ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਵਿੱਚ ਅਹਿਮ ਰੋਲ ਅਦਾ ਕਰ ਰਹੀ ਹੈ।

ਇਹ ਪ੍ਰਗਟਾਵਾ ਕਰਦਿਆਂ ਸੀਨੀਅਰ ਆਗੂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 330 ਕਰੋੜ ਰੁਪਏ ਖ਼ਰਚ ਕਰਕੇ ਸਹਿਕਾਰੀ ਖੰਡ ਮਿੱਲ ਬਟਾਲਾ ਦੀ ਸਮਰੱਥਾ ਹੁਣ 3500 ਟੀਸੀਡੀ ਕਰ ਦਿੱਤੀ ਗਈ ਹੈ ਅਤੇ ਇਸ ਵਿੱਚ 14 ਮੈਗਾਵਾਟ ਦਾ ਕੋ-ਜੈਨਰੇਸ਼ਨ ਪਲਾਂਟ ਵੀ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸੀਜ਼ਨ ਦੌਰਾਨ ਬਟਾਲਾ ਮਿੱਲ ਵਿੱਚ ਰਿਫਾਇੰਡ ਖੰਡ ਦਾ ਉਤਪਾਦਨ ਸ਼ੁਰੂ ਹੋ ਗਿਆ ਹੈ। ਅਜਿਹਾ ਕਰਨ ਵਾਲੀ ਇਹ ਸੂਬੇ ਦੀ ਪਹਿਲੀ ਸਹਿਕਾਰੀ ਖੰਡ ਮਿੱਲ ਬਣ ਗਈ ਹੈ।

ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਏਸੇ ਤਰ੍ਹਾਂ ਹੀ ਪੰਜਾਬ ਸਰਕਾਰ ਵੱਲੋਂ ਸਹਿਕਾਰੀ ਖੰਡ ਮਿੱਲ ਪਨਿਆੜ ਵਿਖੇ 402 ਕਰੋੜ ਰੁਪਏ ਦੀ ਲਾਗਤ ਨਾਲ ਸ਼ੂਗਰ ਮਿੱਲ ਦੀ ਸਮਰੱਥਾ ਨੂੰ ਵਧਾਉਣ ਦੇ ਨਾਲ ਕੋਜਨਰੇਸ਼ਨ ਪਲਾਂਟ ਲਗਾਇਆ ਜਾ ਰਿਹਾ ਹੈ ਜੋ ਬਹੁਤ ਜਲਦੀ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪਲਾਂਟ ਦੇ ਸ਼ੁਰੂ ਹੋਣ ਨਾਲ ਸ਼ੂਗਰ ਮਿੱਲ ਪੂਰੀ ਤਰ੍ਹਾਂ ਪਾਵਰ ਸਰਪਲੱਸ ਹੋ ਜਾਵੇਗੀ।

# ਆਨਲਾਈਨ ਪੇਪਰਲੈੱਸ ਡੀਡ ਰਜਿਸਟ੍ਰੇਸ਼ਨ ਪ੍ਰਣਾਲੀ ਦਾ ਉਦਘਾਟਨ



**ਨਰਾਇਣਗੜ੍ਹ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਨਰਾਇਣਗੜ੍ਹ ਤਹਿਸੀਲ ਵਿੱਚ ਕਾਗਜ਼ ਰਹਿਤ ਰਜਿਸਟ੍ਰੇਸ਼ਨ ਪ੍ਰਣਾਲੀ ਦੀ ਰਸਮੀ ਸ਼ੁਰੂਆਤ ਕੀਤੀ ਗਈ। ਐੱਸਡੀਐੱਮ ਸ਼ਿਵਜੀਤ ਭਾਰਤੀ ਨੇ ਇਸ ਆਧੁਨਿਕ ਅਤੇ ਡਿਜੀਟਲ ਪ੍ਰਕਿਰਿਆ ਲਈ ਸਥਾਪਤ ਕੀਤੇ ਗਏ ਕੰਪਿਊਟਰ, ਡੈਸਕ ਰੂਮ ਦਾ ਰਿਬਨ ਕੱਟ ਕੇ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਹ ਪਹਿਲ ਸੂਬਾ ਸਰਕਾਰ ਦੇ ਡਿਜੀਟਾਈਜ਼ੇਸ਼ਨ ਵੱਲ ਮਹੱਤਵਪੂਰਨ ਕਦਮ ਹੈ, ਜਿਸ ਦਾ ਉਦੇਸ਼ ਨਾਗਰਿਕਾਂ ਨੂੰ ਤੇਜ਼, ਸਰਲ ਅਤੇ ਪਾਰਦਰਸ਼ੀ ਸੇਵਾਵਾਂ ਪ੍ਰਦਾਨ ਕਰਨਾ ਹੈ। ਇਸ ਦੀ ਸ਼ੁਰੂਆਤ ਹਰਿਆਣਾ ਦੇ ਨਰਾਇਣਗੜ੍ਹ ਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਮੀਨ ਰਜਿਸਟਰੀ ਪ੍ਰਕਿਰਿਆ ਦੇ ਡਿਜੀਟਾਈਜ਼ੇਸ਼ਨ ਨਾਲ ਲੋਕਾਂ ਨੂੰ ਸਹੂਲਤ ਮਿਲੇਗੀ, ਸਮਾਂ ਅਤੇ ਕਾਗਜ਼ੀ ਕਾਰਵਾਈ ਦੋਵੇਂ ਬਚਣਗੇ। ਪਾਇਲਟ ਪ੍ਰਾਜੈਕਟ ਤਹਿਤ, ਇਹ ਪ੍ਰਣਾਲੀ ਨਰਾਇਣਗੜ੍ਹ ਤਹਿਸੀਲ ਵਿੱਚ ਸ਼ੁਰੂ ਕੀਤੀ ਗਈ ਹੈ।ਇਸ ਮੌਕੇ ਪੇਪਰ ਰਹਿਤ ਰਜਿਸਟ੍ਰੇਸ਼ਨ ਪ੍ਰਣਾਲੀ ਸਬੰਧੀ ਇੱਕ ਵਿਸ਼ੇਸ਼ ਸਿਖਲਾਈ ਸੈਸ਼ਨ ਵੀ ਕਰਵਾਇਆ ਗਿਆ। ਇਸ ਮੌਕੇ ਐੱਸਡੀਐੱਮ ਸ਼ਿਵਜੀਤ ਭਾਰਤੀ, ਨਾਇਬ ਤਹਿਸੀਲਦਾਰ ਸੰਜੀਵ ਅਤਰੀ, ਰਜਿਸਟਰੀ ਕਲਰਕ, ਪਟਵਾਰੀ ਅਤੇ ਹੋਰ ਮਾਲ ਵਿਭਾਗ ਦੇ ਕਰਮਚਾਰੀ ਮੌਜੂਦ ਸਨ। ਮਾਲ ਵਿਭਾਗ ਦੇ ਜੀਐੱਮ (ਆਈਟੀ) ਸੰਦੀਪ ਸਿੰਘ ਨੇ ਸਿਖਲਾਈ ਦੌਰਾਨ ਇਸ ਪ੍ਰਣਾਲੀ ਦੀ ਪੂਰੀ ਪ੍ਰਕਿਰਿਆ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਇੱਕ ਵਾਰ ਰਜਿਸਟਰੀ ਸਵੀਕਾਰ ਹੋ ਜਾਣ ਤੋਂ ਬਾਅਦ, ਖਰੀਦਦਾਰ ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਖਰਚੇ ਆਨਲਾਈਨ ਅਦਾ ਕਰੇਗਾ। ਸੈਸ਼ਨ ਦੌਰਾਨ, ਮੌਜੂਦ ਅਧਿਕਾਰੀਆਂ ਅਤੇ ਸਟਾਫ਼ ਨੂੰ ਸਾਰੀ ਪ੍ਰਕਿਰਿਆ ਸਬੰਧੀ ਸਮਝਾਇਆ ਗਿਆ। ਇਸ ਮੌਕੇ ਐੱਸਡੀਐੱਮ ਸ਼ਿਵਜੀਤ ਭਾਰਤੀ ਨੇ ਕਿਹਾ ਕਿ ਪੇਪਰਲੈੱਸ ਰਜਿਸਟ੍ਰੇਸ਼ਨ ਪ੍ਰਣਾਲੀ ਪੂਰੀ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਏਗੀ, ਕਾਗਜ਼ੀ ਕੰਮ ਘੱਟ ਹੋਵੇਗਾ ਅਤੇ ਨਾਗਰਿਕਾਂ ਨੂੰ ਇੱਕ ਤੇਜ਼, ਸੁਰੱਖਿਅਤ ਅਤੇ ਆਧੁਨਿਕ ਸੇਵਾ ਉਪਲਬਧ ਹੋਵੇਗੀ। ਇਸ ਮੌਕੇ ਨਾਇਬ ਤਹਿਸੀਲਦਾਰ ਸੰਜੀਵ ਅਤਰੀ ਨੇ ਦੱਸਿਆ ਕਿ ਇਸ ਪੇਪਰਲੈੱਸ ਰਜਿਸਟ੍ਰੇਸ਼ਨ ਸਿਸਟਮ ਰਾਹੀਂ, ਸੇਲ ਡੀਡ ਅਤੇ ਹੁੱਡਾ ਲਾਇਸੈਂਸ (ਸੁਧਾ ਕਲੋਨੀ) ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਆਨਲਾਈਨ ਅਤੇ ਪੇਪਰਲੈੱਸ ਹੋਵੇਗੀ।

ਉਨ੍ਹਾਂ ਕਿਹਾ ਕਿ ਇਸ ਨਵੀਂ ਤਕਨਾਲੋਜੀ ਰਾਹੀਂ, ਰਜਿਸਟਰੀ ਨਾਲ ਸਬੰਧਤ ਸਾਰੇ ਰਿਕਾਰਡ ਡਿਜੀਟਲੀ ਤੌਰ 'ਤੇ ਸੁਰੱਖਿਅਤ ਰੱਖੇ ਜਾਣਗੇ, ਜਿਸ ਨਾਲ ਦਸਤਾਵੇਜ਼ਾਂ ਦੀ ਗਲਤੀ ਜਾਂ ਗੁੰਮ ਹੋਣ ਦੀ ਸੰਭਾਵਨਾ ਖਤਮ ਹੋ ਜਾਵੇਗੀ।

# ਸਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਹੋਈ



**ਫਾਜ਼ਿਲਕਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

15 ਅਗਸਤ 2025 ਨੂੰ ਆਜਾਦੀ ਦਿਹਾੜੇ ਦੇ ਮੱਦੇਨਜਰ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਜ਼ੋਰਾ—ਸ਼ੋਰਾਂ ਨਾਲ ਚੱਲ ਰਹੀਆਂ ਹਨ।

ਇਹ ਸਮਾਗਮ ਬੜੇ ਹੀ ਉਤਸ਼ਾਹਪੂਰਵਕ ਅਤੇ ਜ਼ੋਸ਼ ਨਾਲ ਭਰਪੂਰ ਹੋਵੇ, ਇਸ ਦੇ ਮੱਦੇਨਜਰ ਲਗਾਤਾਰ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ। ਇਸ ਤਹਿਤ ਸਭਿਚਾਰਕ ਪ੍ਰੋਗਰਾਮ ਦੀ ਦੂਸਰੀ ਰਿਹਰਸਲ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਆਯੋਜਿਤ ਕੀਤੀ ਗਈ ਜਿਸ ਦਾ ਜਾਇਜਾ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਜਿਲ੍ਹਾ ਪੁਲਿਸ ਮੁਖੀ ਸ. ਗੁਰਮੀਤ ਸਿੰਘ ਵੱਲੋਂ ਲਿਆ ਗਿਆ। ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ, ਐਸ.ਪੀ. ਡੀ. ਮੁਖਤਿਆਰ ਰਾਏ, ਐਸ.ਡੀ.ਐਮ. ਕੰਵਰਜੀਤ ਸਿੰਘ ਮਾਨ ਵਿਸ਼ੇਸ਼ ਤੌਰ *ਤੇ ਨਾਲ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਭਿਆਚਾਰਕ ਪ੍ਰੋਗਰਾਮ ਜ਼ਿਲ੍ਹਾ ਪੱਧਰੀ ਸਮਾਗਮ ਦਾ ਖਿਚਵਾ ਕੇਂਦਰ ਹੁੰਦਾ ਹੈ ਤੇ ਸਭਿਆਚਾਰਕ ਪ੍ਰੋਗਰਾਮ ਦੀਆਂ ਹਰੇਕ ਆਈਟਮਾਂ ਜ਼ੋਸ਼ ਅਤੇ ਦੇਸ਼ ਭਗਤੀ ਨੂੰ ਸਮਰਪਿਤ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਸਭਿਆਚਾਰਕ ਪ੍ਰੋਗਰਾਮ ਦੀਆਂ ਪੇਸ਼ਕਾਰੀਆਂ ਕਰਨ ਵਾਲੇ ਸਕੂਲ ਮੁਖੀਆਂ ਨੂੰ ਆਈਟਮਾਂ ਦੌਰਾਨ ਦਰਪੇਸ਼ ਆਈਆਂ ਖਾਮੀਆਂ ਨੂੰ ਫੁਲ ਡਰੈਸ ਰਿਹਰਸਲ ਮੌਕੇ ਦੂਰ ਕਰਨ ਦੇ ਆਦੇਸ਼ ਦਿੱਤੇ।

ਜਾਇਜਾ ਲੈਣ ਉਪਰੰਤ ਮੀਟਿੰਗ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਫੁਲ ਡਰੈਸ ਰਿਹਰਸਲ 15 ਅਗਸਤ ਨੂੰ ਮਨਾਏ ਜਾਣ ਵਾਲੇ ਜਿਲ੍ਹਾ ਪੱਧਰੀ ਸਮਾਗਮ ਤਰ੍ਹਾਂ ਹੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਭਿਆਚਾਰਕ ਪ੍ਰੋਗਰਾਮ ਦੇ ਨਾਲ—ਨਾਲ ਪੂਰਾ ਸਮਾਗਮ ਵਿਚ ਕੋਈ ਅਣਗਹਿਲੀ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਸਕੂਲ ਮੁੱਖੀ ਅਤੇ ਵੱਖ—ਵੱਖ ਵਿਭਾਗਾਂ ਦੇ ਅਧਿਕਾਰੀ ਆਪੋ—ਆਪਣੇ ਵਿਭਾਗ ਨਾਲ ਸਬੰਧਤ ਡਿਊਟੀ ਤੈਅ ਸਮੇਂ ਅੰਦਰ ਮੁਕੰਮਲ ਕਰ ਲੈਣ।ਮੰਚ ਦਾ ਸੰਚਾਲਨ ਸੁਰਿੰਦਰ ਕੰਬੋਜ਼ ਨੇ ਬਾਖੂਬੀ ਢੰਗ ਨਾਲ ਕੀਤਾ।

ਇਸ ਮੌਕੇ ਡੀ.ਐਸ.ਪੀ. ਅਵਿਨਾਸ਼ ਚੰਦਰ, ਜ਼ਿਲ੍ਹਾ ਸਿਖਿਆ ਅਫਸਰ ਅਜੈ ਸ਼ਰਮਾ, ਸਿਖਿਆ ਵਿਭਾਗ ਤੋਂ ਸਤਿੰਦਰ ਬਤਰਾ, ਵਿਜੈ ਪਾਲ, ਗੁਰਛਿੰਦਰ ਪਾਲ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਗੁਰਦੁਆਰਾ ਮੈਨੇਜਮੈਂਟ ਐਕਟ 'ਚ ਤਜਵੀਜ਼ਤ ਤਰਮੀਮਾਂ 'ਤੇ ਵਿਵਾਦ ਕਿਉਂ ?



**ਕਰਨਾਲ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਨ ਐਕਟ (Haryana Sikh Gurdwara Management Act) (B@AD) ਵਿੱਚ ਤਜਵੀਜ਼ਤ ਸੋਧਾਂ ਨੂੰ ਹਰਿਆਣਾ ਕੈਬਨਿਟ ਵੱਲੋਂ ਮਨਜ਼ੂਰੀ ਦੇਣ ਦਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (Haryana Sikh Gurdwara Management Committee - HSGMC) ਦੇ ਜਨਰਲ ਹਾਊਸ ਦੇ ਮੈਂਬਰਾਂ ਵੱਲੋਂ ਤਿੱਖਾ ਵਿਰੋਧ ਜ਼ਾਹਰ ਕੀਤਾ ਜਾ ਰਿਹਾ ਹੈ। ਤਜਵੀਜ਼ਤ ਤਰਮੀਮਾਂ ਨੂੰ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਵਿੱਚ ਪੇਸ਼ ਕੀਤੇ ਜਾਣ ਦੀ ਉਮੀਦ ਹੈ।

ਮੈਂਬਰਾਂ ਦਾ ਕਹਿਣਾ ਹੈ ਕਿ ਸੋਧਾਂ ਨੂੰ ਜਨਰਲ ਹਾਊਸ ਨਾਲ ਸਲਾਹ ਕੀਤੇ ਬਿਨਾਂ ਪ੍ਰਸਤਾਵਿਤ ਕੀਤਾ ਗਿਆ ਹੈ। ਜਨਰਲ ਹਾਊਸ ਵੱਲੋਂ ਇੱਕ ਸਾਂਝਾ ਮਤਾ ਪਾਸ ਕੀਤਾ ਗਿਆ ਹੈ, ਜਿਸ ਵਿੱਚ ਸੋਧਾਂ ਨੂੰ ਰੱਦ ਕਰ ਦਿੱਤਾ ਗਿਆ ਹੈ।ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਨ ਐਕਟ (2014) ਹਰਿਆਣਾ ਰਾਜ ਵਿਧਾਨ ਸਭਾ ਵੱਲੋਂ 2014 ਵਿੱਚ ਪਾਸ ਕੀਤਾ ਗਿਆ ਇੱਕ ਕਾਨੂੰਨ ਹੈ, ਜਿਸ ਵਿੱਚ ਸਿੱਖ ਗੁਰਦੁਆਰਿਆਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦੇ ਪ੍ਰਬੰਧਨ ਲਈ ਇੱਕ ਵੱਖਰੀ ਕਮੇਟੀ ਸਥਾਪਤ ਕੀਤੀ ਗਈ ਹੈ। ਇਸ ਤੋਂ ਪਹਿਲਾਂ ਇਹ ਸਾਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (Shiromani Gurdwara Parbandhak Committee - SGPC) ਅੰਮ੍ਰਿਤਸਰ, ਵੱਲੋਂ ਕੀਤਾ ਜਾਂਦਾ ਸੀ।

ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ ਦੀ ਕੈਬਨਿਟ ਮੀਟਿੰਗ ਨੇ ਹਾਲ ਹੀ ਵਿੱਚ ਐਕਟ ਵਿੱਚ ਤਜਵੀਜ਼ਤ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਸਬੰਧ ਵਿੱਚ 8 ਅਗਸਤ ਨੂੰ ਕੁਰੂਕਸ਼ੇਤਰ ਵਿੱਚ HSGMC ਜਨਰਲ ਹਾਊਸ ਦੀ ਇੱਕ ਮੀਟਿੰਗ ਕਮੇਟੀ ਦੇ ਮੁੱਖ ਦਫ਼ਤਰ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਵਿਖੇ ਕੀਤੀ ਗਈ ਸੀ। ਇਸ ਵਿੱਚ ਕਮੇਟੀ ਮੈਂਬਰਾਂ ਨੇ ਇਨ੍ਹਾਂ ਤਬਦੀਲੀਆਂ ਨੂੰ ਰੱਦ ਕਰ ਦਿੱਤਾ ਅਤੇ ਇਨ੍ਹਾਂ ਦਾ ਵਿਰੋਧ ਕਰਨ ਲਈ ਇੱਕ ਮਤਾ ਪਾਸ ਕੀਤਾ।ਜਨਰਲ ਹਾਊਸ ਨੇ ਇਹ ਹਵਾਲਾ ਦਿੱਤਾ ਕਿ ਸੋਧਾਂ ਨੂੰ ਕੈਬਨਿਟ ਵੱਲੋਂ HSGMC ਦੀ 11 ਮੈਂਬਰੀ ਕਾਰਜਕਾਰੀ ਸੰਸਥਾ ਨਾਲ ਸਲਾਹ ਕੀਤੇ ਬਿਨਾਂ ਪਾਸ ਕੀਤਾ ਗਿਆ ਸੀ। ਮੈਂਬਰਾਂ ਦਾ ਦਾਅਵਾ ਹੈ ਕਿ ਐਕਟ ਵਿਚ ਕੀਤੀਆਂ ਜਾਣ ਵਾਲੀਆਂ ਇਹ ਤਰਮੀਮਾਂ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਕਮਜ਼ੋਰ ਕਰਦੀਆਂ ਹਨ।

ਮੈਂਬਰਾਂ ਦੇ ਅਨੁਸਾਰ ਹਰਿਆਣਾ ਕੈਬਨਿਟ ਨੇ ਧਾਰਾ AG (B) (c) ਵਿੱਚ ਸੋਧ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਇਹ ਧਾਰਾ ਵਰਤਮਾਨ ਵਿੱਚ HSGMC ਜਨਰਲ ਹਾਊਸ ਨੂੰ ਦੋ-ਤਿਹਾਈ ਬਹੁਮਤ ਨਾਲ ਮੈਂਬਰਾਂ ਨੂੰ ਹਟਾਉਣ ਦੀ ਆਗਿਆ ਦਿੰਦੀ ਹੈ। ਜੇ ਸੋਧਾਂ ਲਾਗੂ ਹੁੰਦੀਆਂ ਹਨ, ਤਾਂ ਇਹ ਅਖ਼ਤਿਆਰ ਹਰਿਆਣਾ ਸਿੱਖ ਗੁਰਦੁਆਰਾ ਜੁਡੀਸ਼ਿਅਲ ਕਮਿਸ਼ਨ (Haryana Sikh Gurdwara Judicial Commission) ਕੋਲ ਕੋਚ ਚਲਾ ਜਾਵੇਗਾ।

# ਭਾਰਤੀ ਖੇਡ ਅਥਾਰਟੀ ਵੱਲੋਂ ਫਿੱਟ ਇੰਡੀਆ ਸਾਈਕਲ ਰੈਲੀ



**ਸ਼ਾਹਬਾਦ ਮਾਰਕੰਡਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਪਲਵਲ ਦੇ ਸਰਪੰਚ ਰਵੀ ਕੁਮਾਰ ਨੇ ਕਿਹਾ ਹੈ ਕਿ ਹਰੇਕ ਵਿਅਕਤੀ ਨੂੰ ਸਾਈਕਲਿੰਗ ਨੂੰ ਆਪਣੇ ਜੀਵਨ ਵਿੱਚ ਅਪਨਾਉਣਾ ਪਵੇਗਾ। ਇਸ ਨਾਲ ਉਹ ਨਿੱਤ ਦੇ ਕਾਰਜਾਂ ਵਿਚ ਹਮੇਸ਼ਾ ਸਿਹਤਮੰਤਦ ਰਹੇਗਾ। ਉਹ ਅੱਜ ਪਿੰਡ ਦੇ ਸਕੂਲ ਵਿਚ ਭਾਰਤੀ ਖੇਡ ਅਥਾਰਟੀ ਵੱਲੋਂ ਫਿੱਟ ਇੰਡੀਆ ਸਾਈਕਲ ਰੈਲੀ ਦੇ ਦੌਰਾਨ ਗੱਲਬਾਤ ਕਰ ਰਹੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਭਾਰਤੀ ਖੇਡ ਅਥਾਰਟੀ ਦੇ ਸਹਾਇਕ ਨਿਰਦੇਸ਼ਕ ਬਾਬੂ ਰਾਮ ਰਾਵਲ, ਜ਼ਿਲ੍ਹਾ ਖੇਡ ਅਧਿਕਾਰੀ ਮਨੋਜ ਕੁਮਾਰ, ਸਾਈਂ ਇੰਚਾਰਜ ਕੁਲਦੀਪ ਸਿੰਘ ਵੜੈਚ, ਡੀਆਈਪੀਆਰਓ ਡਾ. ਨਰਿੰਦਰ ਸਿੰਘ, ਸਾਬਕਾ ਜ਼ਿਲ੍ਹਾ ਖੇਡ ਅਧਿਕਾਰੀ ਯਸ਼ਬੀਰ ਸਿੰਘ, ਸਾਬਕਾ ਹਾਕੀ ਚੀਫ ਕੋਚ ਗੁਰਵਿੰਦਰ ਸਿੰਘ ਵੱਲੋਂ ਫਿੱਟ ਇੰਡੀਆ ਮੂਵਮੈਂਟ ਸਾਈਕਲ ਜਾਕਰੂਕਤਾ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਭਾਰਤੀ ਖੇਡ ਅਥਾਰਟੀ ਦੇ ਸਹਾਇਕ ਨਿਰਦੇਸ਼ਕ ਬਾਬੂ ਰਾਮ ਰਾਵਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਯਤਨਾਂ ਨਾਲ ਨੌਜਵਾਨ ਪੀੜ੍ਹੀ ਨੂੰ ਨਸ਼ੇ ਵਰਗੀਆਂ ਬੁਰਾਈਆਂ ਤੋਂ ਦੂਰ ਕਰਨ ਲਈ ਖੇਡਾਂ ਵੱਲ ਆਕਰਿਸ਼ਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਜ਼ਿਲ੍ਹਾ ਖੇਡ ਅਧਿਕਾਰੀ ਮਨੋਜ ਕੁਮਾਰ ਨੇ ਕਿਹਾ ਕਿ ਸਾਈਂ ਵੱਲੋਂ ਫਿੱਟ ਇੰਡੀਆ ਅਭਿਆਨ ਦੇ ਤਹਿਤ ਇਹ ਸਾਈਕਲ ਰੈਲੀ ਕੱਢੀ ਜਾ ਰਹੀ ਹੈ।

# ਮੋਦੀ ਕਾਲਜ ਤੋਂ ਕੀਤੀ ਗਈ ਏਡਜ਼ ਸਬੰਧੀ; ਜਿਲ੍ਹਾ ਪੱਧਰੀ ਜਾਗਰੁਕਤਾ ਮੁਹਿੰਮ ਦੀ ਸ਼ੁਰੂਆਤ




ਪਟਿਆਲਾ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਐਚਆਈਵੀ/ਏਡਜ਼ ਇੰਟੈਂਸੀਫਾਈਡ ਜਾਗਰੁਕਤਾ ਮੁਹਿੰਮ ਦੀ ਜਿਲ੍ਹਾ ਪੱਧਰੀ ਸ਼ੁਰੂਆਤ ਸਿਵਲ ਸਰਜਨ ਪਟਿਆਲਾ ਡਾ੍ ਜਗਪਾਲਇੰਦਰ ਸਿੰਘ ਵੱਲੋਂ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਤੋਂ ਕੀਤੀ ਗਈ। ਇਸ ਦੌਰਾਨ ਰੈੱਡ ਰਿਬਨ ਕਲੱਬ ਪ੍ਰੋਗਰਾਮ ਦੇ ਲੱਗਭਗ 200 ਵਾਲੰਟੀਅਰ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਪਟਿਆਲਾ ਵੱਲੋਂ ਦੱਸਿਆ ਗਿਆ ਕਿ ਇਸ ਮੁੰਹਿਮ ਦਾ ਮੁੱਖ ਮਕਸਦ ਪਟਿਆਲਾ ਦੇ ਸਮੂਹ ਆਈਸੀਟੀਸੀ ਅਤੇ ਏਆਰਟੀ ਕੇਂਦਰ ਦੇ ਸਟਾਫ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਆਮ ਲੋਕਾਂ ਨੂੰ ਐਚਆਈਵੀ ਏਡਜ਼ ਸਬੰਧੀ ਬਿਮਾਰੀ ਤੋਂ ਜਾਗਰੂਕ ਕਰਨਾ ਹੈ ਤਾਂ ਜੋ ਆਮ ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਇਆ ਜਾ ਸਕੇ।

ਸਿਵਲ ਸਰਜਨ ਨੇ ਸਮੂਹ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਸਿਹਤ ਵਿਭਾਗ ਦਾ ਸਾਥ ਦੇਣ ਅਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੈੱਡ ਰਿਬਨ ਕਲੱਬ ਪ੍ਰੋਗਰਾਮ ਅਧੀਨ ਸਵੈ-ਇੱਛਾ ਨਾਲ ਆਪਣੇ ਪੱਧਰ ਉੱਤੇ ਇੱਕ ਇੱਕ ਪਿੰਡ ਗੋਦ ਲੈਣ ਤੇ ਪੰਜ ਪੰਜ ਵਿਦਿਆਰਥੀਆਂ ਦਾ ਗਰੁੱਪ ਬਣਾ ਕੇ ਐਚਆਈਵੀ/ਏਡਜ਼ ਦੀ ਬਿਮਾਰੀ ਸਬੰਧੀ ਇਨ੍ਹਾਂ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦਾ ਉਪਰਾਲਾ ਕਰਨ। ਇਸ ਮੌਕੇ ਜਿਲ੍ਹਾ ਟੀਬੀ ਅਤੇ ਐਚਆਈਵੀ/ਏਡਜ਼ ਕੰਟਰੋਲ ਅਫਸਰ ਡਾ੍ ਗੁਰਪ੍ਰੀਤ ਸਿੰਘ ਨਾਗਰਾ ਵੱਲੋਂ ਵਿਦਿਆਰਥੀਆਂ ਨੂੰ ਏਡਜ਼ ਫੈਲਣ ਦੇ ਕਾਰਨ, ਟੈਸਟਿੰਗ ਤੇ ਇਲਾਜ ਸਬੰਧੀ ਵਿਸਥਾਰਪੂਰਬਕ ਦੱਸਿਆ ਗਿਆ।

ਯਾਦਵਿੰਦਰ ਸਿੰਘ ਵਿਰਕ ਕਲਸਟਰ ਪ੍ਰੋਗਰਾਮ ਅਫਸਰ ਵੱਲੋਂ ਨੈਸ਼ਨਲ ਏਡਜ਼ ਕੰਟਰੋਲ ਪ੍ਰੋਗਰਾਮ ਅਧੀਨ ਰਾਜ ਭਰ ਵਿੱਚ ਦਿੱਤੀਆਂ ਜਾ ਰਹੀਆਂ ਮੁਫਤ ਸੇਵਾਵਾਂ ਸਬੰਧੀ ਜਾਣੂ ਕਰਵਾਇਆ ਗਿਆ। ਇਸ ਦੌਰਾਨ ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਕਮ ਜ਼ਿਲ੍ਹਾ ਨੋਡਲ ਅਫਸਰ ਰੈੱਡ ਰੀਬਨ ਕਲੱਬ ਪ੍ਰੋਗਰਾਮ ਮਲਕੀਤ ਸਿੰਘ ਮਾਨ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਭਰੋਸਾ ਦਿੱਤਾ ਗਿਆ ਕਿ ਇਸ ਮੁਹਿੰਮ ਵਿੱਚ ਸਬੰਧਤ ਪ੍ਰੋਗਰਾਮ ਅਫਸਰ ਤੇ ਵਾਲੰਟੀਅਰ ਵੱਧ ਚੜ੍ਹ ਕੇ ਹਿੱਸਾ ਲੈਣਗੇ।

ਇਸ ਮੌਕੇ ਮੋਦੀ ਕਾਲਜ ਦੇ ਪ੍ਰਿੰਸੀਪਲ ਨੀਰਜ ਕੁਮਾਰ, ਰੈੱਡ ਰਿਬਨ ਕਲੱਬ ਦੇ ਪ੍ਰੋਗਰਾਮ ਅਫਸਰ ਪ੍ਰੋਫੈਸਰ ਰਾਜੀਵ, ਏਆਰਟੀ ਸੈਂਟਰ ਰਜਿੰਦਰਾ ਹਸਪਤਾਲ ਪਟਿਆਲਾ ਦੇ ਇੰਚਾਰਜ ਡਾ੍ ਕ੍ਰਿਸ਼ਨ ਸਿੰਘ,ਦਿਸ਼ਾ ਕਲੱਸਟਰ ਪਟਿਆਲਾ ਤੋਂ ਕਲੀਨਿਕਲ ਸਰਵਿਸ ਅਫਸਰ ਨਿਤਿਨ ਚਾਂਦਲਾ, ਕਲੱਸਟਰ ਰੋਕਥਾਮ ਅਫਸਰ ਜਸਪ੍ਰੀਤ ਸਿੰਘ ਸੰਧੂ, ਡਾਟਾ ਤੇ ਡਾਕੂਮੈਂਟੇਸ਼ਨ ਅਫਸਰ ਡਾ੍ ਅਮਨਦੀਪ ਕੌਰ, ਕਾਊਂਸਲਰ ਗੁਰਬਿੰਦਰ ਸਿੰਘ, ਜਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ, ਜਿਲ੍ਹਾ ਮਾਸ ਮੀਡੀਆ ਅਫਸਰ ਜਸਜੀਤ ਕੌਰ, ਡਿਪਟੀ ਮਾਸ ਮੀਡੀਆ ਅਫਸਰ ਜੁਪਿੰਦਰ ਪਾਲ ਕੌਰ, ਬੀਸੀਸੀ ਜਸਵੀਰ ਕੌਰ ਤੇ ਬੀਈਈ ਸ਼ਿਆਨ ਜ਼ਫਰ ਅਤੇ ਹੋਰ ਸਟਾਫ ਮੌਜੂਦ ਸੀ।

# ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਪਹਿਲਵਾਨ) ਪਾਵਰ ਕਾਰਪੋਰੇਸ਼ਨ ਅਤੇ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੀ ਮੀਟਿੰਗ ਆਯੋਜਿਤ

ਪਟਿਆਲਾ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਪਹਿਲਵਾਨ) ਪਾਵਰ ਕਾਰਪੋਰੇਸ਼ਨ ਅਤੇ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੀ ਮੀਟਿੰਗ ਸ. ਸ਼ਿਵਦੇਵ ਸਿੰਘ ਸਰਕਲ ਪ੍ਰਧਾਨ ਪਟਿਆਲਾ ਅਤੇ ਸੂਬਾ ਦਫਤਰੀ ਸਕੱਤਰ ਦੀ ਪ੍ਰਧਾਨਗੀ ਹੇਠ ਜੱਥੇਬੰਦੀ ਦੇ ਮੁੱਖ ਦਫਤਰ ਪਟਿਆਲਾ ਵਿਖੇ ਹੋਈ। ਜਿਸ ਵਿੱਚ ਪਟਿਆਲਾ ਸਰਕਲ ਦੀਆਂ ਵੱਖ-ਵੱਖ ਡਵੀਜਨਾਂ ਵਿੱਚੋਂ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਸ਼ਾਮਲ ਹੋਏ।



ਮੀਟਿੰਗ ਦੀ ਜਾਣਕਾਰੀ ਪ੍ਰੈਸ ਨੂੰ ਜਾਰੀ ਕਰਦੇ ਹੋਏ ਬੀ.ਐਸ. ਸੇਖੋਂ ਜਨਰਲ ਸਕੱਤਰ ਪੰਜਾਬ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਜ਼ ਦੀ ਹਰ ਮਹੀਨੇ 200/- ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਿਕਾਸ ਟੈਕਸ ਦੇ ਨਾਂ ਵਸੂਲੀ ਕੀਤੀ ਜਾ ਰਹੀ ਹੈ, ਜੋ ਕਿ ਸਰਾਸਰ ਧੱਕਾ ਹੈ, ਕਿਉਂਕਿ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਵਿੱਚ ਕੇਵਲ ਰੈਗੂਲਰ ਮੁਲਾਜ਼ਮਾਂ ਜਿਹੜੇ ਵੈਜਿਜ਼ ਲੈ ਰਹੇ ਹਨ, ਉਹਨਾਂ ਦੀ ਹੀ ਕਟੌਤੀ ਕਰਨੀ ਬਣਦੀ ਹੈ। ਕਿਉਂਕਿ ਪੈਨਸ਼ਨ ਦਾ ਕਿਤੇ ਵੀ ਜਿਕਰ ਨਹੀਂ ਕੀਤਾ ਗਿਆ। ਇਸ ਤਰ੍ਹਾਂ ਜਿਹੜੇ ਕਰਮਚਾਰੀ ਮਿਤੀ 01-01-2016 ਤੋਂ ਪਹਿਲਾਂ ਸੇਵਾਮੁਕਤ ਹੋਏ ਹਨ, ਉਨ੍ਹਾਂ ਦੀ ਪੈਨਸ਼ਨ ਦੀ ਸੋਧ 2.45 ਦੇ ਫੈਕਟਰ ਨਾਲ ਕੀਤੀ ਗਈ ਹੈ ਉਹ ਬਿਲਕੁਲ ਗਲਤ ਹੈ, ਕਿਉਂਕਿ 01-01-2016 ਤੋਂ ਬਾਅਦ ਸੇਵਾਮੁਕਤ ਹੋਏ ਪੈਨਸ਼ਨਰਜ਼ ਨੂੰ 2.59 ਦੇ ਫੈਕਟਰ ਨਾਲ ਪੈਨਸ਼ਨ ਸੋਧੀ ਗਈ ਹੈ। ਇਸ ਲਈ ਸਰਕਾਰ ਤੋਂ ਮੰਗ ਕੀਤੀ ਗਈ ਕਿ 01-01-2016 ਤੋਂ ਪਹਿਲਾਂ ਸੇਵਾਮੁਕਤ ਹੋਏ ਕਰਮਚਾਰੀਆਂ ਦੀ ਪੈਨਸ਼ਨ 2.59 ਦੇ ਫੈਕਟਰ ਨਾਲ ਸੋਧੀ ਜਾਵੇ। ਮੀਟਿੰਗ ਵਿੱਚ ਇਹ ਵੀ ਮੰਗ ਕੀਤੀ ਗਈ ਕਿ 01-01-2016 ਤੋਂ 30-06-2021 ਤੱਕ ਸੇਵਾਮੁਕਤ ਹੋਏ ਕਰਮਚਾਰੀ ਜਿਨ੍ਹਾਂ ਦਾ ਕੁੱਲ ਏਰੀਅਰ 50 ਹਜਾਰ ਬਣਦਾ ਹੈ, ਉਨ੍ਹਾਂ ਨੂੰ ਯਕਮੁਸ਼ਤ ਅਦਾਇਗੀ ਕੀਤੀ ਜਾਵੇ। ਇਹ ਵੀ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਵੱਲੋਂ ਆਪਣੇ ਕਰਮਚਾਰੀਆਂ/ਪੈਨਸ਼ਨਰਜ਼ ਨੂੰ 55 ਪ੍ਰਤੀਸ਼ਤ ਮਹਿੰਗਾਈ ਭੱਤਾ ਦਿੱਤਾ ਜਾ ਰਿਹਾ ਹੈ, ਪਰੰਤੂ ਪੰਜਾਬ ਸਰਕਾਰ ਦੇ ਕਰਮਚਾਰੀਆਂ / ਪੈਨਸ਼ਨਰਜ਼ ਨੂੰ ਕੇਵਲ 42 ਪ੍ਰਤੀਸ਼ਤ ਮਹਿੰਗਾਈ ਭੱਤਾ ਦਿੱਤਾ ਜਾ ਰਿਹਾ ਹੈ। ਮੰਗ ਕੀਤੀ ਗਈ ਕਿ ਪੰਜਾਬ ਦੇ ਕਰਮਚਾਰੀਆਂ /ਪੈਨਸ਼ਨਰਜ਼ ਨੂੰ 16 ਪ੍ਰਤੀਸ਼ਤ ਬਕਾਇਆ ਮਹਿੰਗਾਈ ਭੱਤਾ ਦੇ ਕੇ ਕੇਂਦਰ ਸਰਕਾਰ ਦੇ ਬਰਾਬਰ ਕੀਤਾ ਜਾਵੇ। ਜਿਹੜੇ ਮ੍ਰਿਤਕ ਕਰਮਚਾਰੀਆਂ ਦੇ ਵਾਰਿਸਾਂ ਜਿਨ੍ਹਾਂ ਨੇ ਸਿਲੇਸ਼ਿਅਮ ਲਿਆ ਸੀ ਉਨ੍ਹਾਂ ਤੋਂ 12 ਪ੍ਰਤੀਸ਼ਤ ਵਿਆਜ ਦੀ ਵਸੂਲੀ ਮੁਆਫ਼ ਕਰਕੇ ਕੇਵਲ ਮੂਲ ਰਕਮ ਵਸੂਲੀ ਜਾਵੇ। ਮੀਟਿੰਗ ਵਿੱਚ ਬੀ.ਐਸ. ਸੇਖੋਂ, ਸ਼ਿਵਦੇਵ ਸਿੰਘ, ਬਲਵਿੰਦਰ ਸਿੰਘ ਪਸਿਆਣਾ, ਸੁਰਜੀਤ ਸਿੰਘ ਮੰਡੋਰ, ਅਜਮੇਰ ਸਿੰਘ, ਕਿਰਪਾਲ ਸਿੰਘ, ਸਮਸ਼ੇਰ ਸਿੰਘ, ਜਗਦੀਸ਼ ਸਿੰਘ, ਅਜੈ ਕੁਮਾਰ, ਗੁਰਭਜਨ ਸਿੰਘ, ਮਸਤਾਨ ਸਿੰਘ, ਹਾਕਮ ਸਿੰਘ, ਲਕਸ਼ਮੀ ਨਰਾਇਣ, ਦਲੀਪ ਸਿੰਘ, ਅਮਰਜੀਤ ਸਿੰਘ ਬੇਦੀ, ਰਤਨ ਅਨਮੋਲ, ਕੇਸਰ ਸਿੰਘ, ਜੋਗਿੰਦਰ ਗਿਰ ਆਦਿ ਹਾਜਰ ਸਨ। ਮੀਟਿੰਗ ਵਿੱਚ ਬਿਜਲੀ ਮੁਲਾਜਮਾਂ ਦੇ ਸੰਘਰਸ਼ ਦੀ ਪੁਰਜੋਰ ਹਮਾਇਤ ਦਾ ਐਲਾਨ ਕੀਤਾ ਗਿਆ।

# ਜਦੋਂ ਤੱਕ ਪੁਰਾਣੀਆਂ ਗ੍ਰਾਂਟਾਂ ਨਹੀਂ ਖਰਚਦੇ, ਉਦੋਂ ਤੱਕ ਨਵੀਂ ਗ੍ਰਾਂਟ ਜਾਰੀ ਨਹੀਂ ਕੀਤੀ ਜਾਵੇਗੀ : ਡਿਪਟੀ ਕਮਿਸ਼ਨਰ

ਜਲੰਧਰ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਕ ਉੱਚ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਪੇਂਡੂ ਵਿਕਾਸ ਅਤੇ ਹੋਰ ਸਕੀਮਾਂ ਦਾ ਜਾਇਜ਼ਾ ਲੈਣ ਦੌਰਾਨ ਸਾਹਮਣੇ ਆਇਆ ਕਿ ਪਿੰਡਾਂ ਵਿੱਚ ਕਈ ਗ੍ਰਾਂਟਾਂ ਅਣਵਰਤੀਆਂ ਹਨ। ਇਸ ਦਾ ਗੰਭੀਰ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਜਦੋਂ ਤੱਕ ਪੁਰਾਣੀਆਂ ਗ੍ਰਾਂਟਾਂ ਨਹੀਂ ਖਰਚੀਆਂ ਜਾਂਦੀਆਂ, ਉਦੋਂ ਤੱਕ ਨਵੀਂ ਗ੍ਰਾਂਟ ਜਾਰੀ ਨਹੀਂ ਕੀਤੀ ਜਾਵੇਗੀ।




ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ, ਇਸ ਲਈ ਪੂਰੀ ਗੰਭੀਰਤਾ ਨਾਲ ਸਮੇਂ ਸਿਰ ਪਿੰਡਾਂ ਦੇ ਵਿਕਾਸ ਕਾਰਜ ਨੇਪਰੇ ਚਾੜ੍ਹੇ ਜਾਣ, ਤਾਂ ਜੋ ਨਵੇਂ ਵਿਕਾਸ ਕੰਮ ਆਰੰਭੇ ਜਾ ਸਕਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾਂਦੇ ਹਨ, ਇਸ ਲਈ ਇਨ੍ਹਾਂ ਫੰਡਾਂ ਦੀ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਸਮੇਂ ਸਿਰ ਵਰਤੋਂ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਡਾ. ਅਗਰਵਾਲ ਨੇ ਸਮੂਹ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਬੀ.ਡੀ.ਓਜ਼ ਦੇ ਨਾਲ ਮਿਲ ਕੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕੰਮਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਵੇ, ਤਾਂ ਜੋ ਇਨ੍ਹਾਂ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਜ਼ਿਲ੍ਹੇ ਦੇ 110 ਪਿੰਡਾਂ ਵਿੱਚ ਠੋਸ ਰਹਿੰਦ-ਖੂਹੰਦ ਪ੍ਰਬੰਧਨ ਸਬੰਧੀ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ। ਇਸੇ ਤਰ੍ਹਾਂ ਤਰਲ ਰਹਿੰਦ-ਖੂਹੰਦ ਪ੍ਰਬੰਧਨ ਤਹਿਤ 70 ਪਿੰਡਾਂ ਵਿੱਚ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ। ਉਨ੍ਹਾਂ ਅਧਿਕਾਰੀਆਂ ਨੂੰ ਬਾਕੀ ਪਿੰਡਾਂ ਵਿੱਚ ਠੋਸ ਤੇ ਤਰਲ ਰਹਿੰਦ-ਖੂਹੰਦ ਪ੍ਰਬੰਧਨ ਸਬੰਧੀ ਚੱਲ ਰਹੇ ਪ੍ਰਾਜੈਕਟਾਂ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਂਦਿਆਂ ਇਨ੍ਹਾਂ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਹਦਾਇਤ ਕੀਤੀ।

ਉਨ੍ਹਾਂ ਸਮੂਹ ਬੀ.ਡੀ.ਪੀ.ਓਜ਼ ਨੂੰ ਰੁੜਕਾ ਕਲਾਂ ਦਾ ਦੌਰਾ ਕਰਕੇ ਉਥੇ ਠੋਸ ਅਤੇ ਤਰਲ ਰਹਿੰਦ-ਖੂਹੰਦ ਪ੍ਰਬੰਧਨ ਸਬੰਧੀ ਕੀਤੇ ਗਏ ਕੰਮਾਂ ਦਾ ਅਧਿਐਨ ਕਰਨ ਅਤੇ ਉਕਤ ਮਾਡਲ ਨੂੰ ਹੋਰਨਾਂ ਪਿੰਡਾਂ ਵਿੱਚ ਵੀ ਲਾਗੂ ਕਰਨ ਲਈ ਉਪਰਾਲੇ ਕਰਨ ਲਈ ਕਿਹਾ।

ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਵਿਕਾਸ ਕੰਮਾਂ ਦੇ ਆਧਾਰ 'ਤੇ 'ਸਰਵ-ਉੱਤਮ ਪਿੰਡ' ਦੀ ਚੋਣ ਕਰਕੇ ਉਸ ਨੂੰ ਵਿਸ਼ੇਸ਼ ਸਨਮਾਨ ਨਾਲ ਨਵਾਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਪਿੰਡਾਂ ਵਿੱਚ ਸਿਹਤ, ਸਫਾਈ ਅਤੇ ਵਿਕਾਸ ਲਈ ਮੁਕਾਬਲੇ ਦੀ ਭਾਵਨਾ ਵਧੇਗੀ।

ਮੀਟਿੰਗ ਵਿੱਚ ਐਸ.ਡੀ.ਐਮ. ਆਦਮਪੁਰ ਵਿਵੇਕ ਕੁਮਾਰ ਮੋਦੀ (ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ), ਸਹਾਇਕ ਕਮਿਸ਼ਨਰ (ਯੂ.ਟੀ.) ਮੁਕਿਲਨ ਆਰ, ਡੀ.ਡੀ.ਪੀ.ਓ ਅਤੇ ਬੀ.ਡੀ.ਪੀ.ਓਜ਼ ਵੀ ਮੌਜੂਦ ਸਨ।

# ਪੰਜਾਬ ਏਟਕ ਵੱਲੋਂ ਬਿਜਲੀ ਮੁਲਾਜਮਾਂ ਦੇ ਸਾਂਝੇ ਸੰਘਰਸ਼ ਦੀ ਪੁਰਜੋਰ ਹਿਮਾਇਤ

ਪਟਿਆਲਾ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਪੰਜਾਬ ਏਟਕ ਵੱਲੋਂ ਬਿਜਲੀ ਮੁਲਾਜਮਾਂ ਦੇ ਸਾਂਝੇ ਸੰਘਰਸ਼ ਦੀ ਪੁਰਜੋਰ ਹਿਮਾਇਤ ਕੀਤੀ ਅਤੇ ਪੰਜਾਬ ਦੇ ਮੁੱਖ ਮੰਤਰੀ, ਬਿਜਲੀ ਮੰਤਰੀ, ਬਿਜਲੀ ਅਦਾਰੇ ਦੀ ਸਮੁੱਚੀ ਮੈਨੇਜਮੈਂਟ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੀ।ਐਸ।ਈ।ਬੀ। ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜਮ ਏਕਤਾ ਮੰਚ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ ਤੋਂ ਇਲਾਵਾ ਬਿਜਲੀ ਅਦਾਰੇ ਵਿੱਚ ਕੰਮ ਕਰਦੀਆਂ ਕਈ ਹੋਰ ਜਥੇਬੰਦੀਆਂ ਵਲੋਂ ਜੋ ਕਾਫੀ ਸਮੇਂ ਤੋਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਦੇ ਵਿਰੋਧ ਵਿੱਚ 80 ਫੀਸਦੀ ਤੋਂ ਵੱਧ ਕਰਮਚਾਰੀਆਂ ਵੱਲੋਂ 11—08—2025 ਤੋਂ ਤਿੰਨ ਦਿਨ ਲਈ ਸਮੂਹਿਕ ਛੁੱਟੀ ਤੇ ਚਲੇ ਜਾਣਾ ਸਾਬਤ ਕਰਦਾ ਹੈ ਕਿ ਬਿਜਲੀ ਅਦਾਰੇ ਦੀ ਮੈਨੇਜਮੈਂਟ ਅਤੇ ਬਿਜਲੀ ਮੰਤਰਾਲਾਂ ਕਿੰਨਾ ਨਿਰਦਈ ਤਰੀਕੇ ਨਾਲ ਮੁਲਾਜਮਾਂ ਦੇ ਕਾਨੂੰਨੀ ਹੱਕਾਂ ਨੂੰ ਨਜ਼ਰਅੰਦਾਜ ਕਰ ਰਿਹਾ ਹੈ। ਜਦੋਂ ਕਰਮਚਾਰੀਆਂ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਇੰਨੀ ਵਿਆਪਕ ਬੇਚੈਨੀ ਅਤੇ ਬੇਵਿਸਵਾਸੀ ਪਾਈ ਜਾ ਰਹੀ ਹੈ ਅਤੇ ਉਹਨਾਂ ਵੱਲੋਂ ਵਿਆਪਕ ਪੈਮਾਨੇ ਤੇ ਛੁੱਟੀਆਂ ਲੈ ਕੇ ਜਬਰਦਸਤ ਰੋਸ ਪ੍ਰਗਟ ਕੀਤਾ ਜਾ ਹੋਵੇ ਤਾਂ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਬਿਜਲੀ ਖੇਤਰ ਦੀ ਮੈਨੇਜਮੈਂਟ ਅਤੇ ਸਰਕਾਰ ਕਿਸ ਕਦਰ ਧੱਕੇਸ਼ਾਹੀ ਕਰ ਰਹੀ ਹੈ ਅਤੇ ਆਪਣੇ ਲੋਕ ਵਿਰੋਧੀ ਚਿਹਰੇ ਦਾ ਪ੍ਰਗਟਾਵਾ ਕਰ ਰਹੀ ਹੈ।

ਬਰਾੜ ਅਤੇ ਧਾਲੀਵਾਲ ਨੇ ਪੰਜਾਬ ਸਰਕਾਰ, ਬਿਜਲੀ ਮੰਤਰੀ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਨੂੰ ਪੰਜਾਬ ਏਟਕ ਵੱਲੋਂ ਜ਼ੋਰ ਦੇ ਕੇ ਕਿਹਾ ਹੈ ਕਿ 2 ਜੂਨ 2025 ਨੂੰ ਬਿਜਲੀ ਮੰਤਰੀ ਅਤੇ ਮੈਨੇਜਮੈਂਟ ਨਾਲ ਬਿਜਲੀ ਮੁਲਾਜਮ ਜਥੇਬੰਦੀਆਂ ਦੀ ਹੋਈ ਮੀਟਿੰਗ ਵਿੱਚ ਮੰਨੀਆਂ ਮੰਗਾਂ ਵਾਅਦੇ ਮੁਤਾਬਿਕ ਲਾਗੂ ਕੀਤੀਆਂ ਜਾਣ। ਜਿਨ੍ਹਾਂ ਕਾਰਨ 27 ਜੁਲਾਈ ਨੂੰ ਹਜਾਰਾ ਦੀ ਗਿਣਤੀ ਵਿੱਚ ਮੁਲਾਜਮਾਂ ਨੇ ਮੰਤਰੀ ਦੀ ਰਿਹਾਇਸ਼ ਦੇ ਬਾਹਰ ਧਰਨਾ ਦੇ ਕੇ ਅਤੇ ਹੁਣ 11 ਅਗਸਤ ਤੋਂ 17 ਅਗਸਤ ਤੱਕ 80 ਫੀਸਦੀ ਮੁਲਾਜਮਾਂ ਵੱਲੋਂ ਸਮੂਹਿਕ ਛੁੱਟੀ ਲੈ ਕੇ ਜਬਰਦਸਤ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਬਿਜਲੀ ਮੁਲਾਜਮਾਂ ਦੀਆਂ ਮੰਗਾਂ ਜਿਵੇਂ ਕਿ ਬੋਰਡ ਵਿੱਚ ਖਾਲੀ ਪਈਆਂ 50000 ਤੋਂ ਵੱਧ ਪੋਸਟਾਂ ਦੀ ਭਰਤੀ ਕਰਨਾ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜਮਾਂ ਤੇ ਕੇਂਦਰੀ ਪੇ ਸਕੇਲ ਨਾ ਠੋਸਣਾ, ਹਾਦਸਿਆ ਵਿੱਚ ਮੁਲਾਜਮਾਂ ਦੀਆਂ ਹੋ ਰਹੀਆਂ ਮੌਤਾਂ, ਕੰਟਰੈਕਟ ਵਰਕਰਾਂ ਨੂੰ ਰੈਗੂਲਰ ਕਰਨਾ, ਸਿਆਸੀ ਬਦਲੀਆਂ ਰੋਕਣਾ, ਵਿਕਾਸ ਟੈਕਸ 200 ਰੁਪਏ ਦਾ ਜਜੀਆ ਬੰਦ ਕਰਨਾ ਅਤੇ ਹੋਰ ਅਨੇਕਾਂ ਵਾਜਬ ਮੰਗਾਂ ਹਨ, ਜਿਹੜੀਆਂ ਬਿਨਾਂ ਦੇਰੀ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਪੰਜਾਬ ਏਟਕ ਬਿਜਲੀ ਕਾਮਿਆਂ ਦੇ ਇਸ ਸੰਘਰਸ਼ ਨੂੰ ਹਰ ਪੜਾਅ ਤੇ ਪੂਰਨ ਸਹਿਯੋਗ ਦੇਵੇਗੀ।

# ਬਾਗਬਾਨੀ ਮੰਤਰੀ ਵੱਲੋਂ ਫੁੱਲਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼



ਚੰਡੀਗੜ੍ਹ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਫੁੱਲਾਂ ਦੀ ਲਗਾਤਾਰ ਵੱਧ ਰਹੀ ਮੰਗ ਦੇ ਮੱਦੇਨਜ਼ਰ ਬਾਗ਼ਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਅੱਜ ਅਧਿਕਾਰੀਆਂ ਨੂੰ ਫੁੱਲਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਲੋੜੀਂਦੇ ਕਦਮ ਚੁੱਕਣ ਦੇ ਆਦੇਸ਼ ਦਿੱਤੇ ਹਨ। ਸ੍ਰੀ ਮੋਹਿੰਦਰ ਭਗਤ ਸੋਮਵਾਰ ਨੂੰ ਪੰਜਾਬ ਸਿਵਲ ਸਕੱਤਰੇਤ ਵਿਖੇ ਬਾਗ਼ਬਾਨੀ ਵਿਭਾਗ ਦੇ ਕੰਮਾਂ ਦੀ ਪ੍ਰਗਤੀ ਦਾ ਜ਼ਾਇਜਾ ਲੇ ਰਹੇ ਸਨ। ਇਸ ਮੌਕੇ ਮੰਤਰੀ ਨੇ ਕਿਹਾ ਕਿ ਅਜੋਕੇ ਯੁੱਗ ਵਿੱਚ ਫੁੱਲਾਂ ਦੀ ਮੰਗ ਹਰ ਜਗ੍ਹਾ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਕੋਈ ਵੀ ਸਮਾਗਮ ਜਾਂ ਹੋਰ ਪ੍ਰੋਗਰਾਮ ਫੁੱਲਾਂ ਦੀ ਸਜਾਵਟ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ।

ਬਾਗ਼ਬਨੀ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਬਾਗਬਾਨੀ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਫੁੱਲਾਂ ਦੇ ਬੀਜ ਉਤਪਾਦਨ ਲਈ ਵਿਸ਼ੇਸ ਤੌਰ ਜ਼ਿਮੀਂਦਾਰਾਂ ਨੂੰ 14 ਹਜ਼ਾਰ ਰੁਪਏ ਪ੍ਰਤੀ ਏਕੜ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੀ ਲੋੜ ਅਨੁਸਾਰ ਉਨ੍ਹਾਂ ਨੂੰ ਤਕਨੀਕੀ ਸਿੱਖਿਆ ਵੀ ਦਿੱਤੀ ਜਾ ਰਹੀ ਹੈ।

ਵਿਭਾਗ ਦੀ ਸਮੀਖਿਆ ਮੀਟਿੰਗ ਦੌਰਾਨ ਬਾਗ਼ਬਾਨੀ ਸਕੱਤਰ ਸ੍ਰੀ ਬਸੰਤ ਗਰਗ ਅਤੇ ਡਾਇਰੈਕਟਰ ਬਾਗ਼ਬਾਨੀ ਸ਼੍ਰੀਮਤੀ ਸ਼ੈਲਿੰਦਰ ਕੌਰ ਨੇ ਕਿਸਾਨਾਂ ਦੀ ਭਲਾਈ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਅਤੇ ਵਿਭਾਗ ਵਿੱਚ ਚੱਲ ਰਹੇ ਵੱਖ ਵੱਖ ਪ੍ਰੋਜੈਕਟਾਂ ਬਾਰੇ ਮੰਤਰੀ ਨੂੰ ਵਿਸ਼ਥਾਰਪੂਰਵਕ ਜਾਣੂ ਕਰਵਾਇਆ। ਇਸ ਮੌਕੇ ਮੰਤਰੀ ਨੇ ਕਿਹਾ ਕਿ ਮਾਨ ਸਰਕਾਰ ਦਾ ਮੁੱਖ ਉਦੇਸ਼ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਮੰਤਵ ਦੀ ਪੂਰਤੀ ਲਈ ਸੂਬਾ ਸਰਕਾਰ ਕਿਸਾਨਾਂ ਨੂੰ ਹਰ ਸੰਭਵ ਸਹਾਇਤ ਦੇਣ ਲਈ ਵਚਨਬੱਧ ਹੈ।

# ਪਟਵਾਰੀ ਖ਼ੁਦਕੁਸ਼ੀ ਮਾਮਲਾ: ਮ੍ਰਿਤਕ ਦੇ ਭਰਾ ਨੇ ਕਤਲ ਦਾ ਜਤਾਇਆ ਖ਼ਦਸ਼ਾ

ਧਰਮਕੋਟ,17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੋਂ ਦੇ ਪਟਵਾਰੀ ਦੀ ਲੰਘੇ ਕੱਲ੍ਹ ਘਰ ਵਿੱਚੋਂ ਪੱਖੇ ਨਾਲ ਲਟਕਦੀ ਲਾਸ਼ ਮਿਲਣ ਦਾ ਮਾਮਲਾ ਸ਼ੱਕ ਦੇ ਘੇਰੇ ਵਿੱਚ ਆਉਂਦਾ ਨਜ਼ਰ ਆ ਰਿਹਾ ਹੈ। ਮ੍ਰਿਤਕ ਪਟਵਾਰੀ ਦੇ ਭਰਾ ਸਤਪਾਲ ਨੇ ਖੁਲਾਸਾ ਕੀਤਾ ਹੈ ਕਿ ਪੱਖੇ ਨਾਲ ਲਟਕ ਰਹੀ ਲਾਸ਼ ਦੇ ਰੱਸੀ ਨਾਲ ਹੱਥ ਪਿੱਛੇ ਬੰਨ੍ਹੇ ਹੋਏ ਸਨ। ਇਸ ਲਈ ਉਨ੍ਹਾਂ ਨੂੰ ਸ਼ੱਕ ਹੈ ਕਿ ਉਸਨੂੰ ਪਹਿਲਾਂ ਕਤਲ ਕਰਕੇ ਫਿਰ ਲਾਸ਼ ਨੂੰ ਪੱਖੇ ਨਾਲ ਲਟਕਾਇਆ ਗਿਆ ਹੈ।

ਬੀਤੇ ਕੱਲ੍ਹ ਜਾਂਚ ਅਧਿਕਾਰੀ ਨੇ ਇਸ ਗੱਲ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਸੀ। ਅੱਜ ਮ੍ਰਿਤਕ ਦੇ ਭਰਾ ਨੇ ਫੋਨ ਉੱਤੇ ਕੀਤੀ ਗੱਲਬਾਤ ਤੋਂ ਬਾਅਦ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਜਦੋਂ ਉਨ੍ਹਾਂ ਦਰਵਾਜ਼ਾ ਤੋੜ ਕੇ ਰਿਹਾਇਸ਼ੀ ਕਮਰੇ ਵਿੱਚ ਗਏ ਤਾਂ ਪੱਖੇ ਨਾਲ ਲਟਕ ਰਹੇ ਮ੍ਰਿਤਕ ਦੇ ਹੱਥ ਪਿੱਛੇ ਬੰਨ੍ਹੇ ਹੋਏ ਸਨ।

ਉਸ ਨੇ ਕਿਹਾ ਕਿ ਪੁਲੀਸ ਵੱਲੋਂ ਲਿਖੇ ਗਏ ਉਨ੍ਹਾਂ ਦੇ ਬਿਆਨਾਂ ਵਿੱਚ ਜਦੋਂ ਇਹ ਗੱਲ ਲਿਖਣ ਬਾਰੇ ਜਾਂਚ ਅਧਿਕਾਰੀ ਮਨਜਿੰਦਰ ਸਿੰਘ ਨੂੰ ਕਿਹਾ ਤਾਂ ਉਨ੍ਹਾਂ ਕਥਿਤ ਤੌਰ 'ਤੇ ਇਸ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੁਲੀਸ ਨੇ ਪਰਿਵਾਰ ਨੂੰ ਕਿਹਾ ਕਿ ਇੱਕ ਵਾਰ 174 ਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਦੇਖਿਆ ਜਾਵੇਗਾ।

ਉਸ ਮੁਤਾਬਕ ਪਟਵਾਰੀ ਹਰੀਸ਼ ਕੁਮਾਰ ਨੇ ਉਨ੍ਹਾਂ ਨਾਲ ਕੁਝ ਦਿਨ ਪਹਿਲਾਂ ਕੋਈ ਦਰਪੇਸ਼ ਵੱਡੀ ਉਲਝਣ ਦਾ ਜ਼ਿਕਰ ਕਰਕੇ ਘਰ ਆ ਕੇ ਇਸ ਸਬੰਧੀ ਗੱਲ ਕਰਨ ਬਾਰੇ ਵੀ ਕਿਹਾ ਸੀ। ਭਰਾ ਸਤਪਾਲ ਮੁਤਾਬਕ ਪਟਵਾਰੀ ਨੇ ਉਨ੍ਹਾਂ ਨਾਲ ਕਿਸੇ ਲੜਕੀ ਬਾਰੇ ਵੀ ਜ਼ਿਕਰ ਕੀਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਭਰਾ ਖੁਦਕੁਸ਼ੀ ਜਿਹਾ ਕਦਮ ਨਹੀਂ ਚੁੱਕ ਸਕਦਾ। ਇਸ ਲਈ ਇਸ ਮਾਮਲੇ ਦੀ ਜਾਂਚ ਕਰਕੇ ਪੁਲੀਸ ਨੂੰ ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ।

**ਕੀ ਕਹਿੰਦੇ ਨੇ ਪੁਲੀਸ ਅਧਿਕਾਰੀ**

ਥਾਣਾ ਧਰਮਕੋਟ ਦੇ ਮੁਖੀ ਭਲਵਿੰਦਰ ਸਿੰਘ ਨੇ ਮ੍ਰਿਤਕ ਪਟਵਾਰੀ ਦੇ ਹੱਥ ਪਿੱਛੇ ਬੰਨ੍ਹੇ ਹੋਣ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਮ੍ਰਿਤਕ ਦੇ ਫੋਨ ਨੂੰ ਕਬਜ਼ੇ ਵਿੱਚ ਲੈ ਕੇ ਉਸਦੀ ਫੋਨ ਡਿਟੇਲ ਕਢਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਹਰੇਕ ਪੱਖ ਤੋਂ ਬਾਰੀਕੀ ਨਾਲ ਜਾਂਚ ਪੜਤਾਲ ਕਰ ਰਹੀ ਹੈ ਅਤੇ ਪਰਿਵਾਰ ਨੂੰ ਪੂਰਾ ਇਨਸਾਫ ਦਿੱਤਾ ਜਾਵੇਗਾ।

# ਮਾਡਲ ਸਕੂਲ ਵਿਖੇ ਵਿਦਿਆਰਥੀਆਂ ਵੱਲੋਂ ਅੰਤਰਰਾਸ਼ਟਰੀ ਨੌਜਵਾਨ ਦਿਵਸ ਮੌਕੇ ਤੇ 'ਹਰ ਘਰ ਤਿਰੰਗਾ' ਲਹਿਰਾਉਣ ਦਾ ਦਿੱਤਾ ਸੁਨੇਹਾ




ਪਟਿਆਲਾ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮਾਡਲ ਸਕੂਲ ਵਿਖੇ ਅੱਜ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਅੰਤਰਰਾਸ਼ਟਰੀ ਨੌਜਵਾਨ ਦਿਵਸ ਮਨਾਇਆ ਗਿਆ। ਇਸ ਮੌਕੇ ਇੰਚਾਰਜ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਹਰ ਘਰ ਤਿਰੰਗਾ ਲਹਿਰਾਉਣ ਦਾ ਸੁਨੇਹਾ ਦਿੱਤਾ।

ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਸੰਯੁਕਤ ਰਾਸ਼ਟਰ ਸੰਘ ਦੇ ਫ਼ੈਸਲੇ ਅਨੁਸਾਰ ਸੰਨ 1985 ਨੂੰ ਅੰਤਰਰਾਸ਼ਟਰੀ ਨੌਜਵਾਨ ਸਾਲ ਘੋਸ਼ਿਤ ਕੀਤਾ ਗਿਆ ਸੀ। ਇਸ ਦੇ ਮਹੱਤਵ 'ਤੇ ਵਿਚਾਰ ਕਰਦੇ ਹੋਏ ਭਾਰਤ ਸਰਕਾਰ ਨੇ ਸੰਨ 1995 ਤੋਂ 12 ਜਨਵਰੀ ਭਾਵ ਸਵਾਮੀ ਵਿਵੇਕਾਨੰਦ ਦੇ ਜਨਮ ਦਿਨ ਨੂੰ ਰਾਸ਼ਟਰੀ ਨੌਜਵਾਨ ਦਿਵਸ ਦੇ ਰੂਪ ਵਿੱਚ ਦੇਸ਼ ਭਰ ਵਿੱਚ ਸਭਨੀ ਥਾਂਈਂ ਮਨਾਉਣ ਦਾ ਫ਼ੈਸਲਾ ਕੀਤਾ ਸੀ। ਇਸ ਮੌਕੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਕਿਹਾ ਕਿ ਰਾਸ਼ਟਰੀ ਝੰਡੇ ਦਾ ਸਤਿਕਾਰ ਵਿਦਿਆਰਥੀਆਂ ਦੇ ਦਿਲਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਦਾ ਪਹਿਲਾ ਕਦਮ ਹੈ। ਇਸ ਮੌਕੇ ਸਕੂਲ ਦੇ ਛੋਟੇ ਵਿਦਿਆਰਥੀਆਂ ਵੱਲੋਂ ÷ਯੁੱਧ ਨਸ਼ਿਆਂ ਵਿਰੁੱਧ÷ ਦੇ ਬੈਨਰ ਹੱਥ ਵਿੱਚ ਫੜ ਕੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਮੁੰਹੀਮ ਬਾਰੇ ਜਾਗਰੂਕ ਕੀਤਾ।

# ਦੇਸ਼ ਦੇ 79ਵੇ ਅਜ਼ਾਦੀ ਦਿਹਾੜੇ ਮੌਕੇ ਵੀ 80 ਕਰੋੜ ਤੋਂ ਵੱਧ ਭਾਰਤੀ ਲੋਕ ਗਰੀਬੀ ਰੇਖਾ ਤੋਂ ਹੇਠ ਨਰਕਮਈ ਜੀਵਨ ਬਤੀਤ ਕਰਨ ਲਈ ਮਜਬੂਰ : ਪ੍ਰੋ. ਬਡੂੰਗਰ

ਪਟਿਆਲਾ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਸਮੁੱਚੇ ਦੇਸ ਨਿਵਾਸੀਆਂ ਨੂੰ 15 ਅਗਸਤ ਦੌਰਾਨ 79ਵੇ ਅਜ਼ਾਦੀ ਦਿਵਸ ਮਨਾਉਣ ਦੀ ਸਮੂਹ ਦੇਸ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਿਨ੍ਹਾਂ ਸਿੰਘਾਂ-ਸਿੰਘਣੀਆਂ ਅਤੇ ਭਾਰਤ ਵਾਸੀਆਂ ਨੇ ਮਹਾਨ ਕੁਰਬਾਨੀਆਂ-ਸ਼ਹੀਦੀਆਂ ਦਿਤੀਆਂ, ਅਣਗਿਣਤ ਅਸਹਿ ਅਤੇ ਅਕਹਿ ਤਸੀਹੇ ਅਤੇ ਕਠਿਨਾਈਆਂ ਆਪਣੇ ਪਿੰਡੇ ਉਤੇ ਝਲੀਆਂ, ਉਨ੍ਹਾਂ ਨੂੰ ਸੀਸ ਨਿਵਾਕੇ ਹਾਰਦਿਕ ਸਿਜਦਾ ਅਤੇ ਸਤਿਕਾਰ ਭੇਂਟ ਕਰਦਾ ਹਾਂ। ਪ੍ਰੋਫੈਸਰ ਬਡੂੰਗਰ ਨੇ ਕਿਹਾ ਐਨੇ ਲੰਮੇ ਸਮੇਂ ਵਿਚ ਅਨੇਕਾਂ ਸਰਕਾਰਾਂ ਆਈਆਂ ਅਤੇ ਚਲੀਆਂ ਗਈਆਂ, ਭਾਵੇਂ ਦੇਸ ਦੇ ਉਥਾਨ ਲਈ



ਬਹੁਤ ਸਕੀਮਾਂ ਵੀ ਉਲੀਕੀਆਂ ਗਈਆਂ ਅਤੇ ਦਮਗਜੇ ਵੀ ਮਾਰੇ ਜਾਂਦੇ ਰਹੇ ਤੇ ਨਿਸਚੇ ਹੀ ਕਈ ਖੇਤਰਾਂ ਵਿਚ ਤਰੱਕੀ ਹੋਈ ਹੈ। ਪਰੰਤੂ ਦੇਸ ਅੰਦਰ ਨੀਤੀਆਂ ਘੜੀਆਂ ਅਤੇ ਲਾਗੂ ਕੀਤੀਆਂ ਗਈਆਂ, ਨੀਤੀਆਂ ਅਤੇ ਪ੍ਰੋਗਰਾਮ ਵੀ ਕੀਤੇ ਗਏ ਅਤੇ ਅੱਜ ਵੀ ਜਾਰੀ ਹਨ।

ਪਰੰਤੂ ਇਸ ਦੌਰਾਨ ਅਮੀਰ ਹੋਰ ਅਮੀਰ ਹੋ ਗਿਆ ਅਤੇ ਗਰੀਬ ਹੋਰ ਵੀ ਗਰੀਬ ਹੋ ਗਿਆ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਕਹਿਣ ਅਨੁਸਾਰ ਅਜੇ ਵੀ 80 ਕਰੋੜ ਤੋਂ ਵੱਧ ਭਾਰਤੀ ਲੋਕ ਗਰੀਬੀ ਰੇਖਾ ਤੋਂ ਹੇਠ ਰਹਿੰਦਿਆਂ ਹੋਇਆਂ ਆਪਣਾ ਨਰਕਮਈ ਜੀਵਨ ਬਤੀਤ ਕਰ ਰਹੇ ਹਨ। ਮੰਗਤਿਆਂ ਦੀ ਗਿਣਤੀ ਬੇਸੁਮਾਰ ਵਧੀ ਹੈ। ਇਸ ਲਈ ਭਾਰਤ ਨੂੰ ਅਸਲ ਅਜ਼ਾਦੀ ਦਾ ਸਹੀ ਨਿਘ ਉਦੋਂ ਹੀ ਮਾਣਨ ਨੂੰ ਮਿਲੇਗਾ ਜਦੋਂ ਬਿਲਕੁਲ ਹੇਠਲੇ ਪੱਧਰ ਉਤੇ ਵਿਚਾਰ ਹਰ ਭਾਰਤੀ ਨੂੰ ਕੁਲੀ, ਜੁਲੀ, ਗੁਲੀ ਪ੍ਰਾਪਤ ਹੋਵੇਗੀ। ਉਨ੍ਹਾਂ ਮੌਜੂਦਾ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮ ਦਾ ਪੁਨਰ ਮੁਲਅੰਕਣ ਕਰਨ ਅਤੇ ਦੇਸ ਵਿਚੋਂ ਗਰੀਬੀ, ਬੇਰੁਜਗਾਰੀ ਦੀ ਬਿਮਾਰੀ ਨੂੰ ਬਾਹਰ ਕੱਢਕੇ ਉਨ੍ਹਾਂ ਨੂੰ ਸੁੰਤਰਤਾ ਸੰਗਰਾਮੀਆਂ ਅਤੇ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਕੇ ਦਿਲੀ ਸ਼ਰਧਾਂਜਲੀ ਭੇਟ ਕਰੀਏ।

# ਐਸ.ਸੀ. ਕਮਿਸ਼ਨ ਵਲੋਂ ਪੁਲਿਸ ਕਮਿਸ਼ਨਰ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਤੋਂ ਰਿਪੋਰਟ ਤਲਬ

ਚੰਡੀਗੜ੍ਹ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਇਕ ਮਾਮਲੇ ਵਿਚ ਸੂ ਮੋਟੋ ਨੋਟਿਸ ਲੈਂਦਿਆਂ ਜਲੰਧਰ ਦੇ ਸੰਤ ਰਾਮਾਨੰਦ ਚੌਕ ਵਿਚੋਂ ਲੱਗੇ ਬੋਰਡ ਪੁੱਟਣ ਸਬੰਧੀ ਪੁਲਿਸ ਕਮਿਸ਼ਨਰ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਤੋਂ ਰਿਪੋਰਟ ਤਲਬ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਇਕ ਅਖਬਾਰ ਵਿੱਚ ਛਪੀ ਖ਼ਬਰ ਅਨੁਸਾਰ' ਅਮਰ ਸ਼ਹੀਦ 108 ਰਾਮਾਨੰਦ ਚੌਕ ਚ ਲਿਖੇ ਜੈ ਗੁਰੂਦੇਵ ਧੰਨ ਗੁਰਦੇਵ ਦੇ ਜੈਕਾਰੇ ਪੁੱਟ ਕੇ ਕੀਤੀ ਬੇਅਦਬੀ, ਕੀਤੀ ਗਈ ਹੈ ਜਿਸ ਸਬੰਧੀ ਕਮਿਸ਼ਨ ਨੇ 'ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਐਕਟ-2004' ਦੀ ਧਾਰਾ 10 ਤਹਿਤ (2) (ਐਚ) ਸੂ ਮੋਟੋ ਨੋਟਿਸ ਲੈਂਦੇ ਹੋਏ ਪੜਤਾਲ ਕਰਨ ਦਾ ਫੈਸਲਾ ਕੀਤਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਮਸਲੇ ਸਬੰਧੀ ਮਿਤੀ 18-08-2025 ਨੂੰ ਪੁਲਿਸ ਕਮਿਸ਼ਨਰ ਜਲੰਧਰ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਤੋਂ ਰਿਪੋਰਟ ਤਲਬ ਕੀਤੀ ਹੈ।

# ਇਨਸਾਨੀਅਤ ਜਾਗਰੂਕਤਾ ਦਿਵਸ਼ ਮੌਕੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ




ਪਟਿਆਲਾ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਜੀ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ, ਵਿਦਿਆਰਥੀਆਂ ਨੂੰ ਚੰਗੀ ਸਿਹਤ, ਤੰਦਰੁਸਤੀ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਸਬੰਧੀ ਜਾਗਰੂਕ ਕਰਨ ਲਈ ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਸੁਸਾਇਟੀ ਵੱਲੋਂ ਜੰਗੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ। ਵਰਤਮਾਨ ਅਤੇ ਭਵਿੱਖ ਵਿੱਚ ਆਪਣੀ ਸੁਰੱਖਿਆ, ਬਚਾਅ, ਅਮਨ ਸ਼ਾਂਤੀ, ਭਾਈਚਾਰੇ ਲਈ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਕਿਉਂਕਿ ਵਿਦਿਆਰਥੀਆਂ ਨੂੰ ਕੁਦਰਤੀ ਜਾਂ ਮਨੁੱਖੀ ਆਫਤਾਵਾਂ, ਜੰਗਾਂ, ਘਰੇਲੂ ਘਟਨਾਵਾਂ ਸਮੇਂ, ਕੀਮਤੀ ਜਾਨਾਂ ਬਚਾਉਣ ਵਾਲੇ ਮਦਦਗਾਰ ਫ਼ਰਿਸ਼ਤੇ ਬਣਾਉਣਾ ਜ਼ਰੂਰੀ ਹੈ। ਆਰੀਆਂ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਵਿਦਿਆਰਥੀਆਂ ਨੂੰ ਆਪਣੀ ਸਿਹਤ, ਤੰਦਰੁਸਤੀ, ਅਰੋਗਤਾ ਸੁਰੱਖਿਆ, ਬਚਾਓ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਭਾਰਤ ਰਤਨ ਡਾਕਟਰ ਏ ਪੀ ਜੇ ਅਬਦੁਲ ਕਲਾਮ ਸਾਹਿਬ, ਡਾਕਟਰ ਭੀਮ ਰਾਓ ਅੰਬੇਦਕਰ ਜੀ, ਮਦਰ ਟੈਰੇਸਾ, ਫਲੋਰੈਂਸ ਨਾਈਟਿੰਗੇਲ, ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਸ੍ ਜੀਨ ਹੈਨਰੀ ਅਤੇ ਸਵਾਮੀ ਵਿਵੇਕਾਨੰਦ ਵਲੋਂ ਸਹਿਣ ਕੀਤੀਆਂ ਮੁਸੀਬਤਾਂ, ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ ਅਤੇ ਮਾਨਵਤਾ ਨੂੰ ਸਿਹਤਮੰਦ, ਖੁਸ਼ਹਾਲ, ਉੱਨਤ, ਸੁਰੱਖਿਅਤ ਬਣਾਉਣ ਲਈ ਕੀਤੇ ਕਾਰਜਾਂ ਬਾਰੇ ਭਾਸ਼ਣ ਦਿੱਤੇ। ਬੱਚਿਆਂ ਵਲੋਂ ਘਰੇਲੂ ਆਫ਼ਤ ਪ੍ਰਬੰਧਨ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ, ਫਸਟ ਏਡ, ਸੀ ਪੀ ਆਰ ਕਰਨ ਦੇ ਪ੍ਰਦਰਸ਼ਨ ਕੀਤੇ। ਆਵਾਜਾਈ ਸਿੱਖਿਆ ਸੈਲ ਦੇ ਸਹਾਇਕ ਥਾਣੇਦਾਰ ਰਾਮ ਸਰਨ ਨੇ ਕਿਹਾ ਕਿ ਸਾਨੂੰ ਆਪਣੇ ਵਿਦਿਆਰਥੀਆਂ ਨੂੰ ਆਰਾਮ ਪ੍ਰਸਤੀਆਂ, ਫੈਸ਼ਨਾਂ, ਸਵਾਦਾਂ, ਸਹੂਲਤਾਂ, ਮੁਫ਼ਤਖੋਰੀਆਂ ਅਤੇ ਮੌਜ ਮਸਤੀਆ ਤੋਂ ਬਚਾਕੇ, ਉਨ੍ਹਾਂ ਅੰਦਰ ਹਿੰਮਤ, ਜ਼ਿੰਦਾਦਿਲੀ ਹੌਂਸਲੇ, ਆਤਮ ਵਿਸ਼ਵਾਸ, ਮਾਨਵਤਾ ਦੇ ਹਿੱਤ ਲਈ ਨਵੇਂ ਤੋਂ ਨਵੇਂ ਸਿੱਖਣ ਦੀ ਭਾਵਨਾ, ਆਦਤਾਂ, ਅਨੁਸ਼ਾਸਨ, ਆਗਿਆ ਪਾਲਣ, ਵਫ਼ਾਦਾਰੀਆਂ ਦੇ ਗੁਣ ਗਿਆਨ, ਵੀਚਾਰ ਅਤੇ ਮਾਹੌਲ ਪੈਦਾ ਕਰਨੇ ਜ਼ਰੂਰੀ ਹਨ। ਬੱਚਿਆਂ, ਨੌਜਵਾਨਾਂ ਨੂੰ ਦੇਸ਼ ਦੁਨੀਆਂ, ਇਨਸਾਨੀਅਤ ਅਤੇ ਕੁਦਰਤ ਦੇ ਨਿਯਮਾਂ ਕਾਨੂੰਨਾਂ ਨੂੰ ਪਿਆਰ, ਸਤਿਕਾਰ, ਸਨਮਾਨ ਦੇਣ ਲਈ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸੰਤੋਸ਼ ਗੋਇਲ ਨੇ ਇਨ੍ਹਾਂ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਸੈਨਿਕਾਂ ਅਤੇ ਪੁਲਿਸ ਕਰਮਚਾਰੀਆਂ ਵਰਗੇ ਦੇਸ਼ ਭਗਤ, ਮਾਨਵਤਾ ਦੇ ਮਦਦਗਾਰ, ਅਨੁਸ਼ਾਸਨ, ਆਗਿਆ ਪਾਲਣ, ਸਖ਼ਤ ਡਿਊਟੀਆਂ ਅਤੇ ਨਿਯਮਾਂ ਕਾਨੂੰਨਾਂ, ਅਸੂਲਾਂ, ਫਰਜ਼ਾਂ ਇਮਾਨਦਾਰੀ ਦੀ ਪਾਲਣਾ ਕਰਨ ਦੀਆਂ ਭਾਵਨਾਵਾਂ ਅਤੇ ਆਦਤਾਂ ਦੇ ਲਾਭ ਦੱਸੇ। ਮੁਕਾਬਲਿਆਂ ਵਿੱਚ ਜੂਨੀਅਰ ਅਤੇ ਸੀਨੀਅਰ ਗਰੁਪਾਂ ਵਿੱਚੋ ਪਹਿਲੇ, ਦੂਜੇ, ਤੀਜੇ ਸਥਾਨ ਤੇ ਆਏ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ।

# ਸਾਰੀਆਂ ਫਸਲਾਂ ਤੇ ਐਮ.ਐਸ.ਪੀ. ਦੇਣ ਦੀ ਪੱਕੀ ਗਰੰਟੀ ਨੂੰ ਪੂਰਾ ਨਾ ਕੀਤੇ ਜਾਣ ਤੇ ਮਾਨ ਸਰਕਾਰੀ ਖਿਲਾਫ ਨਾਅਰੇਬਾਜੀ ਕਰ ਕੀਤਾ ਪ੍ਰਦਰਸ਼ਨ

ਪਟਿਆਲਾ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਫਸਲਾਂ ਤੇ ਐਮ.ਐਸ.ਪੀ. ਦੇਣ ਦੀ ਪੱਕੀ ਗਰੰਟੀ ਦਿੱਤੀ ਸੀ। ਜਿਸ ਤੇ ਭਰੋਸਾ ਕਰ ਕਿਸਾਨਾਂ ਨੇ ਆਪਣੀਆਂ ਕੀਮਤੀ ਵੋਟਾਂ ਪਾ ਕੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਅਹਿਮ ਭੂਮਿਕਾ ਨਿਭਾਈ ਸੀ। ਪਰ ਆਪ ਦੀ ਸਰਕਾਰ ਬਣੀ ਨੂੰ 43 ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਮਗਰੋਂ ਵੀ ਐਮ.ਐਸ.ਪੀ. ਦੀ ਗਰੰਟੀ ਨੂੰ ਲਾਗੂ ਨਾ ਕੀਤੇ ਜਾਣ ਤੇ ਨਿਊ ਪਟਿਆਲਾ ਵੈਲਫੇਅਰ ਕਲੱਬ ਵੱਲੋਂ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਾਵਈ ਹੇਠ ਮਾਨ ਸਰਕਾਰ ਖਿਲਾਫ ਨਾਅਰੇਬਾਜੀ ਕਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਪੰਜਾਬ ਦੇ ਕਿਸਾਨਾਂ ਦੀ ਮੌਜੂਦਾ ਸਥਿਤੀ ਤੇ ਡੂੰਘੀ ਚਿੰਤਾ



ਬਿਆਨ ਕਰਦਿਆ ਰੋਸ ਭਰੇ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਦਾ ਕਿਸਾਨ ਪੂਰੇ ਦੇਸ਼ ਦਾ ਢਿੱਡ ਭਰਦਾ ਹੈ ਅੱਜ ਉਹੀ ਭੁੱਖਾ ਰਹਿਣ ਲਈ ਮਜਬੂਰ ਹੋ ਰਿਹਾ ਹੈ। ਜੇਕਰ ਅੱਜ ਵੀ ਮਾਨ ਸਰਕਾਰ ਵੱਲੋਂ ਸਖਤ ਕਦਮ ਨਾ ਚੁੱਕੇ ਗਏ ਤਾਂ ਨੌਜਵਾਨ ਪੀਤੀ ਖੇਤੀ ਧੰਦਿਆ ਵੱਲ ਜਾਣਾ ਛੱਡ ਦੇਣਗੇ, ਜਿਸ ਦਾ ਖਮਿਆਜਾ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਵਾਸੀਆਂ ਨੂੰ ਅਨਾਜ ਦੀ ਭਾਰੀ ਕਮੀ ਦੇ ਰੂਪ ਵਿੱਚ ਭੁਗਤਣਾ ਪੈ ਸਕਦਾ ਹੈ। ਜਿਹੜੀਆਂ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ ਉਹਨਾਂ ਸਮੱਸਿਆਵਾਂ ਨੂੰ ਭੁਲਾਕੇ ਝੂਠੀਆਂ ਤੇ ਫੋਕੀਆਂ ਮਸ਼ਹੂਰੀਆਂ ਦੇ ਕੇ ਸਿਰਫ ਆਪਣੀ ਰਾਜਨੀਤੀ ਚਮਕਾਉਣ ਲੱਗੀ ਹੋਈ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਫਸਲਾਂ ਤੇ ਐਮ.ਐਸ.ਪੀ. ਦੇਣ ਦੀ ਗਰੰਟ ਦਿੱਤੀ ਸੀ ਹੁਣ ਉਲਟਾ ਸਰਕਾਰ ਨੇ ਨਵੀਂ ਪੋਲਸੀ ਬਣਾਈ ਹੈ ਜਿਹੜੀ ਕਿ ਕਿਸਾਨ ਖੇਤ ਮਜਦੂਰ ਲਈ ਘਾਤਕ ਹੈ। ਮਾਨ ਸਰਕਾਰ ਵਿਧਾਨ ਸਭਾ ਚੋਣਾਂ ਲਈ ਪੈਸਾ ਇਕੱਠਾ ਕਰਨ ਦੇ ਚੱਕਰਾਂ ਵਿੱਚ ਕਿਸਾਨਾਂ ਦੀਆਂ ਜਮੀਨਾ ਖੋਹ ਰਹੀ ਹੈ। ਇਹ ਸਰਕਾਰ ਦੀ ਸ਼ਰੇਆਮ ਗੁੰਡਾ ਗਰਦੀ ਹੈ। ਦਿੱਲੀ ਵਾਲੀਆਂ ਦਾ ਪੰਜਾਬ ਨਾਲ ਕੋਈ ਵਾਸਤਾ ਨਹੀ? ਜਿਹੜੇ ਕਿ ਕਿਸਾਨ ਖੇਤ ਮਜਦੂਰ ਨੂੰ ਬਰਬਾਦ ਕਰਨ ਤੇ ਤੁੱਲੇ ਹੋਏ ਹਨ। ਇਹ ਸਰਕਾਰ ਲਾਲਾ ਜੀ ਦੇ ਹੱਥਾਂ ਦੀ ਕੱਠਪੁਤਲੀ ਬਣ ਚੁੱਕੀ ਹੈ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਮਾਨ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਕਿਸਾਨਾਂ ਨੂੰ ਲੁੱਟਣ ਦਾ ਕੰਮ ਕਰ ਰਹੀਆਂ ਹਨ। ਮਾਨ ਸਰਕਾਰ ਨੇ ਕਿਸਾਨ ਵਿਰੋਧੀ ਨਵੀ ਪੋਲਸੀ ਬਣਾਕੇ ਕਿਸਾਨਾ ਦੇ ਜਖਮਾਂ ਤੇ ਲੂਣ ਛਿੜਕਣ ਵਾਲਾ ਕੰਮ ਕਰ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਹਰ ਪੰਜਾਬੀ ਕਿਸਾਨਾਂ ਦੇ ਨਾਲ ਹੈ ਕਿਉਂਕਿ ਪੰਜਾਬ ਦੀ ਆਰਥਿਕਤਾ ਖੇਤੀਬਾੜੀ ਤੇ ਆਧਾਰਿਤ ਹੈ ਜੇਕਰ ਕਿਸਾਨ ਬਰਬਾਦ ਹੋ ਗਿਆ ਤਾਂ ਪੂਰਾ ਪੰਜਾਬ ਬਰਬਾਦ ਹੋ ਜਾਵੇਗਾ। ਇਸ ਮੌਕੇ ਦਰਸ਼ਨ ਸਿੰਘ, ਕਰਤਾਰ ਸਿੰਘ, ਸ਼ਮਸ਼ੇਰ ਸਿੰਘ, ਬਾਬੂ ਸਿੰਘ, ਰਾਜਵੀਰ, ਜਗਦੀਪ ਸਿੰਘ, ਪ੍ਰੇਮ, ਜਰਨੈਲ ਸਿੰਘ, ਹਰਜੀਤ ਸਿੰਘ, ਬਲਵਿੰਦਰ ਸਿੰਘ, ਜਗਤਾਰ ਸਿੰਘ, ਤਰਸੇਮ ਸਿੰਘ, ਕੇਵਲ ਸਿੰਘ, ਗੁਰਜੰਟ ਸਿੰਘ, ਪਾਲੀ, ਹੰਸ ਰਾਜ, ਆਦਿ ਹਾਜਰ ਸਨ।

# ਪੰਜਾਬ ਪੁਲਸ ਅਤੇ ਅਪਰਾਧੀਆਂ ਵਿਚਕਾਰ ਹੈ ਮਿਲੀਭੁਗਤ : ਹਾਈਕੋਰਟ

**ਕੌਮੀ ਪਤ੍ਰਿਕਾ**

ਚੰਡੀਗੜ੍ਹ 17 ਅਗਸਤ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਤਿੱਖੀ ਟਿੱਪਣੀ ਕਰਦਿਆਂ ਪੁਲਸ ਅਤੇ ਅਪਰਾਧੀਆਂ ਵਿਚਕਾਰ ਗੰਢਤੁੱਪ ਵੱਲ ਇਸ਼ਾਰਾ ਕੀਤਾ ਹੈ। ਸ਼ਿਕਾਇਤਕਰਤਾ ਨੇ ਸ਼ੁਰੂ 'ਚ ਆਡੀਓ ਰਿਕਾਰਡਿੰਗ ਦੇ ਆਧਾਰ 'ਤੇ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕਰਵਾਇਆ ਸੀ। ਬਾਅਦ ਵਿਚ ਮੁਲਜ਼ਮ ਨਾਲ ਸਮਝੌਤਾ ਕਰ ਲਿਆ ਸੀ। ਅਦਾਲਤ ਇਕ ਵਿਅਕਤੀ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ 'ਤੇ ਦੋਸ਼ ਹੈ ਕਿ ਉਸ ਨੇ ਪਟਿਆਲਾ ਵਿਚ ਇੱਕ ਹੋਟਲ ਮਾਲਕ ਤੋਂ 25,000 ਰੁਪਏ ਪ੍ਰਤੀ ਮਹੀਨਾ ਰਿਸ਼ਵਤ ਮੰਗੀ ਸੀ, ਜੋ ਡੀ.ਐੱਸ.ਪੀ. ਨੂੰ ਦਿੱਤੀ ਜਾਵੇਗੀ ਤਾਂ ਜੋ ਉਹ ਇਲਾਕੇ ਵਿਚ ਆਪਣਾ ਕਾਰੋਬਾਰ ਸ਼ਾਂਤੀ ਪੂਰਵਕ ਚਲਾ ਸਕੇ। ਜਸਟਿਸ ਐੱਨ.ਐੱਸ. ਸ਼ੇਖਾਵਤ ਨੇ ਕਿਹਾ ਕਿ ਅਦਾਲਤ ਇਹ ਜਾਣ ਕੇ ਹੈਰਾਨ ਹੈ ਕਿ ਸ਼ਿਕਾਇਤਕਰਤਾ ਜਿਸ ਨੇ ਭ੍ਰਿਸ਼ਟਾਚਾਰ ਰੋਕਥਾਮ ਐਕਟ ਦੀਆਂ ਤਜ਼ਵੀਜ਼ਾਂ ਤਹਿਤ ਐੱਫ.ਆਈ.ਆਰ. ਦਰਜ ਕਰਵਾਈ ਸੀ ਤੇ ਮੁਲਜ਼ਮ ਦੀ ਗੱਲਬਾਤ ਰਿਕਾਰਡ ਕੀਤੀ ਸੀ, ਨੇ ਹੁਣ ਮੌਜੂਦਾ ਮਾਮਲੇ ਵਿਚ ਮੁਲਜ਼ਮ ਨਾਲ ਸਮਝੌਤਾ ਕਰ ਲਿਆ ਹੈ, ਜੋ ਸਪੱਸ਼ਟ ਤੌਰ 'ਤੇ ਭ੍ਰਿਸ਼ਟ ਪੁਲਸ ਅਧਿਕਾਰੀ ਦੇ ਦਬਾਅ ਹੇਠ ਕੀਤਾ ਗਿਆ ਹੈ। ਅਦਾਲਤ ਨੇ ਕਿਹਾ ਕਿ ਮੌਜੂਦਾ ਮਾਮਲੇ 'ਚ ਪਟੀਸ਼ਨਕਰਤਾ 'ਤੇ ਪੰਜ ਹੋਰ ਅਪਰਾਧਿਕ ਮਾਮਲੇ ਵੀ ਚੱਲ ਰਹੇ ਹਨ ਅਤੇ ਉਹ ਸਥਾਨਕ ਪੁਲਸ ਦੇ ਏਜੰਟ ਵਜੋਂ ਕੰਮ ਕਰ ਰਿਹਾ ਸੀ। ਅਦਾਲਤ ਨੇ ਕਿਹਾ ਕਿ ਇਸ ਲਈ ਇਹ ਮਾਮਲਾ ਪੁਲਸ ਅਧਿਕਾਰੀਆਂ ਤੇ ਅਪਰਾਧੀਆਂ ਵਿਚਕਾਰ ਗਠਜੋੜ ਨੂੰ ਵੀ ਉਜਾਗਰ ਕਰਦਾ ਹੈ। ਪਟਿਆਲਾ ਵਲੋਂ ਵੀ ਨਹੀਂ ਸੰਭਾਲਿਆ ਗਿਆ। ਇਸ




ਅਦਾਲਤ ਨੇ ਕਿਹਾ ਕਿ ਇਹ ਇਕ ਅਫ਼ਸੋਸਜਨਕ ਸਥਿਤੀ ਹੈ, ਜਿਸ ਨੂੰ ਐੱਸ. ਐੱਸ. ਪੀ. ਪਟਿਆਲਾ ਦੇ ਨਾਲ-ਨਾਲ ਐੱਸ. ਐੱਸ. ਪੀ. ਵਿਜੀਲੈਂਸ ਬਿਊਰੋ ਲਈ ਅਦਾਲਤ ਨੇ ਪੰਜਾਬ ਦੇ ਡੀ. ਜੀ. ਪੀ. ਨੂੰ ਨਿਰਦੇਸ਼ ਦਿੱਤਾ ਕਿ ਉਹ ਆਈ. ਜੀ. ਰੈਂਕ ਦੇ ਇਕ ਆਈ. ਪੀ. ਐੱਸ. ਅਧਿਕਾਰੀ ਨੂੰ ਨਿਯੁਕਤ ਕਰਨ ਅਤੇ ਹੁਕਮ ਦੀ ਕਾਪੀ ਮਿਲਣ ਦੀ ਮਿਤੀ ਤੋਂ ਦੋ ਹਫ਼ਤਿਆਂ ਅੰਦਰ ਜਾਂਚ ਦਾ ਹੁਕਮ ਦੇਣ। ਐੱਫ. ਆਈ. ਆਰ. ਦੀ ਪੜਚੋਲ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਦੋ ਨਿੱਜੀ ਵਿਅਕਤੀ ਭਾਵ ਸਿਕੰਦਰ ਸਿੰਘ ਅਤੇ ਅਜਾਇਬ ਸਿੰਘ ਉਸ ਖੇਤਰ ਵਿਚ ਹੋਟਲ ਚਲਾਉਣ ਲਈ ਹੋਟਲ ਦੇ ਮਾਲਕ ਤੋਂ ਪੈਸੇ ਦੀ ਮੰਗ ਕਰ ਰਹੇ ਸਨ। ਬੈਂਚ ਨੇ ਅੱਗੇ ਕਿਹਾ ਕਿ ਉਹ ਹੋਟਲ ਚਲਾਉਣ ਲਈ ਹੋਟਲ ਮਾਲਕ 'ਤੇ 25,000 ਰੁਪਏ ਪ੍ਰਤੀ ਮਹੀਨਾ ਰਿਸ਼ਵਤ ਦੇਣ ਲਈ ਦਬਾਅ ਪਾ ਰਹੇ ਸਨ। ਨਾਲ ਹੀ ਇਹ ਭਰੋਸਾ ਵੀ ਦੇ ਰਹੇ ਸਨ ਕਿ ਪੈਸੇ ਦੇਣ ਤੋਂ ਬਾਅਦ ਕੋਈ ਉਨ੍ਹਾਂ ਨੂੰ ਪਰੇਸ਼ਾਨ ਨਹੀਂ ਕਰੇਗਾ। ਇੱਥੇ ਤੱਕ ਕਿ ਸ਼ਿਕਾਇਤਕਰਤਾ ਨੇ ਵੀ ਅਜਾਇਬ ਸਿੰਘ ਅਤੇ ਸਿਕੰਦਰ ਸਿੰਘ ਦੀ ਗੱਲਬਾਤ ਆਪਣੇ ਮੋਬਾਇਲ ਫੋਨ ਵਿਚ ਰਿਕਾਰਡ ਕਰ ਲਈ ਸੀ। ਰਿਕਾਰਡ ਤੋਂ ਅਦਾਲਤ ਨੇ ਇਹ ਵੀ ਰੇਖਾਂਕਿਤ ਕੀਤਾ ਕਿ ਮੌਜੂਦਾ ਮਾਮਲੇ ਵਿਚ ਐੱਫ. ਆਈ. ਆਰ. 9 ਅਕਤੂਬਰ 2024 ਨੂੰ ਦਰਜ ਕੀਤੀ ਗਈ ਸੀ ਅਤੇ ਸਪੱਸ਼ਟ ਤੌਰ 'ਤੇ ਭ੍ਰਿਸ਼ਟ ਪੁਲਸ ਅਧਿਕਾਰੀਆਂ ਦੇ ਦਬਾਅ ਹੇਠ ਜਾਂਚ ਅੱਗੇ ਨਹੀਂ ਵਧੀ। ਬੈਂਚ ਨੇ ਕਿਹਾ ਕਿ ਇਸ ਤੋਂ ਇਲਾਵਾ ਜਾਂਚ ਦੌਰਾਨ ਪੁਲਸ ਅਧਿਕਾਰੀਆਂ ਦੇ ਰਵੱਈਏ ਨੇ ਮੁਲਜ਼ਮ ਨੂੰ ਉਤਸ਼ਾਹਿਤ ਕੀਤਾ ਅਤੇ ਉਸ ਨੇ ਸ਼ਿਕਾਇਤਕਰਤਾ 'ਤੇ ਹਮਲਾ ਕੀਤਾ ਅਤੇ ਉਸ ਨਾਲ ਸਰੀਰਕ ਦੁਰਵਿਵਹਾਰ ਕੀਤਾ, ਜੋ ਪਟਿਆਲਾ ਦੇ ਕਿ ਵਧੀਕ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਦਿੱਤੇ ਹੁਕਮਾਂ 'ਚ ਦਰਜ ਹੈ। ਮਾਮਲੇ ਨੂੰ 17 ਅਗਸਤ ਲਈ ਸੂਚੀਬੱਧ ਕਰਦਿਆਂ ਅਦਾਲਤ ਨੇ ਡੀ.ਜੀ.ਪੀ. ਨੂੰ ਕਿਹਾ ਕਿ ਉਹ ਜਲਦੀ ਤੋਂ ਜਲਦੀ ਅਦਾਲਤ ਵਿਚ ਰਿਪੋਰਟ ਦਾਖ਼ਲ ਕਰਨ।

## ਨਸ਼ਿਆਂ ਖਿਲਾਫ ਸ਼ਿਕੰਜਾ ਕੱਸਿਆ, 11 ਮੁਲਜ਼ਮ ਗ੍ਰਿਫਤਾਰ, ਹੈਰੋਇਨ ਤੇ ਮੋਟਰਸਾਈਕਲ ਜ਼ਬਤ

ਜਲੰਧਰ 17 ਅਗਸਤ। ਨਸ਼ਿਆਂ ਪ੍ਰਤੀ ਆਪਣੀ ਜ਼ੀਰੋ ਟੌਲਰੈਂਸ ਨੀਤੀ ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਨੇ ਵੱਖ-ਵੱਖ ਥਾਣਿਆਂ 'ਚ ਸਖ਼ਤ ਕਾਰਵਾਈ ਕੀਤੀ। ਇਨ੍ਹਾਂ ਕਾਰਵਾਈਆਂ ਦੌਰਾਨ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਵਿੱਚ ਸ਼ਾਮਲ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਕੁੱਲ੍ਹ 76 ਗ੍ਰਾਮ ਹੈਰੋਇਨ ਅਤੇ 1 ਮੋਟਰਸਾਈਕਲ ਜ਼ਬਤ ਕੀਤਾ ਗਿਆ। ਵੇਰਵੇ ਸਾਂਝੇ ਕਰਦਿਆਂ ਹੋਇਆਂ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਆਈ. ਪੀ. ਐੱਸ. ਨੇ ਦੱਸਿਆ ਕਿ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ ਦੇ ਹਿੱਸੇ ਵਜੋਂ ਸ਼ਹਿਰ ਵਿੱਚ ਪਿੱਛਲੇ ਦੋ ਦਿਨਾਂ ਦੌਰਾਨ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਇਨ੍ਹਾਂ ਯਤਨਾਂ ਕਾਰਨ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿਰੁੱਧ ਐੱਨ. ਡੀ. ਪੀ. ਐੱਸ. ਐਕਟ ਤਹਿਤ 8 ਮੁੱਕਦਮੇ ਦਰਜ ਕੀਤੇ ਗਏ ਹਨ। ਗ੍ਰਿਫ਼ਤਾਰੀਆਂ ਦੌਰਾਨ ਹੋਈਆਂ ਬ੍ਰਾਮਦਗੀਆਂ ਵਿੱਚ 76 ਗ੍ਰਾਮ ਹੈਰੋਇਨ ਅਤੇ ਇੱਕ ਮੋਟਰਸਾਈਕਲ ਸ਼ਾਮਲ ਹੈ। ਸੀ. ਪੀ. ਜਲੰਧਰ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਨਿਰੰਤਰ ਜਾਰੀ ਰਹੇਗੀ ਅਤੇ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਖਤਮ ਕਰਨ ਲਈ ਹੋਰ ਵੀ ਸਖ਼ਤ ਕਦਮ ਚੁੱਕੇ ਜਾਣਗੇ।

## 10 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੇ ਭਾਰਤੀ ਨੌਜਵਾਨ ਹੋਇਆ ਗ੍ਰਿਫ਼ਤਾਰ !

ਨਿਊਯਾਰਕ 17 ਅਗਸਤ। ਅਮਰੀਕਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਗੁਜਰਾਤ ਦੇ ਮਹਿਸਾਣਾ ਜ਼ਿਲ੍ਹੇ ਦਾ ਨੌਜਵਾਨ ਬਿੱਟੂ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ ਅਤੇ ਹੁਣ ਪਿਛਲੇ 6 ਮਹੀਨਿਆਂ ਤੋਂ ਅਮਰੀਕੀ ਜੇਲ੍ਹ 'ਚ ਬੰਦ ਹੈ। ਉਸ ਦੀ ਗ੍ਰਿਫ਼ਤਾਰੀ ਫਰਵਰੀ 2025 ਵਿੱਚ ਹੋਈ ਸੀ ਜਦੋਂ ਉਹ ਸ਼ਰਾਬ ਪੀ ਕੇ ਕਾਰ ਚਲਾ ਰਿਹਾ ਸੀ ਅਤੇ ਇਸ ਦੌਰਾਨ ਉਸ ਦੀ ਕਾਰ ਨਾਲ ਇਕ ਹਾਦਸਾ ਵਾਪਰ ਗਿਆ ਸੀ। 2015 ਤੋਂ ਬਿੱਟੂ ਅਮਰੀਕਾ 'ਚ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਰਹਿ ਰਿਹਾ ਸੀ। ਉਸ ਦੇ ਖ਼?ਲਾਫ਼ ਪਹਿਲਾਂ ਹੀ ਡਿਪੋਰਟੇਸ਼ਨ ਲੈਟਰ ਜਾਰੀ ਹੋ ਚੁੱਕਾ ਸੀ, ਪਰ ਉਹ ਲੁਕ-ਛਿਪ ਕੇ ਆਪਣਾ ਜੀਵਨ ਬਿਤਾ ਰਿਹਾ ਸੀ। ਹਾਦਸੇ ਦੇ ਸਮੇਂ ਉਸ ਦੀ ਕਾਰ ਦਾ ਬੀਮਾ ਨਹੀਂ ਸੀ, ਜਿਸ ਕਾਰਨ ਉਸ 'ਤੇ ਹੋਰ ਗੰਭੀਰ ਦੋਸ਼ ਲੱਗ ਗਏ। ਬਿੱਟੂ ਦੀ ਗ੍ਰਿਫ਼ਤਾਰੀ ਵੇਲੇ ਉਸ ਦੀ ਪਤਨੀ ਪਿੰਕੀ 8ਵੇਂ ਮਹੀਨੇ ਦੀ ਗਰਭਵਤੀ ਸੀ। ਬੀਤੇ ਮਾਰਚ ਮਹੀਨੇ ਉਸ ਨੇ ਇਕ ਧੀ ਨੂੰ ਜਨਮ ਦਿੱਤਾ। ਗ੍ਰਿਫ਼ਤਾਰੀ ਕਾਰਨ ਅੱਜ ਤੱਕ ਬਿੱਟੂ ਨੂੰ ਆਪਣੀ ਧੀ ਨੂੰ ਗੋਦੀ 'ਚ ਚੁੱਕਣ ਤੱਕ ਦਾ ਵੀ ਮੌਕਾ ਨਹੀਂ ਮਿਲਿਆ। ਪਿੰਕੀ ਇਸ ਵੇਲੇ ਅਲਾਬਾਮਾ 'ਚ ਇਕੱਲੀ ਰਹਿ ਰਹੀ ਹੈ। ਪਤੀ ਦੀ ਗੈਰਹਾਜ਼ਰੀ ਕਾਰਨ ਉਹ ਆਪਣਾ ਤੇ ਆਪਣੀ ਧੀ ਦਾ ਢਿੱਡ ਭਰਨ ਲਈ ਬਿਨਾਂ ਤਨਖਾਹ ਦੇ ਤੇ ਸਿਰਫ਼ ਛੋਟੀ-ਮੋਟੀ ਮਦਦ ਲਈ ਘਰੇਲੂ ਕੰਮਕਾਜ ਕਰਦੀ ਹੈ। ਉਹ ਖ਼ੁਦ ਵੀ ਸਿਹਤ ਸਮੱਸਿਆਵਾਂ ਨਾਲ ਜੂਝ ਰਹੀ ਹੈ ਅਤੇ ਨਵਜੰਮੀ ਧੀ ਨੂੰ ਪਾਲਣ ਲਈ ਉਸ ਕੋਲ ਕੋਈ ਸਾਧਨ ਨਹੀਂ ਹੈ। ਬਿੱਟੂ 'ਤੇ DUI (Driving Under Influence), ਬੀਮੇ ਤੋਂ ਬਿਨਾਂ ਵਾਹਨ ਚਲਾਉਣਾ ਅਤੇ ਗੈਰ-ਕਾਨੂੰਨੀ ਤੌਰ 'ਤੇ ਰਹਿਣ ਵਰਗੇ ਗੰਭੀਰ ਦੋਸ਼ ਲੱਗੇ ਹਨ। ਹੁਣ ਉਸ ਦਾ ਭਵਿੱਖ ਅਮਰੀਕੀ ਜੇਲ੍ਹ ਅਤੇ ਭਾਰਤ ਵਾਪਸੀ (ਡਿਪੋਰਟੇਸ਼ਨ) ਵਿਚਕਾਰ ਫਸਿਆ ਹੋਇਆ ਹੈ। ਇਹ ਮਾਮਲਾ ਇਕ ਵਾਰ ਫਿਰ ਦਰਸਾਉਂਦਾ ਹੈ ਕਿ ਅਮਰੀਕਾ 'ਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਪਰਿਵਾਰ ਕਿਹੜੀਆਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ। ਪਿੰਕੀ ਵਰਗੀਆਂ ਔਰਤਾਂ ਲਈ ਨਾ ਸਿਰਫ਼ ਰੋਜ਼ਾਨਾ ਦੀ ਜ਼ਿੰਦਗੀ ਮੁਸ਼ਕਲ ਹੋ ਜਾਂਦੀ ਹੈ, ਬਲਕਿ ਨਵਜਨਮੀ ਬੱਚਿਆਂ ਦਾ ਭਵਿੱਖ ਵੀ ਹਨੇਰੇ ਵੱਲ ਚਲਾ ਜਾਂਦਾ ਹੈ।

## ਐਸ.ਸੀ.ਈ.ਆਰ.ਟੀ ਵੱਲੋਂ ਰਾਸਟਰੀ ਜਨਸੰਖਿਆ ਸਿੱਖਿਆ ਪ੍ਰੋਜੈਕਟ ਤਹਿਤ ਦੋ ਰੋਜਾ ਓਰੀਐਂਨਟੇਸਨ ਦਾ ਆਯੋਜਨ

ਸੰਗਰੂਰ, 17 ਅਗਸਤ। ਪੰਜਾਬ ਸਰਕਾਰ ਸਿੱਖਿਆ ਵਿਭਾਗ ਦੀ ਸਿੱਖਿਅਤ ਪੰਜਾਬ ਵਿਕਸਿਤ ਪੰਜਾਬ ਦੀ ਸੋਚ ਤਹਿਤ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ ਪੰਜਾਬ ਵੱਲੋਂ ਡਾਇਰੈਕਟਰ ਕਿਰਨ ਸਰਮਾ ਦੀ ਅਗਵਾਈ ਹੇਠ ਸਹਾਇਕ ਡਾਇਰੈਕਟਰ ਡਾ. ਬੂਟਾ ਸਿੰਘ ਸੇਖੋ, ਨੋਡਲ ਅਫਸਰ ਸੁਨੀਲ ਕੁਮਾਰ ਦੀ ਰਹਿਨੁਮਾਈ ਹੇਠ ਐਸ ਐਸ.ਸੀ.ਈ.ਆਰ.ਟੀ ਸਹਿਯੋਗੀ ਟੀਮ ਸੰਦੀਪ ਕੁਮਾਰ, ਮੈਡਮ ਅੰਜੂ ਮੈਡਮ ਰਮਨ ਯੋਜਨਾ ਪ੍ਰਬੰਧ ਦੇ ਸਹਿਯੋਗ ਨਾਲ ਰਾਸਟਰੀ ਜਨਸੰਖਿਆ ਸਿੱਖਿਆ ਪ੍ਰੋਜੈਕਟ ਤਹਿਤ ਦੋ ਰੋਜਾ ਓਰੀਐਂਨਟੇਸਨ ਦਾ ਆਯੋਜਨ ਮਹਾਤਮਾ ਗਾਂਧੀ ਇੰਸਟੀਚਿਊਟ ਪਬਲਿਕ ਅਤੇ ਪ੍ਰਸਾਸਨ ( ਮਗਸਿਪਾ)ਚੰਡੀਗੜ੍ਹ ਵਿਖੇ ਕਰਵਾਇਆ ਗਿਆ। ਜਿਸ ਵਿੱਚ ਪੰਜਾਬ ਦੀਆ ਸਮੂਹ ਜ?ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਦੇ ਪ੍ਰਿੰਸੀਪਲਾਂ ਅਤੇ ਫੈਕਲਟੀ ਮੈਂਬਰਾਂ ਨੇ ਭਾਗ ਲਿਆ । ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਸਹਾਇਕ ਡਾਇਰੈਕਟਰ ਡਾ. ਬੂਟਾ ਸਿੰਘ ਨੇ ਦੱਸਿਆ ਐਨ.ਪੀ.ਈ.ਪੀ ਰਾਹੀਂ 11 ਵਿਸ?ਿਆਂ ਤੇ ਸਿੱਖਿਆ, ਸਿਹਤ, ਜਨਸੰਖਿਆ, ਲਿੰਗ ਸਮਾਨਤਾ, ਬਾਲ ਹਿੰਸਾ,ਕਿਸੋਰ ਸਿੱਖਿਆ ਤੇ ਮਾਹਿਰ ਡਾਕਟਰ ਦੁਆਰਾ ਜਾਣਕਾਰੀ ਦਿੱਤੀ ਗਈ ਹੈ ।ਜਿਸ ਨੂੰ ਡਾਇਰੈਕਟਰ ਮੈਡਮ ਦੇ ਦਿਸਾ ਨਿਰਦੇਸਾਂ ਅਨੁਸਾਰ ਪੰਜਾਬ ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਹੈ। ਸਟੇਟ ਕੋਆਰਡੀਨੇਟਰ ਸੁਨੀਲ ਕੁਮਾਰ ਨੇ ਕਿਹਾ ਕਿ ਸਿਹਤ ਸੰਬੰਧੀ ਜਾਗਰੂਕਤਾ ਜਾਣਕਾਰੀ, ਮਾਨਸਿਕ, ਸਰੀਰਕ ਵਿਕਾਸ ਲਈ ਲਈ ਅਤੇ ਪਾਠਕ੍ਰਮ ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਟ੍ਰੇਨਿੰਗ ਦਿੱਤੀ ਗਈ ਹੈ। ਪ੍ਰਿੰਸੀਪਲ ਡਾਇਟ ਬਰਨਾਲਾ ਡਾ.ਮੁਨੀਸ ਮੋਹਨ ਸਰਮਾ ਸਰਮਾ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਸਮਝਣ ਲਈ ਇਹ ਸੈਮੀਨਾਰ ਬਹੁਤ ਸਾਰਥਕ ਸਿੱਧ ਹੋਵੇਗਾ, ਸੈਮੀਨਾਰ ਪ੍ਰਿੰਸੀਪਲ ਮੰਗਤ ਸਿੰਘ ਫੈਕਲਟੀ ਮੈਂਬਰ ਅਵਨੀਸ ਕੁਮਾਰ, ਹਰਵਿੰਦਰ ਸਿੰਘ, ਕਮਲਦੀਪ ਕੌਰ ਸਮੂਹ ਸਿੱਖਿਆ ਖੇਤਰ ਦੀਆਂ ਸਖਸੀਅਤਾਂ ਨੇ ਕਿਹਾ ਕਿ ਵਿਦਿਆਰਥੀ ਵਰਗ ਲਈ ਜਾਗਰੂਕਤਾ ਜਾਣਕਾਰੀ ਭਰਪੂਰ ਸਿੱਧ ਹੋਵੇਗਾ।

## ਤਰਨਤਾਰਨ ਪੁਲਸ ਨੂੰ ਮਿਲੀ ਵੱਡੀ ਸਫਲਤਾ, ਕਰੋੜਾਂ ਰੁਪਏ ਦੀ ਹੈਰੋਇਨ ਬਰਾਮਦ

**ਕੌਮੀ ਪਤ੍ਰਿਕਾ**

ਤਰਨਤਾਰਨ 17 ਅਗਸਤ। 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲਾ ਪੁਲਸ ਮੁਖੀ ਦੀਪਕ ਪਾਰੀਕ ਵੱਲੋਂ ਚਲਾਈ ਜਾ ਰਹੀ ਮੁਹਿੰਮ ਦੇ ਚੱਲਦਿਆਂ ਤਰਨਤਾਰਨ ਪੁਲਸ ਨੇ ਕਰੋੜਾਂ ਰੁਪਏ ਦੀ ਹੈਰੋਇਨ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਵੱਖ ਵੱਖ ਥਾਣਿਆਂ ਵਿਚ ਕੇਸ ਦਰਜ ਕਰਦਿਆਂ 12 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਹੈ। ਇਸ ਸਬੰਧੀ ਐੱਸ.ਪੀ. (ਆਈ) ਅਜੇਰਾਜ ਸਿੰਘ ਨੇ ਦੱਸਿਆ ਕਿ ਥਾਣਾ ਖੇਮਕਰਨ ਦੇ ਐੱਸ.ਐੱਚ.ਓ. ਬਲਬੀਰ ਸਿੰਘ ਨੂੰ ਸੂਚਨਾਂ ਮਿਲੀ ਸੀ ਕਿ ਪਿੰਡ ਮਹਿੰਦੀਪੁਰ ਦੀ ਡਰੇਨ ਦੇ ਨਾਲ ਸ਼ਮਸ਼ਾਨਘਾਟ ਨੇੜੇ ਝਾੜੀਆਂ ਵਿਚ ਕੋਈ ਇਤਰਾਜ਼ਯੋਗ ਵਸਤੂ ਪਈ ਹੋਈ ਹੈ। ਜਿਸ 'ਤੇ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਤਲਾਸ਼ੀ ਕੀਤੀ ਤਾਂ ਝਾੜੀਆਂ ਵਿਚੋਂ ਇਕ ਪੀਲੇ ਰੰਗ ਦੀ ਟੇਪ ਨਾਲ ਲਪੇਟਿਆ ਪੈਕੇਟ ਮਿਲਿਆ ਜਿਸ ਵਿਚੋਂ ਕਰੀਬ 3 ਕਿਲੋ ਹੈਰੋਇਨ ਬਰਾਮਦ ਹੋਈ। ਜਿਸ ਦੀ ਅੰਤਰ ਰਾਸ਼ਟਰੀ ਬਜ਼ਾਰ ਵਿਚ ਕੀਮਤ ਕਰੀਬ 15 ਕਰੋੜ ਰੁਪਏ ਦੱਸੀ ਜਾਂਦੀ ਹੈ। ਇਸ ਸਬੰਧੀ ਥਾਣਾ ਖੇਮਕਰਨ ਦੀ ਪੁਲਸ ਨੇ ਕੇਸ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਝਬਾਲ ਦੀ ਪੁਲਸ ਨੇ ਮੁਖਤਾਰ ਸਿੰਘ ਵਾਸੀ ਪੰਡੋਰੀ ਰਣ ਸਿੰਘ ਨੂੰ 32 ਗ੍ਰਾਮ ਹੈਰੋਇਨ, ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੇ ਲਵਪ੍ਰੀਤ ਸਿੰਘ ਵਾਸੀ ਹਵੇਲੀਆਂ ਨੂੰ 7 ਗ੍ਰਾਮ ਹੈਰੋਇਨ, ਥਾਣਾ ਵੈਰੋਂਵਾਲ ਦੀ ਪੁਲਸ ਨੇ ਪ੍ਰਭਜੋਤ ਸਿੰਘ ਵਾਸੀ ਮੀਆਂਵਿੰਡ ਨੂੰ 4 ਗ੍ਰਾਮ ਹੈਰੋਇਨ ਅਤੇ ਥਾਣਾ ਗੋਇੰਦਵਾਲ ਸਾਹਿਬ ਦੀ



ਪੁਲਸ ਨੇ ਜੋਬਨ ਸਿੰਘ ਵਾਸੀ ਤੁੜ ਨੂੰ 22 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਥਾਣਾ ਚੋਹਲਾ ਸਾਹਿਬ ਦੀ ਪੁਲਸ ਨੇ ਰਛਪਾਲ ਸਿੰਘ ਵਾਸੀ ਚੋਹਲਾ ਸਾਹਿਬ ਨੂੰ 5 ਗ੍ਰਾਮ 80 ਮਿਲੀਗ੍ਰਾਮ ਹੈਰੋਇਨ, 4050 ਰੁਪਏ ਭਾਰਤੀ ਕਰੰਸੀ ਅਤੇ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਵਿਸ਼ਾਲ ਸਿੰਘ ਅਤੇ ਦਲੇਰ ਸਿੰਘ ਵਾਸੀਆਨ ਪੱਖੋਕੇ ਨੂੰ 35 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਥਾਣਾ ਖਾਲੜਾ ਦੀ ਪੁਲਸ ਨੇ ਹਰਚੰਦ ਸਿੰਘ ਵਾਸੀ ਰਾਜੋਕੇ ਨੂੰ 8 ਗ੍ਰਾਮ ਹੈਰੋਇਨ, ਥਾਣਾ ਸਦਰ ਪੱਟੀ ਦੀ ਪੁਲਸ ਨੇ ਦਵਿੰਦਰ ਸਿੰਘ ਵਾਸੀ ਸਭਰਾ ਨੂੰ 23 ਗ੍ਰਾਮ ਹੈਰੋਇਨ, 500 ਰੁਪਏ ਡਰੱਗ ਮਨੀ ਸਮੇਤ ਕਾਬੂ ਕੀਤਾ। ਜਦਕਿ ਥਾਣਾ ਸਿਟੀ ਪੱਟੀ ਦੀ ਪੁਲਸ ਨੇ ਵਿਕਰਮ ਉਰਫ਼ ਵਿੱਕੀ ਵਾਸੀ ਪੱਟੀ ਨੂੰ 7 ਗ੍ਰਾਮ ਹੈਰੋਇਨ, ਥਾਣਾ ਸਰਹਾਲੀ ਦੀ ਪੁਲਸ ਨੇ ਬੰਟੀ ਉਰਫ਼ ਸੰਨੀ ਵਾਸੀ ਚੌਧਰੀਵਾਲਾ ਨੂੰ 30 ਗ੍ਰਾਮ ਹੈਰੋਇਨ ਅਤੇ ਥਾਣਾ ਕੱਚਾ ਪੱਕਾ ਦੀ ਪੁਲਸ ਨੇ ਰਵਿੰਦਰ ਸਿੰਘ ਵਾਸੀ ਸੂਰਵਿੰਡ ਨੂੰ ਨਸ਼ੇ ਦਾ ਸੇਵਨ ਕਰਦਿਆਂ ਕਾਬੂ ਕੀਤਾ ਹੈ। ਮੁਲਜ਼ਮਾਂ ਦੇ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਪੁਲਸ ਨੇ ਚੁੱਕਿਆ 'ਜੈਸ਼-ਏ-ਮੁਹੰਮਦ' ਵਰਗੇ ਪਾਬੰਦੀਸ਼ੁਦਾ ਅੱਤਵਾਦੀ ਸੰਗਠਨਾਂ ਨਾਲ ਜੁੜਿਆ ਸ਼ੈੱਫ

ਨੈਸ਼ਨਲ ਡੈਸਕ 17 ਅਗਸਤ। ਆਂਧਰਾ ਪ੍ਰਦੇਸ਼ ਦੇ ਸ਼?ਰੀ ਸੱਤਿਆਸਾਈਂ ਜ਼ਿਲ੍ਹੇ ਦੇ ਧਰਮਾਵਰਮ ਤੋਂ ਇਕ ਸ਼ੈੱਫ ਨੂੰ ਪਾਕਿਸਤਾਨ ਸਥਿਤ ਅੱਤਵਾਦੀ ਸੰਗਠਨਾਂ ਨਾਲ ਸੰਪਰਕ ਰੱਖਣ ਦੇ ਦੋਸ਼ ਹੇਠ ਸ਼ਨੀਵਾਰ ਨੂੰ ਹਿਰਾਸਤ ਵਿਚ ਲਿਆ ਗਿਆ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਸ਼ੱਕੀ ਦੀ ਪਛਾਣ ਸ਼ੇਖ ਕੋਠਵਾਲ ਨੂਰ ਮੁਹੰਮਦ (42) ਵਜੋਂ ਹੋਈ ਹੈ। ਅਧਿਕਾਰੀ ਨੇ ਕਿਹਾ ਕਿ ਮੁਹੰਮਦ ਕਥਿਤ ਤੌਰ 'ਤੇ ਜੈਸ਼-ਏ-ਮੁਹੰਮਦ ਵਰਗੇ ਕਈ ਪਾਬੰਦੀਸ਼ੁਦਾ ਅੱਤਵਾਦੀ ਸੰਗਠਨਾਂ ਨਾਲ ਜੁੜਿਆ ਹੋਇਆ ਹੈ।

## ਪ੍ਰਧਾਨ ਬਣਨ ਮਗਰੋਂ ਗਿਆਨੀ ਹਰਪ੍ਰੀਤ ਸਿੰਘ ਦੇ ਬੋਲ: 'ਸ਼੍ਰੋਮਣੀ ਕਮੇਟੀ ਸਣੇ ਚੋਣ ਨਿਸ਼ਾਨ ਤੇ ਦਫ਼ਤਰ ਵੀ ਲਵਾਂਗੇ'

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 17 ਅਗਸਤ। ਸ਼?ਰੋਮਣੀ ਅਕਾਲੀ ਦਲ (ਬਾਗੀ) ਦੇ ਨਵੇਂ ਪ੍ਰਧਾਨ ਬਣਨ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਤੇ ਸੂਬੇ ਦੀ ਆਰਥਿਕ ਸਥਿਤੀ ਬਾਰੇ ਗੰਭੀਰ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਸਿੱਖ ਕੌਮ ਦੀ ਆਰਥਿਕ ਹਾਲਤ ਬਹੁਤ ਮਜ਼ਬੂਤ ਨਹੀਂ ਰਹੀ, ਜਦਕਿ ਕਦੇ ਪੰਜਾਬ ਅਮੀਰ ਸੂਬਿਆਂ ਵਿਚੋਂ ਇੱਕ ਸੀ। ਉਨ੍ਹਾਂ ਨੇ ਕੇਂਦਰ ਸਰਕਾਰ 'ਤੇ ਆਰਥਿਕ ਹੱਕਾਂ ਦੇ ਦਬਾਅ ਦੀ ਗੰਭੀਰ ਆਲੋਚਨਾ ਕਰਦਿਆਂ ਕਿਹਾ ਕਿ ਜੇ ਸਿੱਖ ਕੌਮ ਨੂੰ 1947 ਤੋਂ ਹੁਣ ਤੱਕ ਉਹ ਹੱਕ ਮਿਲਦੇ, ਤਾਂ ਅੱਜ ਭਾਰਤ ਦੀ 60 ਫੀਸਦੀ ਆਰਥਿਕਤਾ ਸਿੱਖ ਕੌਮ ਦੇ ਹੱਥ ਹੋਣੀ ਸੀ। ਉਨ੍ਹਾਂ ਨੇ ਸਰਕਾਰ ਵੱਲੋਂ ਖੇਤੀ ਪ੍ਰਣਾਲੀ ਖਤਮ ਕਰਨ ਅਤੇ ਕਿਸਾਨਾਂ ਤੋਂ ਉਨ੍ਹਾਂ ਦੀ ਰੋਜ਼ਗਾਰ ਲੈਣ ਦੀ ਵੀ ਗੱਲ ਕਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸ਼?ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ 2 ਸਾਲ ਤੋਂ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਕੋਸ਼ਿਸ਼ ਕਰ ਰਿਹਾ ਹੈ ਪਰ ਸਮਾਂ ਨਹੀਂ ਦਿੱਤਾ ਜਾ ਰਿਹਾ। ਪਾਰਟੀ ਦੇ ਮਾਮਲਿਆਂ 'ਤੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਦਾ ਚੁੱਲ੍ਹਾ ਇਕ ਸਟੈਂਡ 'ਤੇ ਅਟਕਿਆ ਹੋਇਆ ਹੈ ਅਤੇ ਜਿਹੜੇ ਸਟੈਂਡ 'ਤੇ



ਉਹ ਖੜ੍ਹਾ ਹੈ ਉਹ ਵੀ ਅਸੀਂ ਲੈ ਲੈਣਾ ਹੈ, ਜਿਸ ਦਿਨ ਸਟੈਂਡ ਲੈ ਲਿਆ ਉਸ ਦੀ ਇਨ੍ਹਾਂ ਨੇ ਖੇਰੰ-ਖੇਰੰ ਹੋ ਜਾਣਾ ਹੈ। ਤਿੰਨ ਸਟੈਂਡ ਦੀ ਗੱਲ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਹਿਲੇ ਸਟੈਂਡ 'ਚ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ, ਦੂਜਾ ਚੋਣ ਨਿਸ਼ਾਨ ਅਤੇ ਤੀਜਾ ਦਫਤਰ ਲੈਣਾ ਹੈ। ਉਨ੍ਹਾਂ ਅੱਗੇ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਨੇ 7 ਮੈਂਬਰੀ ਕਮੇਟੀ ਬਣਾਈ ਸੀ ਪਰ ਇਨ੍ਹਾਂ ਨੇ ਅੰਦਰ ਵੜ ਕੇ 7 ਮੈਂਬਰੀ ਕਮੇਟੀ ਨੂੰ ਮਜ਼ਬੂਰ ਕੀਤਾ ਕਿ ਤੁਸੀਂ ਅਸਤੀਫ਼ੇ ਦੇ ਦਿਓ, ਜਿਸ 'ਚੋਂ 2 ਨੇ ਅਸਤੀਫ਼ੇ ਦੇ ਦਿੱਤੇ। ਅੱਜ ਮੈਨੂੰ ਫਰਕ ਹੋ ਰਿਹਾ ਹੈ ਜਿਨ੍ਹਾਂ 5 ਦੇ ਨਾਂ ਮੈਂ ਆਪਣੇ ਹੱਥੀ ਲਿਖੇ ਸੀ, ਉਨ੍ਹਾਂ ਨੇ ਮੇਰੇ ਲਿਖੇ ਹੋਏ ਨਾਮ ਦੀ ਲਾਜ ਰੱਖੀ ਹੈ। ਗਿਆਨੀ ਹਰਪ੍ਰੀਤ ਨੇ ਕਿਹਾ ਜੇਕਰ ਮੇਰੀ ਪਾਰਟੀ ਦੇ ਕਿਸੇ ਵੀ ਵਰਕਰ ਦੀ ਕਿਰਦਾਰਕੁਸ਼ੀ ਕਰਦਿਆਂ ਪਰਿਵਾਰਾਂ ਤੱਕ ਗਏ ਤਾਂ ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਮੇਰੇ ਕੋਲ ਵੀ ਬਹੁਤ ਕੁਝ ਹੈ ਤੁਹਾਡੇ ਪ੍ਰਧਾਨ ਦੀਆਂ ਕਿੱਥੇ-ਕਿੱਥੇ ਜਾਇਦਾਦਾਂ ਹਨ ਇਸ ਦੀਆਂ ਲੰਮੀਆਂ ਲਿਸਟਾਂ ਮੇਰੇ ਕੋਲ ਪਹੁੰਚ ਗਈਆਂ ਹਨ। ਇਹ ਮੈਨੂੰ ਕਿਸੇ ਹੋਰ ਨੇ ਮੁਹੱਈਆ ਨਹੀਂ ਕਰਵਾਈਆਂ ਇਹ ਤੁਹਾਡੇ ਗੱਡੀ 'ਚ ਬੈਠਣ ਵਾਲੇ ਲੋਕਾਂ ਨੇ ਮੁਹੱਈਆਂ ਕਰਵਾਈਆਂ ਹਨ। ਉਨ੍ਹਾਂ ਕਿਹਾ ਪਹਿਲਾਂ ਮੈਂ ਇਕੱਲਾ ਸੀ ਅੱਜ ਮੇਰੇ ਨਾਲ 15 ਲੱਖ ਲੋਕ ਹਨ।

## ਲੁਧਿਆਣਾ 'ਚ ਰੂਹ ਕੰਬਾਊ ਵਾਰਦਾਤ, ਦਿਨ-ਦਿਹਾੜੇ ਔਰਤ ਦਾ ਜੋ ਹਾਲ ਕੀਤਾ...

ਲੁਧਿਆਣਾ 17 ਅਗਸਤ। ਇੱਥੇ ਮਾਡਲ ਟਾਊਨ ਇਲਾਕੇ 'ਚ ਸ਼ਨੀਵਾਰ ਨੂੰ ਦਿਨ-ਦਿਹਾੜੇ ਝਪਟਮਾਰੀ ਦੀ ਵਾਰਦਾਤ ਨੇ ਪੂਰੇ ਇਲਾਕੇ 'ਚ ਸਨਸਨੀ ਫੈਲ ਦਿੱਤੀ। ਸਕੂਟਰ ਸਵਾਰ ਇਕ ਨਸ਼ੇੜੀ ਨੌਜਵਾਨ ਨੇ ਇਕ ਔਰਤ ਤੋਂ ਪਰਸ ਖੋਹਣ ਦੀ ਕੋਸ਼ਿਸ਼ ਕੀਤੀ। ਔਰਤ ਨੇ ਪਰਸ ਨਹੀਂ ਛੱਡਿਆ ਤਾਂ ਦੋਸ਼ੀ ਨੇ ਉਸ ਨੂੰ ਜੋਰ ਨਾਲ ਖਿੱਚਿਆ, ਜਿਸ ਕਾਰਨ ਔਰਤ ਮੂਧੇ ਮੂੰਹ ਡਿੱਘ ਗਈ। ਬਦਮਾਸ਼ ਪਹਿਲਾਂ ਮੌਕੇ ਤੋਂ ਭੱਜ ਗਿਆ ਪਰ ਕੁੱਝ ਹੀ ਦੇਰ ਬਾਅਦ ਦੁਬਾਰਾ ਆਇਆ ਅਤੇ ਔਰਤ ਦਾ ਪਰਸ ਚੁੱਕ ਕੇ ਫਰਾਰ ਹੋ ਗਿਆ। ਇਸ ਪੂਰੀ ਘਟਨਾ ਦੀ ਵੀਡੀਓ ਵੀ ਵਾਇਰਲ ਹੋਈ ਹੈ। ਵੀਡੀਓ 'ਚ ਸਾਫ ਦਿਖਾਈ ਦੇ ਰਿਹਾ ਹੈ ਕਿ ਔਰਤ ਖੂਨ ਨਾਲ ਲਥਪਥ ਸੜਕ 'ਤੇ ਪਈ ਹੈ ਅਤੇ ਆਸ-ਪਾਸ ਦੇ ਲੋਕ ਇਕੱਠੇ ਹੋ ਗਏ ਹਨ। ਇਸ ਦੌਰਾਨ ਦੋਸ਼ੀ ਸਕੂਟਰ ਸਮੇਤ ਜਰੂਰ ਡਿੱਗਿਆ ਪਰ ਭੀੜ ਦੇਖ ਕੇ ਉਹ ਭੱਜ ਗਿਆ। ਸਥਾਨਕ ਲੋਕਾਂ ਨੇ ਜਖਮੀ ਔਰਤ ਨੂੰ ਹਸਪਤਾਲ ਪਹੁੰਚਾਇਆ। ਘਟਨਾ ਦੌਰਾਨ ਜਖਮੀ ਔਰਤ ਦੀ ਪਛਾਣ ਅਲਕਾ ਦੇ ਤੌਰ 'ਤੇ ਹੋਈ ਹੈ। ਹਾਦਸੇ 'ਚ ਉਸ ਦੇ ਦੰਦ ਟੁੱਟ ਗਏ ਹਨ ਅਤੇ ਸਿਰ 'ਚ ਗੰਭੀਰ ਸੱਟ ਲੱਗੀ ਹੈ। ਡਾਕਟਰਾਂ ਦੇ ਮੁਤਾਬਕ ਫਿਲਹਾਲ ਉਹ ਡੀ. ਐੱਮ. ਸੀ. ਹਸਪਤਾਲ ਦੇ ਆਈ. ਸੀ. ਯੂ. 'ਚ ਹੈ। ਪੀੜਤ ਦੀ ਧੀ ਜਪਨਾ ਨੇ ਦੱਸਿਆ ਕਿ ਉਸ ਦੀ ਮਾਂ ਦੀ ਹਾਲਤ ਅਜੇ ਸਥਿਰ ਹੈ ਪਰ ਚਿਹਰੇ 'ਤੇ ਗੰਭੀਰ ਸੱਟਾਂ ਕਾਰਨ ਪਲਾਸਟਿਕ ਸਰਜਰੀ ਕਰਨੀ ਪਈ ਹੈ। ਅਜੇ ਤੱਕ ਉਸ ਨੂੰ ਹੋਸ਼ ਨਹੀਂ ਆਇਆ ਅਤੇ ਪਰਿਵਾਰ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਦੇ ਦਿੱਤੀ ਹੈ।

## ਸੰਸਦ ਮੈਂਬਰ ਵਿਕਰਮ ਸਾਹਨੀ ਨੇ ਐੱਸਸੀਐੱਲ ਮੋਹਾਲੀ ਦੇ ਆਧੁਨਿਕੀਕਰਨ ਦੀ ਆਪਣੀ ਮੰਗ ਦੂਹਰਾਈ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ/ਚੰਡੀਗੜ੍ਹ 17 ਅਗਸਤ। ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਭਾਰਤ ਸੈਮੀਕੰਡਕਟਰ ਮਿਸ਼ਨ ਦੇ ਤਹਿਤ ਮੋਹਾਲੀ ਵਿਖੇ ਕਾਂਟੀਨੈਂਟਲ ਡਿਵਾਈਸਿਸ ਇੰਡੀਆ ਪ੍ਰਾਈਵੇਟ ਲਿਮਟਿਡ ਦੀ ਡਿਸਕ੍ਰਿਟ ਸੈਮੀਕੰਡਕਟਰ ਨਿਰਮਾਣ ਸਹੂਲਤ ਦੇ ਵਿਸਥਾਰ ਲਈ ਕੇਂਦਰੀ ਕੈਬਨਿਟ ਵੱਲੋਂ ਦਿੱਤੀ ਗਈ ਪ੍ਰਵਾਨਗੀ ਦਾ ਸਵਾਗਤ ਕੀਤਾ। ਮੋਹਾਲੀ ਸਥਿਤ ਸੈਮੀਕੰਡਕਟਰ ਲੈਬਾਰਟਰੀ (ਐੱਸਸੀਐੱਲ) ਦੇ ਆਧੁਨਿਕੀਕਰਨ ਦੀ ਆਪਣੀ ਲੰਬੇ ਸਮੇਂ ਤੋਂ ਲਟਕਦੀ ਮੰਗ ਨੂੰ ਦੁਹਰਾਉਂਦੇ ਹੋਏ, ਡਾ. ਸਾਹਨੀ ਨੇ ਯਾਦ ਦਿਵਾਇਆ ਕਿ ਸਰਕਾਰ ਨੇ 2024 ਵਿਚ ਦੇਸ਼ ਵਿਚ ਸੈਮੀਕੰਡਕਟਰ ਅਤੇ ਡਿਸਪਲੇ ਨਿਰਮਾਣ ਈਕੋਸਿਸਟਮ ਦੇ ਵਿਕਾਸ ਲਈ ?76,000 ਕਰੋੜ ਦੇ ਫੰਡ ਨੂੰ ਮਨਜ਼ੂਰੀ ਦਿੱਤੀ ਸੀ, ਜਿਸ ਦੇ ਤਹਿਤ ਐੱਸਸੀਐੱਲ ਮੋਹਾਲੀ ਦੇ ਆਧੁਨਿਕੀਕਰਨ ਲਈ ?10,000 ਕਰੋੜ ਰੱਖੇ ਗਏ ਸਨ ਪਰ ਬਦਕਿਸਮਤੀ ਨਾਲ, ਇਸ ਸਬੰਧ ਵਿਚ ਹੁਣ ਤੱਕ ਕੋਈ ਪ੍ਰਗਤੀ ਨਹੀਂ ਹੋਈ ਹੈ। ਪ੍ਰਸਤਾਵਿਤ ਆਧੁਨਿਕੀਕਰਨ ਦੇ ਪਰਿਵਰਤਨਸ਼ੀਲ ਪ੍ਰਭਾਵ ਨੂੰ ਉਜਾਗਰ ਕਰਦੇ ਹੋਏ, ਡਾ. ਸਾਹਨੀ ਨੇ ਕਿਹਾ ਕਿ ਜੇਕਰ ਐੱਸਸੀਐੱਲ ਮੋਹਾਲੀ ਨੂੰ ਅਤਿ-ਆਧੁਨਿਕ ਨਿਰਮਾਣ ਅਤੇ ਖੋਜ ਸਹੂਲਤਾਂ ਨਾਲ ਆਧੁਨਿਕ ਬਣਾਇਆ ਜਾਂਦਾ ਹੈ ਤਾਂ ਇਹ



ਚੋਟੀ ਦੇ ਵਿਸ਼ਵ ਤਕਨਾਲੋਜੀ ਭਾਈਵਾਲਾਂ ਨੂੰ ਆਕਰਸ਼ਿਤ ਕਰੇਗਾ, ਸਾਡੇ ਨੌਜਵਾਨਾਂ ਲਈ ਹਜ਼ਾਰਾਂ ਉੱਚ-ਮੁੱਲ ਵਾਲੀਆਂ ਨੌਕਰੀਆਂ ਪੈਦਾ ਕਰੇਗਾ ਅਤੇ ਪੰਜਾਬ ਨੂੰ ਨਵੀਨਤਾ ਅਤੇ ਉੱਨਤ ਨਿਰਮਾਣ ਦਾ ਕੇਂਦਰ ਬਣਾਏਗਾ। ਇਹ ਸਿਰਫ਼ ਬੁਨਿਆਦੀ ਢਾਂਚੇ ਵਿਚ ਨਿਵੇਸ਼ ਨਹੀਂ ਹੈ, ਸਗੋਂ ਪੰਜਾਬ ਅਤੇ ਭਾਰਤ ਦੇ ਭਵਿੱਖ ਵਿਚ ਇਕ ਨਿਵੇਸ਼ ਹੈ। ਕੇਂਦਰ ਸਰਕਾਰ ਨੂੰ ਇਸ ਆਧੁਨਿਕੀਕਰਨ ਪ੍ਰੋਜੈਕਟ ਨੂੰ ਜਲਦੀ ਤੋਂ ਜਲਦੀ ਪੂਰਾ ਕਰਨਾ ਚਾਹੀਦਾ ਹੈ।

## ਫਿਰੋਜਪੁਰ ਦੀ ਪੁਲਸ ਨੇ ਚੋਰ ਗਿਰੋਹ ਦੇ 3 ਮੈਂਬਰਾਂ ਨੂੰ ਕੀਤਾ ਗ੍ਰਿਫਤਾਰ, 9 ਮੋਟਰਸਾਈਕਲ ਤੇ ਐਕਟਿਵਾ ਸਕੂਟਰ ਬਰਾਮਦ

ਫਿਰੋਜਪੁਰ 17 ਅਗਸਤ। ਜ?ਿਲ੍ਹਾ ਫਿਰੋਜਪੁਰ 'ਚ ਐੱਸ. ਐੱਸ. ਪੀ. ਸਰਦਾਰ ਭੁਪਿੰਦਰ ਸਿੰਘ ਸਿੱਧੂ ਦੇ ਦਿਸਾ-ਨਿਰਦੇਸਾਂ ਅਨੁਸਾਰ ਚੋਰਾਂ, ਲੁਟੇਰਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਥਾਣਾ ਸਿਟੀ ਫਿਰੋਜਪੁਰ ਦੀ ਪੁਲਸ ਨੇ ਏ. ਐੱਸ. ਆਈ. ਅਯੂਬ ਮਸੀਹ ਦੀ ਅਗਵਾਈ ਹੇਠ ਚੋਰ ਗਿਰੋਹ ਦੇ 3 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ, ਜਿਨ੍ਹਾਂ ਤੋਂ ਚੋਰੀ ਦੇ 9 ਮੋਟਰਸਾਈਕਲ ਅਤੇ ਇੱਕ ਐਕਟਿਵਾ ਸਕੂਟਰ ਬਰਾਮਦ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜਪੁਰ ਦੇ ਐੱਸ. ਐੱਚ. ਓ. ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਡੀ. ਐੱਸ. ਪੀ. ਸਿਟੀ ਸਰਦਾਰ ਸੁਖਵਿੰਦਰ ਸਿੰਘ ਦੇ ਨਿਰਦੇਸਾਂ ਅਨੁਸਾਰ ਜਦੋਂ ਥਾਣਾ ਸਿਟੀ ਫਿਰੋਜਪੁਰ ਦੀ ਪੁਲਸ ਪਾਰਟੀ ਗਸਤ ਕਰਦੀ ਹੋਈ ਖਾਈ ਵਾਲਾ ਅੱਡਾ ਰੇਲਵੇ ਫਾਟਕ ਨੇੜੇ ਪਹੁੰਚੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਆਕਾਸ ਪੁੱਤਰ ਬਸੰਤ ਵਾਸੀ ਬਸਤੀ ਸੇਖਾ ਵਾਲੀ ਫਿਰੋਜਪੁਰ ਸਹਿਰ ਅਤੇ ਸੁਨੀਲ ਉਰਫ ਸੀਲ ਪੁੱਤਰ ਰਾਜ ਕੁਮਾਰ ਵਾਸੀ ਦਾਣਾ ਮੰਡੀ ਫਿਰੋਜਪੁਰ ਸਹਿਰ ਅਤੇ ਮਨਪ੍ਰੀਤ ਉਰਫ ਮੰਨੂ ਪੁੱਤਰ ਸਾਵਨ ਸਿੰਘ ਵਾਸੀ ਹੀਰਾ ਨਗਰ ਫਿਰੋਜਪੁਰ ਸਹਿਰ (ਹੁਣ ਸਾਦਿਕ) ਮੋਟਰਸਾਈਕਲ ਚੋਰੀ ਕਰਨ ਦੇ ਆਦੀ ਹਨ, ਜੋ ਇਸ ਵੇਲੇ ਚੋਰੀ ਕੀਤੇ ਹੋਏ ਮੋਟਰਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਦੱਸਿਆ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਨਾਮਜਦ ਤਿੰਨਾਂ ਦੋਸ਼ੀਆਂ ਬਿਨਾਂ ਨੰਬਰੀ 3 ਸਪਲੈਂਡਰ ਮੋਟਰਸਾਈਕਲਾਂ ਸਮੇਤ ਗ੍ਰਿਫਤਾਰ ਕਰ ਲਿਆ, ਜਿੰਨਾ ਦੀ ਨਿਸ਼ਾਨਦੇਹੀ 'ਤੇ ਪੁਲਸ ਨੇ ਚੋਰੀ ਦੇ ਕੁੱਲ 9 ਮੋਟਰਸਾਈਕਲ ਅਤੇ ਇੱਕ ਐਕਟਿਵਾ ਸਕੂਟਰ ਬਰਾਮਦ ਕੀਤੇ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ ਕਰਕੇ ਉਨ੍ਹਾਂ ਦਾ ਪੁਲਸ ਰਿਮਾਂਡ ਲੈ ਲਿਆ ਗਿਆ ਹੈ ਅਤੇ ਉਨ੍ਹਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਗ੍ਰਿਫਤਾਰ ਕੀਤੇ ਗਏ ਚੋਰਾਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਇਹ ਮੋਟਰਸਾਈਕਲ ਅਤੇ ਸਕੂਟਰ ਵੱਖ-ਵੱਖ ਇਲਾਕਿਆਂ ਤੋਂ ਚੋਰੀ ਕੀਤੇ ਸਨ।

## ਪੱਛਮੀ ਹਲਕੇ ਦੇ 10 ਕਰੋੜ ਦੇ ਟੈਂਡਰਾਂ 'ਚ ਗੜਬੜੀ ਦਾ ਮਾਮਲਾ ਲੋਕਲ ਬਾਡੀਜ਼ ਮੰਤਰੀ ਤਕ ਪੁੱਜਾ

**ਕੌਮੀ ਪਤ੍ਰਿਕਾ**

ਜਲੰਧਰ 17 ਅਗਸਤ। ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਭਾਵੇਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਕਰ ਰਹੇ ਹੋਣ ਪਰ ਉਨ੍ਹਾਂ ਦੇ ਹਲਕੇ ਵਿਚ ਵਿਕਾਸ ਕਾਰਜਾਂ ਲਈ ਨਗਰ ਨਿਗਮ ਵੱਲੋਂ ਲਾਏ ਗਏ ਲਗਭਗ 10 ਕਰੋੜ ਰੁਪਏ ਦੇ ਟੈਂਡਰਾਂ ਵਿਚ ਗੜਬੜੀ ਦੇ ਤਾਜ਼ਾ ਮਾਮਲੇ ਨੇ ਪ੍ਰਸ਼ਾਸਨ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੱਛਮੀ ਹਲਕੇ ਦੇ ਵੱਖ-ਵੱਖ ਵਾਰਡਾਂ ਦੇ ਕੰਮਾਂ ਨਾਲ ਸਬੰਧਤ 60-62 ਟੈਂਡਰਾਂ ਵਿਚੋਂ ਹੁਣ ਤੱਕ ਸਿਰਫ਼ ਅੱਧੇ ਹੀ ਟੈਂਡਰ ਖੋਲ੍ਹੇ ਗਏ ਹਨ ਪਰ ਉਨ੍ਹਾਂ ਵਿਚ 'ਪੂਲ ਸਿਸਟਮ' ਜ਼ਰੀਏ ਮਿਲੀਭੁਗਤ ਦੇ ਸਪੱਸ਼ਟ ਸੰਕੇਤ ਮਿਲੇ ਹਨ। ਸੂਤਰਾਂ ਅਨੁਸਾਰ ਨਗਰ ਨਿਗਮ ਦੇ ਕੁਝ ਠੇਕੇਦਾਰਾਂ ਨੇ ਆਪਸ ਵਿਚ ਮੀਟਿੰਗ ਕਰਕੇ ਪੂਲ ਸਿਸਟਮ ਅਪਣਾਇਆ ਤੇ ਵਧੇਰੇ ਟੈਂਡਰ ਬੇਹੱਦ ਘੱਟ ਡਿਸਕਾਊਂਟ 'ਤੇ ਭਰੇ। ਉਹੀ ਠੇਕੇਦਾਰ, ਜੋ ਹੋਰਨਾਂ ਹਲਕਿਆਂ ਵਿਚ ਅਤੇ ਪਹਿਲਾਂ ਵੀ ਸੀ. ਸੀ. ਫਲੋਰਿੰਗ, ਸੜਕਾਂ ਅਤੇ ਇੰਟਰਲਾਕਿੰਗ ਟਾਈਲਾਂ ਦੇ ਕੰਮ 35, 40 ਜਾਂ 45 ਫ਼ੀਸਦੀ ਡਿਸਕਾਊਂਟ 'ਤੇ ਭਰਦੇ ਸਨ, ਉਨ੍ਹਾਂ ਪੱਛਮੀ ਵਿਧਾਨ ਸਭਾ ਹਲਕੇ ਵਿਚ ਵਧੇਰੇ ਕੰਮ ਇਕ, ਡੇਢ, ਦੋ ਜਾਂ ਵੱਧ ਤੋਂ ਵੱਧ ਚਾਰ ਫੀਸਦੀ ਡਿਸਕਾਊਂਟ 'ਤੇ ਭਰੇ। ਦੋਸ਼ ਹੈ ਕਿ ਇਸ 'ਪੂਲ ਸਿਸਟਮ' ਦੌਰਾਨ ਨਗਰ ਨਿਗਮ ਦੇ ਦੋ ਅਧਿਕਾਰੀ ਵੀ ਮੌਕੇ 'ਤੇ ਮੌਜੂਦ ਸਨ, ਜਿਨ੍ਹਾਂ ਨੇ ਕਥਿਤ ਤੌਰ 'ਤੇ ਪਰਚੀਆਂ ਪਾ ਕੇ ਠੇਕੇਦਾਰਾਂ ਵਿਚਕਾਰ ਕੰਮ ਵੰਡਣ ਵਿਚ ਭੂਮਿਕਾ ਨਿਭਾਈ। ਇਸ ਪੂਰੀ ਖੇਡ ਨਾਲ ਨਿਗਮ ਨੂੰ ਲੱਗਭਗ 3 ਕਰੋੜ ਰੁਪਏ ਦਾ ਚੂਨਾ ਲਾਉਣ ਦੀ ਤਿਆਰੀ ਸੀ। ਟੈਂਡਰਾਂ ਵਿਚ ਗੜਬੜੀ ਦਾ ਮਾਮਲਾ ਸਿਰਫ ਨਗਰ ਨਿਗਮ ਪ੍ਰਸ਼ਾਸਨ ਤੱਕ ਸੀਮਤ ਨਹੀਂ ਰਿਹਾ। ਮੇਅਰ ਵਨੀਤ ਧੀਰ ਵੱਲੋਂ ਕੰਪੈਰੇਟਿਵ ਸਟੇਟਮੈਂਟ ਮੰਗਵਾਏ ਜਾਣ 'ਤੇ ਕਈ ਟੈਂਡਰਾਂ ਵਿਚ ਪੂਲ ਸਿਸਟਮ ਸਾਫ਼ ਨਜ਼ਰ ਆਇਆ। ਬਚੇ ਹੋਏ ਟੈਂਡਰ ਸੋਮਵਾਰ ਨੂੰ ਖੋਲ੍ਹੇ ਜਾਣੇ ਹਨ, ਜਿਨ੍ਹਾਂ ਵਿਚ ਵੀ ਇਸੇ ਤਰ੍ਹਾਂ ਦੀ ਗੜਬੜੀ ਸਾਹਮਣੇ ਆਉਣ ਦਾ ਖ਼ਦਸ਼ਾ ਹੈ। ਮੇਅਰ ਨੇ ਮੁੱਢਲੀ ਜਾਂਚ ਦੇ ਹੁਕਮ ਦੇ ਦਿੱਤੇ ਹਨ ਅਤੇ ਐੱਸ. ਈ. ਨੂੰ ਨਿਰਦੇਸ਼ ਦਿੱਤੇ ਹਨ ਕਿ ਪੂਲ ਕਰਨ ਵਾਲੇ ਠੇਕੇਦਾਰਾਂ ਨੂੰ ਸ਼ੋਅਕਾਜ਼ ਨੋਟਿਸ ਜਾਰੀ ਕੀਤੇ ਜਾਣ। ਇਸੇ ਵਿਚਕਾਰ ਇਹ ਮਾਮਲਾ ਲੋਕਲ ਬਾਡੀਜ਼ ਮੰਤਰੀ ਦੇ ਨੋਟਿਸ ਵਿਚ ਵੀ ਆ ਚੁੱਕਾ ਹੈ। ਦੱਸਿਆ ਜਾ ਰਿਹਾ ਹੈ ਕਿ ਮੰਤਰੀ ਨੇ ਇਸ ਗੜਬੜੀ ਸਬੰਧੀ ਖ਼ਬਰ ਨੂੰ ਉਸ ਵ?ਹਟਸਐਪ ਗਰੁੱਪ ਵਿਚ ਸਾਂਝਾ ਕੀਤਾ ਹੈ, ਜਿਸ ਵਿਚ ਲੋਕਲ ਬਾਡੀਜ਼ ਵਿਭਾਗ ਦੇ ਸਕੱਤਰ, ਡਾਇਰੈਕਟਰ, ਪੰਜਾਬ ਦੀਆਂ ਸਾਰੀਆਂ ਨਗਰ ਨਿਗਮਾਂ ਦੇ ਕਮਿਸ਼ਨਰ ਅਤੇ ਹੋਰ ਉੱਚ ਅਧਿਕਾਰੀ ਸ਼ਾਮਲ ਹਨ। ਮੰਨਿਆ ਜਾ ਰਿਹਾ ਹੈ ਕਿ ਮੰਤਰੀ ਦੇ ਨਿਰਦੇਸ਼ਾਂ 'ਤੇ ਚੰਡੀਗੜ੍ਹ ਸਥਿਤ ਲੋਕਲ ਬਾਡੀਜ਼ ਵਿਭਾਗ ਦੇ ਅਧਿਕਾਰੀ ਜਲੰਧਰ ਨਿਗਮ ਤੋਂ ਪੂਰੀ ਰਿਪੋਰਟ ਮੰਗ ਸਕਦੇ ਹਨ। ਇਹ ਵੀ ਸੰਭਵ ਹੈ ਕਿ ਇਹ ਮਾਮਲਾ ਚੀਫ ਵਿਜੀਲੈਂਸ ਅਫਸਰ (ਸੀ. ਵੀ. ਓ.) ਨੂੰ ਸੌਂਪਿਆ ਜਾਵੇ। ਨਗਰ ਨਿਗਮ ਦੇ ਬੀ. ਐਂਡ ਆਰ. ਵਿਭਾਗ ਵਿਚ ਸਾਹਮਣੇ ਆਇਆ ਇਹ ਕਥਿਤ ਘਪਲਾ ਜੇਕਰ ਨਿਰਪੱਖ ਜਾਂਚ ਦੇ ਘੇਰੇ ਵਿਚ ਆਇਆ ਤਾਂ ਇਸ ਦਾ ਪ੍ਰਭਾਵ ਪਹਿਲਾਂ ਦੇ ਬਿਲਡਿੰਗ ਵਿਭਾਗ ਘਪਲੇ ਵਰਗਾ ਹੋ ਸਕਦਾ ਹੈ। ਬਿਲਡਿੰਗ ਵਿਭਾਗ ਘਪਲੇ ਵਿਚ ਏ. ਟੀ. ਪੀ. ਸੁਖਦੇਵ ਵਸ਼ਿਸ਼ਟ, ਬਿਲਡਿੰਗ ਇੰਸਪੈਕਟਰ ਹਰਪ੍ਰੀਤ ਕੌਰ, 'ਆਪ' ਵਿਧਾਇਕ ਰਮਨ ਅਰੋੜਾ ਅਤੇ ਉਨ੍ਹਾਂ ਦੇ ਕਈ ਸਹਿਯੋਗੀ ਫੜੇ ਗਏ ਸਨ। ਹੁਣ ਜਾਂਚ ਇਸ ਗੱਲ 'ਤੇ ਵੀ ਕੇਂਦਰਿਤ ਹੋ ਸਕਦੀ ਹੈ ਕਿ ਟੈਂਡਰ ਪੂਲ ਜ਼ਰੀਏ ਠੇਕੇਦਾਰਾਂ ਨੂੰ ਮਿਲਣ ਵਾਲਾ ਲਾਭ ਕਿਨ੍ਹਾਂ-ਕਿਨ੍ਹਾਂ ਵਿਚ ਵੰਡਿਆ ਜਾਣਾ ਸੀ ਅਤੇ ਮੌਕੇ 'ਤੇ ਮੌਜੂਦ ਨਿਗਮ ਅਧਿਕਾਰੀ ਕਿਸ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ। ਇਹ ਵੀ ਜਾਂਚ ਦਾ ਵਿਸ਼ਾ ਹੋ ਸਕਦਾ ਹੈ ਕਿ ਕੀ ਇਸ ਪੂਰੇ ਸਿਸਟਮ ਦੇ ਪਿੱਛੇ ਸਿਆਸੀ ਵਸੂਲੀ ਵਰਗੀ ਕੋਈ ਸੰਭਾਵਨਾ ਹੈ।